Watch
PUNJAB MAIL USA
TV Channel
On IP box, App, Website
For Advertisment
916-320-9444

A Voice of NRI's
ਸੈਕਰਾਮੈਂਟੋ ਤੋਂ ਪ੍ਰਕਾਸ਼ਤ ਹੋਣ ਵਾਲਾ ਪਹਿਲਾ ਪੰਜਾਬੀ ਅਖ਼ਬਾਰ
ਯੂ. ਐੱਸ. ਏ.
# ਪੰਜਾਬ ਮੇਲ
Chief Editor: Gurjatinder Singh Randhawa
Punjab Mail USA


FOR SALE & PURCHASE OF ANY KIND OF PROPERTY
ਕੈਲੀਫੋਰਨੀਆ ਵਿਚ ਘਰ ਖਰੀਦਣ ਲਈ ਸੰਪਰਕ ਕਰੋ।
RE/MAX
Gurjatinder S. Randhawa
REALTOR CA DRE licence # 01490567
916-320-9444

Vol. 19, Issue- 894, 19 to 25 Feb., 2026, Ph: 916-320-9444, E-mail: punjabmailusa@yahoo.com, Web: punjabmailusa.com

## ਅਮਰੀਕਾ 'ਚ ਹਜ਼ਾਰਾਂ ਫਲਾਈਟਾਂ ਹੋ ਰਹੀਆਂ ਨੇ ਪ੍ਰਭਾਵਿਤ

**ਵਾਸ਼ਿੰਗਟਨ ਡੀ.ਸੀ., (ਪੰਜਾਬ ਮੇਲ)**- ਅਮਰੀਕਾ ਦੇ ਹੋਮਲੈਂਡ ਸਕਿਓਰਿਟੀ ਵਿਭਾਗ ਦੇ ਫੰਡਾਂ ਨੂੰ ਰੋਕ ਦਿੱਤਾ ਗਿਆ ਹੈ, ਜਿਸ ਕਰਕੇ ਅਮਰੀਕਾ ਭਰ ਵਿਚ ਹਵਾਈ ਯਾਤਰਾ ਪ੍ਰਭਾਵਿਤ ਹੋਈ ਹੈ। ਡਿਪਾਰਟਮੈਂਟ ਆਫ ਹੋਮਲੈਂਡ ਸਕਿਓਰਿਟੀ ਦੇ ਅਧੀਨ ਆਉਂਦੀ ਟਰਾਂਸਪੋਰਟ ਸਕਿਓਰਿਟੀ ਏਜੰਸੀ (TSA) ਦੇ ਕਰਮਚਾਰੀ ਪਿਛਲੇ ਕੁੱਝ ਦਿਨਾਂ ਤੋਂ ਬਿਨਾਂ ਤਨਖਾਹ ਦੇ ਕੰਮ ਕਰ ਰਹੇ ਹਨ।



ਇਸ ਤੋਂ ਪਹਿਲਾਂ ਵੀ ਸਤੰਬਰ 2025 ਵਿਚ 43 ਦਿਨਾਂ ਦਾ ਸ਼ੱਟਡਾਊਨ ਹੋਇਆ ਸੀ, ਜਿਸ ਕਰਕੇ TSA ਵਿਭਾਗ ਨੂੰ ਭਾਰੀ ਮੁਸ਼ਕਿਲਾਂ ਦਾ ਸਾਹਮਣਾ ਕਰਨਾ ਪਿਆ ਸੀ। ਇਸ ਕਾਰਨ ਦੇਸ਼ ਭਰ ਵਿਚ ਹਵਾਈ ਯਾਤਰਾ 'ਚ ਦੇਰੀ ਹੋਈ ਸੀ।

ਅਚਾਨਕ ਦੂਜੀ ਵਾਰੀ ਸ਼ੱਟਡਾਊਨ ਹੋਣ ਕਾਰਨ ਅਤੇ ਤਨਖਾਹਾਂ ਬੰਦ ਹੋਣ ਕਾਰਨ TSA ਅਧਿਕਾਰੀਆਂ ਅਤੇ ਉਨ੍ਹਾਂ ਦੇ ਪਰਿਵਾਰਾਂ ਨੂੰ ਭਾਰੀ ਦਿੱਕਤਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ।

ਹੁਣ ਤੱਕ 6 ਹਜ਼ਾਰ ਤੋਂ ਵੱਧ ਯੂ.ਐੱਸ. ਉਡਾਣਾਂ 'ਚ ਦੇਰੀ ਹੋ ਚੁੱਕੀ ਹੈ ਅਤੇ ਸੈਂਕੜੇ ਉਡਾਣਾਂ ਰੱਦ ਕਰ ਦਿੱਤੀਆਂ ਗਈਆਂ ਹਨ, ਜਿਸ ਕਰਕੇ ਹਵਾਈ ਯਾਤਰੀਆਂ ਨੂੰ ਵੱਡੀਆਂ ਮੁਸ਼ਕਿਲਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ।

ਸ਼ੱਟਡਾਊਨ ਕਾਰਨ ਏਅਰਪੋਰਟਾਂ 'ਤੇ ਭਾਰੀ ਭੀੜ ਪੈਦਾ ਹੋ ਸਕਦੀ ਹੈ, ਜਿਸ ਕਰਕੇ ਉਡਾਣਾਂ 'ਚ ਦੇਰੀ ਹੋ ਸਕਦੀ ਹੈ।

ਇੱਕ ਅੰਦਾਜ਼ੇ ਮੁਤਾਬਕ 8 ਮਿਲੀਅਨ ਦੇ ਕਰੀਬ ਯਾਤਰੀਆਂ ਨੂੰ ਹੁਣ ਤੱਕ ਯਾਤਰਾ ਵਿਚ ਵਿਘਨ ਦਾ ਸਾਹਮਣਾ ਕਰਨਾ ਪੈ ਚੁੱਕਾ ਹੈ।

ਫੰਡਿੰਗ ਵਿਚ ਅਨਿਸ਼ਚਿਤਤਾ ਕਾਰਨ ਪੂਰੇ ਹਵਾਈ ਯਾਤਰਾ ਪ੍ਰਣਾਲੀ ਨੂੰ ਸਥਾਈ ਨੁਕਸਾਨ ਹੋਇਆ ਹੈ। ਖਾਸ ਕਰਕੇ ਏਅਰਲਾਈਨਾਂ, ਹੋਟਲਾਂ, ਟੈਕਸੀ ਕਾਰੋਬਾਰ ਅਤੇ ਹਜ਼ਾਰਾਂ ਛੋਟੇ ਕਾਰੋਬਾਰ ਵੀ ਇਸ ਨਾਲ ਪ੍ਰਭਾਵਿਤ ਹੋਏ ਹਨ।

ਇਸ ਸ਼ੱਟਡਾਊਨ ਕਾਰਨ ਬਹੁਤ ਸਾਰੇ ਅਧਿਕਾਰੀਆਂ ਵੱਲੋਂ ਜਾਂ ਤਾਂ ਫਰਲੋ ਲੈਣ ਦੀ ਉਮੀਦ ਹੈ ਅਤੇ ਜਾਂ ਫਿਰ ਉਹ ਆਪਣੀ ਨੌਕਰੀ ਵੀ ਛੱਡ ਸਕਦੇ ਹਨ। ਇੱਥੇ ਇਹ ਦੱਸਣਯੋਗ ਹੈ ਕਿ ਯਾਤਰੀ ਹਵਾਈ ਸਫਰ ਕਰਨ ਦੇ ਮਿੱਥੇ ਸਮੇਂ ਤੋਂ ਲੰਮਾ ਸਮਾਂ ਪਹਿਲਾਂ ਆਪਣੇ ਏਅਰਪੋਰਟ 'ਤੇ ਪਹੁੰਚਣ, ਤਾਂ ਜੋ ਇਸ ਸ਼ੱਟਡਾਊਨ ਕਾਰਨ ਉਨ੍ਹਾਂ ਦੀਆਂ ਫਲਾਈਟਾਂ ਛੁੱਟ ਨਾ ਜਾਣ।

## ਅਮਰੀਕਾ ਵੱਲੋਂ ਨਵੇਂ ਡਿਪੋਰਟੇਸ਼ਨ ਸੈਂਟਰ ਬਣਾਉਣ ਦੀ ਤਿਆਰੀ

**ਵਾਸ਼ਿੰਗਟਨ ਡੀ.ਸੀ., (ਪੰਜਾਬ ਮੇਲ)**- ਅਮਰੀਕਾ ਵੱਡੀ ਗਿਣਤੀ ਵਿਚ ਨਵੇਂ ਨਜ਼ਰਬੰਦੀ ਕੇਂਦਰ (ਡਿਪੋਰਟੇਸ਼ਨ ਸੈਂਟਰ) ਬਣਾਉਣ ਦੀ ਤਿਆਰੀ ਕਰ ਰਿਹਾ ਹੈ। ਇਸਦਾ ਉਦੇਸ਼ ਅਮਰੀਕਾ ਵਿਚ ਰਹਿ ਰਹੇ ਵਿਅਕਤੀਆਂ ਨੂੰ ਬਿਨਾਂ ਸਹੀ ਦਸਤਾਵੇਜ਼ਾਂ ਦੇ ਹਿਰਾਸਤ ਵਿਚ ਰੱਖਣਾ ਹੈ। ਇਨ੍ਹਾਂ ਵਿਅਕਤੀਆਂ ਨੂੰ ਪਹਿਲਾਂ ਹਿਰਾਸਤ ਵਿਚ ਲਿਆ ਜਾਵੇਗਾ, ਫਿਰ ਉਨ੍ਹਾਂ ਦੀ ਕਾਨੂੰਨੀ ਪ੍ਰਕਿਰਿਆ ਪੂਰੀ ਕੀਤੀ ਜਾਵੇਗੀ ਅਤੇ ਉਨ੍ਹਾਂ ਨੂੰ ਉਨ੍ਹਾਂ ਦੇ ਘਰੇਲੂ ਦੇਸ਼ਾਂ ਵਿਚ ਭੇਜ ਦਿੱਤਾ ਜਾਵੇਗਾ। ਨਿਊ ਹੈਂਪਸ਼ਾਇਰ ਦੇ ਗਵਰਨਰ ਕੈਲੀ ਅਯੋਟੇ ਦੇ ਦਫ਼ਤਰ ਦੀ ਇੱਕ ਯੋਜਨਾ ਅਨੁਸਾਰ, ਯੂ.ਐੱਸ. ਇਮੀਗ੍ਰੇਸ਼ਨ ਐਂਡ ਕਸਟਮਜ਼ ਇਨਫੋਰਸਮੈਂਟ (ICE) ਇਸ ਸਾਲ ਦੇ ਅੰਤ ਤੱਕ ਹਜ਼ਾਰਾਂ ਪ੍ਰਵਾਸੀਆਂ ਨੂੰ ਹਿਰਾਸਤ ਵਿਚ ਰੱਖਣ ਅਤੇ ਉਨ੍ਹਾਂ ਦੀ ਪ੍ਰਕਿਰਿਆ ਕਰਨ ਲਈ 38.3 ਬਿਲੀਅਨ ਡਾਲਰ ਖਰਚ ਕਰਨ ਦੀ ਤਿਆਰੀ ਕਰ ਰਿਹਾ ਹੈ। ਫਿਰ ਇਨ੍ਹਾਂ ਵਿਅਕਤੀਆਂ ਨੂੰ ਦੇਸ਼ ਨਿਕਾਲਾ ਦਿੱਤਾ ਜਾਵੇਗਾ।

ਯੋਜਨਾ ਅਨੁਸਾਰ, ICE 16 ਇਮਾਰਤਾਂ ਖਰੀਦੇਗਾ, ਉਨ੍ਹਾਂ ਦਾ ਨਵੀਨੀਕਰਨ ਕਰੇਗਾ ਅਤੇ ਉਨ੍ਹਾਂ ਨੂੰ "ਖੇਤਰੀ ਪ੍ਰੋਸੈਸਿੰਗ ਕੇਂਦਰਾਂ" ਵਿਚ ਬਦਲ ਦੇਵੇਗਾ। ਇਨ੍ਹਾਂ ਕੇਂਦਰਾਂ ਵਿਚ ਔਸਤਨ 3 ਤੋਂ 7 ਦਿਨਾਂ ਲਈ 1,000 ਤੋਂ 1,500 ਲੋਕਾਂ ਨੂੰ ਰੱਖਿਆ ਜਾਵੇਗਾ। ਇਸ ਤੋਂ ਇਲਾਵਾ, 8 ਵੱਡੇ ਨਜ਼ਰਬੰਦੀ ਕੇਂਦਰ ਬਣਾਏ ਜਾਣਗੇ, ਜੋ ਲਗਭਗ 60 ਦਿਨਾਂ ਲਈ 7,000 ਤੋਂ 10,000 ਲੋਕਾਂ ਨੂੰ ਰੱਖਣ ਦੇ ਸਮਰੱਥ ਹੋਣਗੇ। ਇਹ ਵੱਡੇ ਕੇਂਦਰ ਦੇਸ਼ ਨਿਕਾਲੇ ਦਾ ਸਾਹਮਣਾ ਕਰ ਰਹੇ ਪ੍ਰਵਾਸੀਆਂ ਲਈ ਮੁੱਖ ਸਥਾਨ

**■ ਗੈਰ ਕਾਨੂੰਨੀ ਤੌਰ 'ਤੇ ਅਮਰੀਕਾ 'ਚ ਰਹਿ ਰਹੇ ਵਿਅਕਤੀਆਂ ਨੂੰ ਨਜ਼ਰਬੰਦੀ ਕੇਂਦਰ 'ਚ ਰੱਖਿਆ ਜਾਵੇਗਾ ਹਿਰਾਸਤ 'ਚ; ਫਿਰ ਕੀਤਾ ਜਾਵੇਗਾ ਡਿਪੋਰਟ**



ਹੋਣਗੇ। ICE 10 ਹੋਰ ਪਹਿਲਾਂ ਤੋਂ ਮੌਜੂਦ ਸਹੂਲਤਾਂ ਨੂੰ ਵੀ ਆਪਣੇ ਕਬਜ਼ੇ ਵਿਚ ਲੈ ਲਵੇਗਾ, ਜਿੱਥੇ ਏਜੰਸੀ ਪਹਿਲਾਂ ਤੋਂ ਕੰਮ ਕਰ ਰਹੀ ਹੈ।

ਯੋਜਨਾ ਵਿਚ ਕਿਹਾ ਗਿਆ ਹੈ ਕਿ ICE 2026 ਤੱਕ 12,000 ਨਵੇਂ ਏਜੰਟਾਂ ਨੂੰ ਨਿਯੁਕਤ ਕਰੇਗਾ। ਇਸ ਸਮੇਂ ਤੋਂ ਬਾਅਦ ਗ੍ਰਿਫਤਾਰੀਆਂ ਵਧਣ ਦੀ ਉਮੀਦ ਹੈ, ਜਿਸ ਨਾਲ ਹੋਰ ਨਜ਼ਰਬੰਦੀ ਕੇਂਦਰਾਂ ਦੀ ਜ਼ਰੂਰਤ ਪਵੇਗੀ। ਦਸਤਾਵੇਜ਼ ਦੇ ਅਨੁਸਾਰ, ਇਹ ਨਵਾਂ ਮਾਡਲ ICE ਨੂੰ ਇਕਰਾਰਨਾਮੇ ਵਾਲੇ ਕੇਂਦਰਾਂ ਦੀ ਗਿਣਤੀ ਘਟਾਉਣ, ਕੁੱਲ ਬਿਸਤਰੇ ਦੀ ਸਮਰੱਥਾ ਵਧਾਉਣ, ਨਜ਼ਰਬੰਦੀ ਪ੍ਰਬੰਧਨ ਵਿਚ ਸੁਧਾਰ ਕਰਨ ਅਤੇ ਦੇਸ਼ ਨਿਕਾਲੇ ਦੀ ਪ੍ਰਕਿਰਿਆ ਨੂੰ ਸੁਚਾਰੂ ਬਣਾਉਣ ਵਿਚ ਮਦਦ ਕਰੇਗਾ।

ICE ਠੇਕੇਦਾਰਾਂ ਦੀ ਮਦਦ ਨਾਲ ਇਮਾਰਤਾਂ ਦਾ ਨਵੀਨੀਕਰਨ ਕਰੇਗਾ। ਇਨ੍ਹਾਂ ਕੇਂਦਰਾਂ 'ਚ ਨਜ਼ਰਬੰਦੀ ਸੈੱਲ, ਮੈਡੀਕਲ ਅਤੇ ਦੰਦਾਂ ਦੀਆਂ ਸੇਵਾਵਾਂ, ਕੈਂਟੀਨ, ਲਾਬੀਆਂ ਅਤੇ ਮਨੋਰੰਜਨ ਖੇਤਰ, ਡਾਰਮਿਟੋਰੀਅਮ ਅਤੇ ਕਚਹਿਰੀਆਂ ਵਰਗੀਆਂ ਸਹੂਲਤਾਂ ਸ਼ਾਮਲ ਹੋਣਗੀਆਂ।

■ ਬਾਕੀ ਖਬਰ ਸਫਾ 21 'ਤੇ

## ਗੈਰ ਨਾਗਰਿਕਾਂ ਲਈ ਕਮਰਸ਼ੀਅਲ ਡਰਾਈਵਿੰਗ ਲਾਇਸੰਸ ਦੀ ਯੋਗਤਾ ਹੋਈ ਸਖਤ

**ਵਾਸ਼ਿੰਗਟਨ, (ਪੰਜਾਬ ਮੇਲ)**- ਅਮਰੀਕੀ ਆਵਾਜਾਈ ਵਿਭਾਗ ਨੇ 11 ਫਰਵਰੀ ਨੂੰ ਇੱਕ ਨਿਯਮ ਨੂੰ ਅੰਤਿਮ ਰੂਪ ਦਿੱਤਾ, ਜੋ ਗੈਰ-ਨਾਗਰਿਕਾਂ ਲਈ ਵਪਾਰਕ ਡਰਾਈਵਿੰਗ ਲਾਇਸੈਂਸ ਪ੍ਰਾਪਤ ਕਰਨ ਜਾਂ ਨਵਿਆਉਣ ਦੀ ਯੋਗਤਾ ਨੂੰ ਸਖ਼ਤ ਕਰਦਾ ਹੈ। ਇਸ ਨਾਲ ਪ੍ਰਵਾਸੀਆਂ ਅਤੇ ਟਰੱਕਿੰਗ ਅਤੇ ਆਵਾਜਾਈ ਦੇ ਕੰਮਾਂ 'ਤੇ ਨਿਰਭਰ ਪ੍ਰਵਾਸੀ ਭਾਈਚਾਰਿਆਂ ਵਿਚ ਨਵੀਆਂ ਚਿੰਤਾਵਾਂ ਪੈਦਾ ਹੋ ਗਈਆਂ ਹਨ।

ਫੈਡਰਲ ਮੋਟਰ ਕੈਰੀਅਰ ਸੇਫਟੀ ਐਡਮਿਨਿਸਟ੍ਰੇਸ਼ਨ (ਐੱਫ. ਐੱਮ. ਸੀ. ਐੱਸ. ਏ.) ਦੁਆਰਾ ਜਾਰੀ ਕੀਤੇ ਗਏ ਇੱਕ ਨਵੇਂ ਨਿਯਮ ਅਨੁਸਾਰ, ਵਪਾਰਕ ਡਰਾਈਵਰ ਲਾਇਸੈਂਸ ਸਿਰਫ ਰੁਜ਼ਗਾਰ-ਆਧਾਰਿਤ ਗੈਰ-ਪ੍ਰਵਾਸੀ ਵੀਜ਼ਾ ਧਾਰਕਾਂ ਦੇ ਇੱਕ ਸੀਮਤ ਸਮੂਹ ਨੂੰ ਜਾਰੀ ਕੀਤੇ ਜਾਣਗੇ ਅਤੇ ਯੋਗਤਾ ਦੇ ਸਬੂਤ ਵਜੋਂ ਰੁਜ਼ਗਾਰ ਅਧਿਕਾਰ ਦਸਤਾਵੇਜ਼ਾਂ ਦੀ ਵਰਤੋਂ ਨੂੰ ਖਤਮ ਕਰ ਦਿੱਤਾ ਗਿਆ ਹੈ।

FMCSA
Federal Motor Carrier Safety Administration

ਗੈਰ-ਨਿਵਾਸੀ ਵਪਾਰਕ ਡਰਾਈਵਿੰਗ ਲਾਇਸੈਂਸ ਸਿਰਫ਼ ਐੱਚ-2ਏ, ਐੱਚ-2ਬੀ ਜਾਂ ਈ-2 ਵੀਜ਼ਾ ਧਾਰਕਾਂ ਨੂੰ ਹੀ ਦਿੱਤੇ ਜਾਣਗੇ, ਜਿਨ੍ਹਾਂ ਬਾਰੇ ਸੰਘੀ ਅਧਿਕਾਰੀਆਂ ਦਾ ਕਹਿਣਾ ਹੈ ਕਿ ਉਨ੍ਹਾਂ ਦੀ ਵਾਧੂ ਕੌਂਸਲਰ ਜਾਂਚ ਅਤੇ ਅੰਤਰ-ਏਜੰਸੀ ਜਾਂਚ ਕੀਤੀ ਜਾਵੇਗੀ। ਰਾਜਾਂ ਨੂੰ ਹਰੇਕ ਬਿਨੈਕਾਰ ਦੀ ਕਾਨੂੰਨੀ ਇਮੀਗ੍ਰੇਸ਼ਨ ਸਥਿਤੀ ਦੀ ਪੁਸ਼ਟੀ ਸੰਘੀ ਸਿਸਟਮੈਟਿਕ ਏਲੀਅਨ ਵੈਰੀਫਿਕੇਸ਼ਨ ਡੇਟਾਬੇਸ ਰਾਹੀਂ ਕਰਨੀ ਚਾਹੀਦੀ ਹੈ ਅਤੇ ਉਹ ਹੁਣ ਰੁਜ਼ਗਾਰ ਅਧਿਕਾਰ ਦਸਤਾਵੇਜ਼ਾਂ ਨੂੰ ਸਵੀਕਾਰ ਨਹੀਂ ਕਰ ਸਕਦੇ, ਇਨ੍ਹਾਂ ਵਿਚ ਆਵਾਜਾਈ-ਸੁਰੱਖਿਆ ਜਾਂਚ ਸ਼ਾਮਲ ਨਹੀਂ ਹੈ। ■ ਬਾਕੀ ਖਬਰ ਸਫਾ 21 'ਤੇ

## ਮੁੱਖ ਮੰਤਰੀ ਮਾਨ ਦਾ ਹਸਪਤਾਲ ਦਾਖਲ ਹੋਣਾ ਇੱਕ ਬੁਝਾਰਤ!

**ਚੰਡੀਗੜ੍ਹ, (ਪੰਜਾਬ ਮੇਲ)**- ਪੰਜਾਬ ਦੇ ਮੁੱਖ ਮੰਤਰੀ ਸ. ਭਗਵੰਤ ਮਾਨ ਫੋਰਟਿਸ ਹਸਪਤਾਲ, ਮੋਹਾਲੀ ਵਿਚ ਜ਼ੇਰੇ-ਇਲਾਜ ਹਨ। ਕਿਹਾ ਜਾ ਰਿਹਾ ਹੈ ਕਿ ਉਨ੍ਹਾਂ ਨੂੰ ਸਾਹ ਲੈਣ ਵਿਚ ਦਿੱਕਤ ਹੋਣ ਕਾਰਨ ਦੁਬਾਰਾ ਹਸਪਤਾਲ ਦਾਖਲ ਕਰਵਾਇਆ ਗਿਆ ਸੀ।

ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਨੂੰ ਮੰਗਲਵਾਰ ਫੋਰਟਿਸ ਹਸਪਤਾਲ ਮੋਹਾਲੀ ਵਿਚ ਲਿਆਂਦਾ ਗਿਆ ਸੀ। ਹੁਣ ਉਨ੍ਹਾਂ ਨੇ ਦੱਸਿਆ ਹੈ ਕਿ ਉਨ੍ਹਾਂ ਨੇ ਰੁਟੀਨ ਡਾਕਟਰੀ ਜਾਂਚ ਕਰਵਾਈ ਹੈ। ਡਾਕਟਰਾਂ ਨੇ ਉਨ੍ਹਾਂ ਦੇ ਸਾਰੇ ਜ਼ਰੂਰੀ ਟੈਸਟ ਕੀਤੇ ਹਨ, ਜਿਨ੍ਹਾਂ ਦੀ ਰਿਪੋਰਟ ਬਿਲਕੁਲ ਸਹੀ ਆਈ ਹੈ ਅਤੇ ਚਿੰਤਾ ਵਾਲੀ ਕੋਈ ਗੱਲ ਨਹੀਂ ਹੈ। ਹਾਲਾਂਕਿ, ਲਗਾਤਾਰ ਕੰਮ ਦੇ ਬੋਝ ਕਾਰਨ ਉਹ ਕਾਫੀ ਥਕਾਵਟ ਮਹਿਸੂਸ ਕਰ ਰਹੇ ਹਨ। ਇਸੇ ਕਰਕੇ ਡਾਕਟਰਾਂ ਨੇ ਉਨ੍ਹਾਂ ਨੂੰ ਆਰਾਮ ਕਰਨ ਦੀ ਸਲਾਹ ਦਿੱਤੀ ਹੈ ਅਤੇ ਦੇਖਭਾਲ ਲਈ ਹਸਪਤਾਲ ਵਿਚ ਹੀ ਰੱਖਿਆ ਹੈ।



ਫਿਲਹਾਲ ਉਨ੍ਹਾਂ ਦੀ ਹਾਲਤ ਬਿਲਕੁਲ ਠੀਕ ਹੈ ਅਤੇ ਡਾਕਟਰਾਂ ਦੀ ਇੱਕ ਟੀਮ ਉਨ੍ਹਾਂ ਦੀ ਨਿਗਰਾਨੀ ਕਰ ਰਹੀ ਹੈ। ਇਸ ਤੋਂ ਪਹਿਲਾਂ ਬੀਤੇ ਦਿਨੀਂ ਮੋਗਾ ਵਿਚ ਰੈਲੀ ਸੀ। ਫੋਰਟਿਸ ਹਸਪਤਾਲ ਤੋਂ ਤੰਦਰੁਸਤ ਹੋਣ ਕਾਰਨ ਛੁੱਟੀ ਮਿਲਣ ਉਪਰੰਤ ਉਹ ਰੈਲੀ 'ਚ ਸ਼ਾਮਲ ਹੋਣ ਲਈ ਪਹੁੰਚੇ ਸਨ। ਰੈਲੀ ਤੋਂ ਪਰਤਣ ਉਪਰੰਤ ਦੇਰ ਰਾਤ ਇੱਕ ਵਾਰ ਫਿਰ ਫੋਰਟਿਸ ਹਸਪਤਾਲ ਆ ਗਏ।

■ ਬਾਕੀ ਖਬਰ ਸਫਾ 21 'ਤੇ

## ਕੇਂਦਰੀ ਗ੍ਰਹਿ ਮੰਤਰਾਲੇ ਵੱਲੋਂ ਮੁਅੱਤਲ ਡੀ.ਆਈ.ਜੀ. ਹਰਚਰਨ ਭੁੱਲਰ 'ਤੇ ਕੇਸ ਚਲਾਉਣ ਦੀ ਮਨਜ਼ੂਰੀ

**ਚੰਡੀਗੜ੍ਹ, (ਪੰਜਾਬ ਮੇਲ)**- ਕੇਂਦਰੀ ਗ੍ਰਹਿ ਮੰਤਰਾਲੇ ਨੇ ਭ੍ਰਿਸ਼ਟਾਚਾਰ ਦੇ ਗੰਭੀਰ ਦੋਸ਼ਾਂ ਦਾ ਸਾਹਮਣਾ ਕਰ ਰਹੇ ਪੰਜਾਬ ਪੁਲਿਸ ਦੇ ਮੁਅੱਤਲ ਡੀ.ਆਈ.ਜੀ. ਹਰਚਰਨ ਸਿੰਘ ਭੁੱਲਰ ਵਿਰੁੱਧ ਅਦਾਲਤੀ ਕਾਰਵਾਈ ਚਲਾਉਣ ਲਈ ਰਸਮੀ ਮਨਜ਼ੂਰੀ ਦੇ ਦਿੱਤੀ ਹੈ। ਮੰਤਰਾਲੇ ਦੇ ਇਸ ਫੈਸਲੇ ਨਾਲ ਹੁਣ ਭੁੱਲਰ ਵਿਰੁੱਧ ਭ੍ਰਿਸ਼ਟਾਚਾਰ ਰੋਕੂ ਕਾਨੂੰਨ ਤਹਿਤ ਕੇਸ ਚਲਾਉਣ ਦਾ ਰਾਹ ਪੂਰੀ ਤਰ੍ਹਾਂ ਸਾਫ਼ ਹੋ ਗਿਆ ਹੈ। ਇਸ ਤੋਂ ਇੱਕ ਦਿਨ ਪਹਿਲਾਂ ਸੋਮਵਾਰ ਨੂੰ ਪੰਜਾਬ ਅਤੇ ਹਰਿਆਣਾ ਹਾਈਕੋਰਟ ਨੇ ਇਸ ਅਧਿਕਾਰੀ ਦੀ ਨਿਯਮਤ ਜ਼ਮਾਨਤ ਦੀ ਅਰਜ਼ੀ ਨੂੰ ਵੀ ਖਾਰਜ ਕਰ ਦਿੱਤਾ ਸੀ, ਜਿਸ ਨਾਲ

**■ ਹਾਈ ਕੋਰਟ ਵੱਲੋਂ ਜ਼ਮਾਨਤ ਅਰਜ਼ੀ ਰੱਦ ਕੀਤੇ ਜਾਣ ਤੋਂ ਬਾਅਦ ਹੁਣ ਅਦਾਲਤ ਵਿਚ ਸ਼ੁਰੂ ਹੋਵੇਗਾ ਭ੍ਰਿਸ਼ਟਾਚਾਰ ਕੇਸ ਦਾ ਟਰਾਇਲ**



ਭੁੱਲਰ ਦੀਆਂ ਮੁਸ਼ਕਿਲਾਂ ਹੋਰ ਵੱਧ ਗਈਆਂ ਹਨ। ਗ੍ਰਹਿ ਮੰਤਰਾਲੇ ਵੱਲੋਂ 23 ਜਨਵਰੀ ਨੂੰ ਜਾਰੀ ਕੀਤੇ ਗਏ ਹੁਕਮਾਂ ਵਿਚ ਭਾਰਤ ਦੇ ਰਾਸ਼ਟਰਪਤੀ ਦੇ ਨਾਮ 'ਤੇ ਇਹ ਪ੍ਰਵਾਨਗੀ ਦਿੱਤੀ ਗਈ ਹੈ। ਇਹ ਮਨਜ਼ੂਰੀ ਭ੍ਰਿਸ਼ਟਾਚਾਰ ਰੋਕੂ ਕਾਨੂੰਨ 1988 ਦੀ ਧਾਰਾ 19(2) ਅਤੇ ਭਾਰਤੀ ਨਿਆ ਸੰਹਿਤਾ 2023 ਦੀਆਂ ਵੱਖ-ਵੱਖ ਧਾਰਾਵਾਂ ਤਹਿਤ ਦਿੱਤੀ ਗਈ ਹੈ। ਇਹ ਸਾਰੀ ਕਾਰਵਾਈ ਸੀ.ਬੀ.ਆਈ. ਦੀ ਐਂਟੀ-ਕਰਪਸ਼ਨ ਬ੍ਰਾਂਚ ਵੱਲੋਂ ਕੀਤੀ ਗਈ ਜਾਂਚ ਦੇ ਆਧਾਰ 'ਤੇ ਅਮਲ ਵਿਚ ਲਿਆਂਦੀ ਗਈ ਹੈ। 2009 ਬੈਚ ਦੇ ਪੰਜਾਬ ਕੈਡਰ ਦੇ ਇਸ ਆਈ.ਪੀ.ਐੱਸ. ਅਧਿਕਾਰੀ 'ਤੇ ਭ੍ਰਿਸ਼ਟਾਚਾਰ 'ਚ ਸ਼ਾਮਲ ਹੋਣ ਦੇ ਪੁਖ਼ਤਾ ਸਬੂਤ ਮਿਲੇ ਹਨ। ਕੇਂਦਰੀ ਗ੍ਰਹਿ ਮੰਤਰਾਲੇ ਨੇ ਇਸ ਮਾਮਲੇ ਦੇ ਸਾਰੇ ਦਸਤਾਵੇਜ਼ਾਂ ਅਤੇ ਰਿਕਾਰਡ ਦੀ ਜਾਂਚ ਕਰਨ ਤੋਂ ਬਾਅਦ ਫਾਈਲ ਕੇਂਦਰੀ ਵਿਜੀਲੈਂਸ ਕਮਿਸ਼ਨ (ਸੀ.ਵੀ.ਸੀ.) ਨੂੰ ਭੇਜੀ ਸੀ।

■ ਬਾਕੀ ਖਬਰ ਸਫਾ 21 'ਤੇ

## ਆਧਾਰ ਕਾਰਡ 'ਚ ਹੋਣਗੀਆਂ ਤਬਦੀਲੀਆਂ

**ਨਵੀਂ ਦਿੱਲੀ, (ਪੰਜਾਬ ਮੇਲ)**- ਸੁਰੱਖਿਆ ਅਤੇ ਗੋਪਨੀਯਤਾ ਨੂੰ ਹੋਰ ਮਜ਼ਬੂਤ ਕਰਨ ਲਈ ਭਾਰਤੀ ਵਿਲੱਖਣ ਪਛਾਣ ਅਥਾਰਿਟੀ (ਯੂ.ਆਈ.ਡੀ.ਏ.ਆਈ.) ਆਧਾਰ ਕਾਰਡ ਦੇ ਡਿਜ਼ਾਈਨ ਅਤੇ ਵਿਸ਼ੇਸ਼ਤਾਵਾਂ ਵਿਚ ਬਦਲਾਅ ਕਰ ਰਹੀ ਹੈ। ਨਵੇਂ ਆਧਾਰ ਕਾਰਡ ਵਿਚ ਸੁਰੱਖਿਆ ਵਿਸ਼ੇਸ਼ਤਾਵਾਂ ਜੋੜੀਆਂ ਜਾਣਗੀਆਂ, ਜਿਸ ਨਾਲ ਇਸ ਨਾਲ ਜਾਅਲਸਾਜ਼ੀ ਜਾਂ ਛੇੜਛਾੜ ਕਰਨਾ ਲਗਭਗ ਅਸੰਭਵ ਹੋ ਜਾਵੇਗਾ। ਸਭ ਤੋਂ ਮਹੱਤਵਪੂਰਨ ਜਾਣਕਾਰੀ ਦੇ ਦੋ ਮਹੱਤਵਪੂਰਨ ਟੁਕੜੇ ਹੁਣ ਨਵੇਂ ਕਾਰਡ 'ਤੇ ਸਪੱਸ਼ਟ ਤੌਰ 'ਤੇ ਦਿਖਾਈ ਨਹੀਂ ਦੇਣਗੇ।

ਮੀਡੀਆ ਰਿਪੋਰਟਾਂ ਅਤੇ ਯੂ.ਆਈ.ਡੀ.ਏ.ਆਈ. ਦੇ ਨਵੇਂ ਸੁਰੱਖਿਆ ਪ੍ਰੋਟੋਕੋਲ ਅਨੁਸਾਰ, ਨਵੇਂ




"ਮਾਸਕਡ ਅਤੇ ਸੁਰੱਖਿਅਤ" ਆਧਾਰ ਕਾਰਡ ਵਿਚ ਇਹ ਦੋ ਵੱਡੇ ਬਦਲਾਅ ਹੋ ਸਕਦੇ ਹਨ:

### ਪੂਰਾ ਆਧਾਰ ਨੰਬਰ ਹੁਣ ਦਿਖਾਈ ਨਹੀਂ ਦੇਵੇਗਾ।

ਤੁਹਾਡਾ ਪੂਰਾ 12-ਅੰਕਾਂ ਵਾਲਾ ਆਧਾਰ ਨੰਬਰ ਹੁਣ ਕਾਰਡ 'ਤੇ ਦਿਖਾਈ ਨਹੀਂ ਦੇਵੇਗਾ। ਸਿਰਫ਼ ਆਖਰੀ ਚਾਰ ਅੰਕ ਦਿਖਾਈ ਦੇਣਗੇ। ਪਹਿਲੇ ਅੱਠ ਅੰਕ 'XXXX-XXXX' ਵਜੋਂ ਲੁਕਾਏ ਜਾਣਗੇ। ਇਸ ਨੂੰ "ਮਾਸਕਡ ਆਧਾਰ" ਸਿਸਟਮ ਕਿਹਾ ਜਾਂਦਾ ਹੈ, ਜੋ ਕਿ ਇਸ ਸਮੇਂ ਆਨਲਾਈਨ ਡਾਊਨਲੋਡ ਕਰਨ ਲਈ ਉਪਲਬਧ ਹੈ। ਇਸ ਨੂੰ ਹੁਣ ਭੌਤਿਕ ਕਾਰਡ 'ਤੇ ਵੀ ਲਾਜ਼ਮੀ ਬਣਾਇਆ ਜਾ ਸਕਦਾ ਹੈ।

### ਕਾਰਡ ਤੋਂ ਹਟਾਇਆ ਜਾ ਸਕਦਾ ਹੈ ਪਿਤਾ ਜਾਂ ਪਤੀ ਦਾ ਨਾਮ

ਗੋਪਨੀਯਤਾ ਦੇ ਕਾਰਨਾਂ ਕਰਕੇ ਪਿਤਾ ਜਾਂ ਪਤੀ ਦਾ ਨਾਮ ਕਾਰਡ ਤੋਂ ਹਟਾਇਆ ਜਾ ਸਕਦਾ ਹੈ। ਪਹਿਲਾਂ, ਕਾਰਡ ਵਿਚ "ਪਿਤਾ ਦਾ ਨਾਮ" ਜਾਂ "ਪਤੀ ਦਾ ਨਾਮ" ਲਈ ਇੱਕ ਕਾਲਮ ਹੁੰਦਾ ਸੀ। ਹੁਣ, ਇਸ ਨੂੰ ਸਿਰਫ਼ ਪਤੇ ਨਾਲ ਬਦਲਿਆ ਜਾਵੇਗਾ। ਜੇਕਰ ਜ਼ਰੂਰੀ ਹੋਵੇ ਤਾਂ ਜਾਣਕਾਰੀ "C/O" (ਕੇਅਰ ਆਫ) ਵਜੋਂ ਪ੍ਰਦਾਨ ਕੀਤੀ ਜਾਵੇਗੀ।

■ ਬਾਕੀ ਖਬਰ ਸਫਾ 21 'ਤੇ

# ਸਰਬੱਤ ਦਾ ਭਲਾ ਚੈਰੀਟੇਬਲ ਟਰੱਸਟ ਵੱਲੋਂ ਸਵੈਂ ਰੋਜ਼ਗਾਰ ਸਕੀਮ ਤਹਿਤ ਦਿੱਤੀਆਂ ਸਿਲਾਈ ਮਸ਼ੀਨਾਂ



**ਸ੍ਰੀ ਮੁਕਤਸਰ ਸਾਹਿਬ, (ਪੰਜਾਬ ਮੇਲ)**- ਡਾਕਟਰ ਐੱਸ.ਪੀ. ਸਿੰਘ ਓਬਰਾਏ ਵਲੋਂ ਮਾਨਵਤਾ ਦੀ ਭਲਾਈ ਲਈ ਕੀਤੇ ਜਾ ਰਹੇ ਕਾਰਜਾਂ ਦੀ ਲੜੀ ਤਹਿਤ ਪਿੰਡਾਂ ਅਤੇ ਸ਼ਹਿਰਾਂ ਵਿਚ ਨੌਜਵਾਨ ਲੜਕੇ ਲੜਕੀਆਂ ਨੂੰ ਆਤਮ ਨਿਰਭਰ ਬਣਾਉਣ ਲਈ ਸੰਨੀ ਓਬਰਾਏ ਸਵੈਂ ਰੋਜ਼ਗਾਰ ਸਕੀਮ ਤਹਿਤ ਮੁਫਤ ਸਿਖਲਾਈ ਸੈਂਟਰ (ਸਿਲਾਈ, ਬਿਊਟੀ ਪਾਰਲਰ, ਕੰਪਿਊਟਰ) ਖੋਲ੍ਹ ਕੇ ਆਤਮ ਨਿਰਭਰ ਬਣਾਇਆ ਜਾ ਰਿਹਾ ਹੈ, ਤਾਂ ਜੋ ਇਹ ਤਕਨੀਕੀ ਸਿੱਖਿਆ ਲੈਣ ਤੋਂ ਬਾਅਦ ਆਪਣਾ ਰੋਜ਼ਗਾਰ ਸ਼ੁਰੂ ਕਰ ਸਕਣ।

ਅਰਵਿੰਦਰ ਪਾਲ ਸਿੰਘ ਚਾਹਲ ਬੂੜਾ ਗੁੱਜਰ ਜ਼ਿਲ੍ਹਾ ਪ੍ਰਧਾਨ ਸ੍ਰੀ ਮੁਕਤਸਰ ਸਾਹਿਬ ਨੇ ਦੱਸਿਆ ਕਿ ਪਿਛਲੇ ਦਿਨੀਂ ਸਿਲਾਈ ਸੈਂਟਰ ਪੂਰਾ ਹੋਣ ਉਪਰੰਤ ਕਈ ਲੋੜਵੰਦ ਵਿਧਵਾਵਾਂ ਵੱਲੋਂ ਆਪਣਾ ਰੋਜ਼ਗਾਰ ਸ਼ੁਰੂ ਕਰਨ ਲਈ ਸਿਲਾਈ ਮਸ਼ੀਨਾਂ ਦੀ ਮੰਗ ਕੀਤੀ ਗਈ ਸੀ, ਤਾਂ ਡਾ. ਓਬਰਾਏ ਵਲੋਂ ਮੈਡਮ ਇੰਦਰਜੀਤ ਕੌਰ ਡਾਇਰੈਕਟਰ ਐਜੂਕੇਸ਼ਨ ਸਰਬੱਤ ਦਾ ਭਲਾ ਚੈਰੀਟੇਬਲ ਟਰੱਸਟ ਰਾਹੀਂ ਇਸ ਦੀ ਪ੍ਰਵਾਨਗੀ ਦਿੱਤੀ ਗਈ। ਮਸ਼ੀਨ ਲੈਣ ਉਪਰੰਤ ਲੋੜਵੰਦ ਵੱਲੋਂ ਡਾ. ਓਬਰਾਏ ਦਾ ਧੰਨਵਾਦ ਕੀਤਾ ਗਿਆ ਅਤੇ ਕਿਹਾ ਕਿ ਅਸੀਂ ਇਸ ਉਪਰਾਲੇ ਨਾਲ ਅਪਨਾ ਪਾਲਣ-ਪੋਸ਼ਣ ਵਧੀਆ ਢੰਗ ਨਾਲ ਕਰਨ ਦੇ ਸਮਰੱਥ ਹੋ ਗਏ ਹਾਂ। ਇਸ ਮੌਕੇ ਗੁਰਬਿੰਦਰ ਸਿੰਘ ਬਰਾੜ ਇੰਚਾਰਜ ਸਾਊਥ ਵੈਸਟ ਪੰਜਾਬ, ਰਣਧੀਰ ਸਿੰਘ ਸਾਗੂ ਮੀਡੀਆ ਇੰਚਾਰਜ, ਗੁਰਪਾਲ ਸਿੰਘ ਪਾਲੀ, ਮਲਕੀਤ ਸਿੰਘ ਰਿਟਾ. ਬੈਂਕ ਮੈਨੇਜਰ ਮੀਤ ਪ੍ਰਧਾਨ, ਬਲਵਿੰਦਰ ਸਿੰਘ ਬਰਾੜ ਰਿਟਾ. ਪ੍ਰਿੰਸੀਪਲ, ਅਸ਼ੋਕ ਕੁਮਾਰ, ਬਲਜੀਤ ਸਿੰਘ ਮਾਨ ਰਿਟਾ. ਪ੍ਰਿੰਸੀਪਲ, ਸੋਮ ਨਾਥ, ਸੁਖਬੀਰ ਸਿੰਘ ਜੈਲਦਾਰ, ਹਰਭਗਵਾਨ ਸਿੰਘ ਖੱਪਿਆਂਵਾਲ਼ੀ, ਸੁਖਦਰਸ਼ਨ ਸਿੰਘ ਬੇਦੀ ਰਿਟਾ. ਜ਼ਿਲ੍ਹਾ ਉੱਪ ਸਿੱਖਿਆ ਅਫ਼ਸਰ, ਜਤਿੰਦਰ ਸਿੰਘ ਕੈਂਥ ਆਦਿ ਹਾਜ਼ਰ ਸਨ।



*ਡਾ. ਐੱਸ.ਪੀ. ਸਿੰਘ ਓਬਰਾਏ।*

## ਕਾਂਗਰਸੀ ਵਿਧਾਇਕ ਵੱਲੋਂ 'ਆਪ' ਦੀ ਸਿਆਸੀ ਰੈਲੀ 'ਚ ਡੀ.ਜੀ.ਪੀ. ਤੇ ਮੁੱਖ ਸਕੱਤਰ ਦੇ ਭਾਸ਼ਣਾਂ 'ਤੇ ਇਤਰਾਜ਼ ਜ਼ਾਹਿਰ

**ਚੰਡੀਗੜ੍ਹ, (ਪੰਜਾਬ ਮੇਲ)**- ਕਾਂਗਰਸੀ ਵਿਧਾਇਕ ਪਰਗਟ ਸਿੰਘ ਨੇ ਮੋਗਾ 'ਚ ਆਮ ਆਦਮੀ ਪਾਰਟੀ ਦੀ ਰਾਜਨੀਤਕ ਰੈਲੀ 'ਚ ਡੀ.ਜੀ.ਪੀ. ਤੇ ਮੁੱਖ ਸਕੱਤਰ ਦੇ ਭਾਸ਼ਣਾਂ 'ਤੇ ਸਖ਼ਤ ਇਤਰਾਜ਼ ਪ੍ਰਗਟਾਇਆ। ਉਨ੍ਹਾਂ ਕਿਹਾ ਕਿ ਇਹ ਇਤਿਹਾਸ 'ਚ ਪਹਿਲੀ ਵਾਰ ਹੋਇਆ ਹੈ ਕਿ ਪ੍ਰਸ਼ਾਸਨਿਕ ਅਧਿਕਾਰੀ ਰਾਜਨੀਤਿਕ ਰੈਲੀ ਨੂੰ ਸੰਬੋਧਨ ਕਰ ਰਹੇ ਸਨ। ਰਾਜਨੀਤਿਕ ਰੈਲੀ 'ਚ ਸਟੇਜ ਤੋਂ ਅਧਿਕਾਰੀਆਂ ਵੱਲੋਂ ਅਜਿਹਾ ਖੁੱਲ੍ਹਾ ਭਾਸ਼ਣ ਨਾ ਸਿਰਫ਼ ਉਨ੍ਹਾਂ ਦੇ ਸੇਵਾ ਨਿਯਮਾਂ ਵਿਰੁੱਧ ਹੈ, ਸਗੋਂ ਸੰਵਿਧਾਨ ਦੀ ਵੀ ਉਲੰਘਣਾ ਹੈ। ਉਨ੍ਹਾਂ ਵਿਰੁੱਧ ਵਿਭਾਗੀ ਕਾਰਵਾਈ ਕੀਤੀ ਜਾਣੀ ਚਾਹੀਦੀ ਹੈ ਤੇ ਮੁਅੱਤਲ ਕੀਤਾ ਜਾਣਾ ਚਾਹੀਦਾ ਹੈ। ਇਸ ਬਾਰੇ ਮੁੱਖ ਮੰਤਰੀ ਭਗਵੰਤ ਮਾਨ, ਡੀ.ਜੀ.ਪੀ. ਗੌਰਵ ਯਾਦਵ ਤੇ ਮੁੱਖ ਸਕੱਤਰ ਕੇ.ਪੀ. ਸਿਨਹਾ ਨੂੰ ਵੀ ਸਪੱਸ਼ਟੀਕਰਨ ਦੇਣਾ ਚਾਹੀਦਾ ਹੈ।

ਉਨ੍ਹਾਂ ਕਿਹਾ ਕਿ ਮੋਗਾ 'ਚ ਹੋਈ ਰੈਲੀ ਕੋਈ ਸਰਕਾਰੀ ਰੈਲੀ ਨਹੀਂ ਸੀ, ਸਗੋਂ ਇਕ ਰਾਜਨੀਤਕ ਰੈਲੀ ਸੀ। ਜੇ ਇਹ ਇਕ ਸਰਕਾਰੀ ਰੈਲੀ ਸੀ, ਤਾਂ ਪਾਰਟੀ ਨੇ ਰੈਲੀ ਦੇ ਬੈਨਰ ਤੇ ਝੰਡੇ ਆਪਣੇ ਸੋਸ਼ਲ ਮੀਡੀਆ ਹੈਂਡਲਾਂ ਤੇ ਪਲੇਟਫਾਰਮਾਂ 'ਤੇ ਕਿਉਂ ਸਾਂਝੇ ਕੀਤੇ? ਪਾਰਟੀ ਨੂੰ ਜਵਾਬ ਦੇਣਾ ਚਾਹੀਦਾ ਹੈ ਕਿ ਦਿੱਲੀ ਦੇ ਸਾਬਕਾ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਤੇ ਸੂਬਾ ਇੰਚਾਰਜ ਮਨੀਸ਼ ਸਿਸੋਦੀਆ ਇਸ ਸਰਕਾਰੀ ਰੈਲੀ 'ਚ ਕੀ ਕਰ ਰਹੇ ਸਨ? ਉਨ੍ਹਾਂ ਕਿਹਾ ਕਿ ਪ੍ਰਸ਼ਾਸਨਿਕ ਤੇ ਪੁਲਿਸ ਅਧਿਕਾਰੀਆਂ ਦੇ ਰਾਜਨੀਤੀਕਰਨ ਦਾ ਇਹ ਇਕ ਗੰਭੀਰ ਮਾਮਲਾ ਹੈ। ਇਕ ਸੇਵਾਦਾਰ ਇਕ ਰਾਜਨੀਤਕ ਰੈਲੀ 'ਚ ਸਟੇਜ ਤੋਂ 'ਆਪ' ਵਰਕਰਾਂ ਨੂੰ ਕਿਵੇਂ ਸੰਬੋਧਨ ਕਰ ਸਕਦਾ ਹੈ? ਰਾਜਪਾਲ ਤੇ ਕੇਂਦਰ ਸਰਕਾਰ ਨੂੰ ਇਨ੍ਹਾਂ ਅਧਿਕਾਰੀਆਂ ਅਤੇ ਮੁੱਖ ਮੰਤਰੀ ਭਗਵੰਤ ਮਾਨ ਤੋਂ ਸਪੱਸ਼ਟੀਕਰਨ ਮੰਗਣਾ ਚਾਹੀਦਾ ਹੈ।

# ਲਾਪਤਾ ਪਾਵਨ ਸਰੂਪਾਂ ਦਾ ਮਾਮਲਾ: ਹਾਈਕੋਰਟ ਵੱਲੋਂ ਮੁਲਜ਼ਮ ਨੂੰ ਅਗਾਊਂ ਜ਼ਮਾਨਤ



**ਚੰਡੀਗੜ੍ਹ, (ਪੰਜਾਬ ਮੇਲ)**- ਪੰਜਾਬ ਅਤੇ ਹਰਿਆਣਾ ਹਾਈ ਕੋਰਟ ਨੇ 2016 ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ 328 ਪਾਵਨ ਸਰੂਪਾਂ ਦੇ ਕਥਿਤ ਤੌਰ 'ਤੇ ਗਾਇਬ ਹੋਣ ਨਾਲ ਸਬੰਧਤ ਮਾਮਲੇ ਦੇ ਮੁਲਜ਼ਮ ਕੁਲਵੰਤ ਸਿੰਘ ਨੂੰ ਅੰਤਰਿਮ ਅਗਾਊਂ ਜ਼ਮਾਨਤ ਦੇ ਦਿੱਤੀ ਹੈ। ਜਸਟਿਸ ਸੂਰਿਆ ਪ੍ਰਤਾਪ ਸਿੰਘ ਦੇ ਬੈਂਚ ਨੇ ਮਾਮਲੇ ਦੀ ਸੁਣਵਾਈ ਕਰਦੇ ਹੋਏ ਇਹ ਹੁਕਮ ਦਿੱਤਾ ਅਤੇ ਸੁਣਵਾਈ ਦੀ ਮਿਤੀ 28 ਅਪ੍ਰੈਲ ਨਿਰਧਾਰਤ ਕੀਤੀ।

ਇਹ ਮਾਮਲਾ ਸਿੱਖ ਸਦਭਾਵਨਾ ਦਲ ਦੀ ਸ਼ਿਕਾਇਤ ਦੇ ਆਧਾਰ 'ਤੇ 7 ਦਸੰਬਰ, 2025 ਨੂੰ ਦਰਜ ਕੀਤੀ ਗਈ ਐੱਫ.ਆਈ.ਆਰ. ਨਾਲ ਸਬੰਧਤ ਹੈ। ਸ਼ਿਕਾਇਤ ਵਿਚ ਦੋਸ਼ ਲਗਾਇਆ ਗਿਆ ਹੈ ਕਿ 328 ਪਵਿੱਤਰ ਸਰੂਪ, ਜੋ ਕਿ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਦੇਖ-ਰੇਖ ਵਿਚ ਸਨ, 2016 ਵਿਚ ਗਾਇਬ ਹੋ ਗਏ। ਸ਼ਿਕਾਇਤਕਰਤਾ ਨੇ ਦੋਸ਼ ਲਗਾਇਆ ਕਿ ਮੁਲਜ਼ਮਾਂ ਨੇ ਇੱਕ ਦੂਜੇ ਨਾਲ ਮਿਲੀਭੁਗਤ ਕਰ ਕੇ ਪਾਵਨ ਸਰੂਪਾਂ ਦੀ ਅਣਅਧਿਕਾਰਤ ਛਪਾਈ, ਵੰਡ, ਗਾਇਬ ਹੋਣਾ ਅਤੇ ਗਲਤ ਵਰਤੋਂ ਵਰਗੀਆਂ ਗਤੀਵਿਧੀਆਂ ਨੂੰ ਅੰਜਾਮ ਦਿੱਤਾ। ਉਸ 'ਤੇ ਸੰਸਥਾ ਨਾਲ ਲਗਪਗ 9.82 ਲੱਖ ਰੁਪਏ ਦੀ ਧੋਖਾਧੜੀ ਕਰਨ, ਸਬੂਤ ਨਸ਼ਟ ਕਰਨ ਅਤੇ ਸਿੱਖ ਭਾਈਚਾਰੇ ਦੀਆਂ ਧਾਰਮਿਕ ਭਾਵਨਾਵਾਂ ਨੂੰ ਠੇਸ ਪਹੁੰਚਾਉਣ ਦਾ ਵੀ ਦੋਸ਼ ਸੀ।

ਅਦਾਲਤ 'ਚ ਇਹ ਦਲੀਲ ਦਿੱਤੀ ਗਈ ਕਿ ਪਟੀਸ਼ਨਕਰਤਾ ਕੁਲਵੰਤ ਸਿੰਘ ਨਾ ਤਾਂ ਸ਼੍ਰੋਮਣੀ ਕਮੇਟੀ ਦਾ ਕਰਮਚਾਰੀ ਹੈ ਅਤੇ ਨਾ ਹੀ ਕੋਈ ਸਿੱਧਾ ਸਬੂਤ ਹੈ, ਜੋ ਇਹ ਸਾਬਤ ਕਰਦਾ ਹੋਵੇ ਕਿ ਉਸ ਨੇ ਪਾਵਨ ਸਰੂਪਾਂ ਦਾ ਨਿਰਾਦਰ ਕੀਤਾ ਹੈ। ਅਦਾਲਤ ਨੇ ਇਹ ਵੀ ਨੋਟ ਕੀਤਾ ਕਿ ਐੱਫ.ਆਈ.ਆਰ. ਕਾਫ਼ੀ ਦੇਰੀ ਨਾਲ ਦਰਜ ਕੀਤੀ ਗਈ ਸੀ ਅਤੇ ਦੇਰੀ ਲਈ ਕੋਈ ਤਸੱਲੀਬਖਸ਼ ਸਪੱਸ਼ਟੀਕਰਨ ਰਿਕਾਰਡ 'ਤੇ ਉਪਲਬਧ ਨਹੀਂ ਸੀ।

ਅਦਾਲਤ ਨੇ ਇਹ ਵੀ ਨੋਟ ਕੀਤਾ ਕਿ ਸ਼ਿਕਾਇਤ ਸ਼੍ਰੋਮਣੀ ਕਮੇਟੀ ਵੱਲੋਂ ਦਾਇਰ ਨਹੀਂ ਕੀਤੀ ਗਈ ਸੀ, ਜਿਸ ਦੀ ਧਾਰਮਿਕ ਮਾਮਲਿਆਂ ਦੀ ਮੁੱਖ ਜ਼ਿੰਮੇਵਾਰੀ ਹੈ। ਅਦਾਲਤ ਅਨੁਸਾਰ ਮਾਮਲੇ ਵਿਚ ਇਕੱਠੇ ਕੀਤੇ ਜਾਣ ਵਾਲੇ ਜ਼ਿਆਦਾਤਰ ਸਬੂਤ ਦਸਤਾਵੇਜ਼ੀ ਪ੍ਰਕਿਰਤੀ ਦੇ ਹਨ, ਇਸ ਲਈ ਮੁਲਜ਼ਮ ਦੀ ਹਿਰਾਸਤ ਵਿਚ ਪੁੱਛਗਿੱਛ ਦਾ ਕੋਈ ਮਹੱਤਵਪੂਰਨ ਲਾਭ ਹੋਣ ਦੀ ਸੰਭਾਵਨਾ ਨਹੀਂ ਹੈ।

ਬੈਂਚ ਨੇ ਕਿਹਾ ਕਿ ਜੇ ਕਿਸੇ ਰਿਕਵਰੀ ਜਾਂ ਜਾਂਚ ਦੀ ਲੋੜ ਹੁੰਦੀ ਹੈ, ਤਾਂ ਜਾਂਚ ਅਧਿਕਾਰੀ ਵੱਲੋਂ ਤਲਬ ਕੀਤੇ ਜਾਣ 'ਤੇ ਪਟੀਸ਼ਨਕਰਤਾ ਨੂੰ ਜਾਂਚ ਵਿਚ ਸ਼ਾਮਲ ਹੋਣ ਦਾ ਨਿਰਦੇਸ਼ ਦੇ ਕੇ ਇਹ ਪ੍ਰਕਿਰਿਆ ਪੂਰੀ ਕੀਤੀ ਜਾ ਸਕਦੀ ਹੈ। ਅਦਾਲਤ ਨੇ ਇਹ ਵੀ ਕਿਹਾ ਕਿ ਜਾਂਚ ਅਤੇ ਮੁਕੱਦਮੇ ਦੀ ਕਾਰਵਾਈ ਨੇੜ ਭਵਿੱਖ ਵਿਚ ਪੂਰੀ ਹੋਣ ਦੀ ਸੰਭਾਵਨਾ ਨਹੀਂ ਹੈ ਅਤੇ ਰਿਕਾਰਡ 'ਤੇ ਅਜਿਹਾ ਕੋਈ ਸੰਕੇਤ ਨਹੀਂ ਹੈ ਕਿ ਮੁਲਜ਼ਮ ਸਬੂਤਾਂ ਨਾਲ ਛੇੜਛਾੜ ਕਰੇਗਾ, ਗਵਾਹਾਂ ਨੂੰ ਪ੍ਰਭਾਵਿਤ ਕਰੇਗਾ ਜਾਂ ਜ਼ਮਾਨਤ ਮਿਲਣ 'ਤੇ ਜਾਂਚ ਵਿਚ ਸਹਿਯੋਗ ਨਹੀਂ ਕਰੇਗਾ।

# ਅਦਾਲਤ ਨੇ ਸ੍ਰੀ ਹਰਿਮੰਦਰ ਸਾਹਿਬ ਸਰੋਵਰ 'ਚ ਵਜ਼ੂ ਕਰਨ ਵਾਲੇ ਦੋਸ਼ੀ ਦੀ ਜ਼ਮਾਨਤ ਅਰਜ਼ੀ ਠੁਕਰਾਈ

**ਅੰਮ੍ਰਿਤਸਰ, (ਪੰਜਾਬ ਮੇਲ)**- ਸ੍ਰੀ ਹਰਿਮੰਦਰ ਸਾਹਿਬ ਦੇ ਪਵਿੱਤਰ ਅੰਮ੍ਰਿਤ ਸਰੋਵਰ 'ਚ ਚੂਲੀ ਕਰਨ ਅਤੇ ਵਜ਼ੂ ਕਰਨ ਦੀ ਵੀਡੀਓ ਵਾਇਰਲ ਹੋਣ ਤੋਂ ਬਾਅਦ ਵਿਵਾਦਿਤ ਮਾਮਲਾ ਸਾਹਮਣੇ ਆਇਆ ਸੀ। ਇਸ ਘਟਨਾ 'ਚ ਮੁਲਜ਼ਮ ਨੌਜਵਾਨ ਸੁਬਹਾਨ ਰੰਗਰੇਜ਼ (ਵਾਸੀ ਗਾਜ਼ਿਆਬਾਦ, ਉੱਤਰ ਪ੍ਰਦੇਸ਼) ਦੀ ਜ਼ਮਾਨਤ ਅਰਜ਼ੀ ਨੂੰ ਅੰਮ੍ਰਿਤਸਰ ਦੀ ਅਦਾਲਤ ਨੇ ਖਾਰਜ ਕਰ ਦਿੱਤਾ ਹੈ।

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਸ਼ਿਕਾਇਤ 'ਤੇ ਅੰਮ੍ਰਿਤਸਰ ਪੁਲਿਸ ਨੇ ਜਨਵਰੀ 2026 'ਚ ਮੁਲਜ਼ਮ ਨੂੰ ਉੱਤਰ ਪ੍ਰਦੇਸ਼ ਤੋਂ ਗ੍ਰਿਫ਼ਤਾਰ ਕੀਤਾ ਸੀ। ਵੀਡੀਓ 'ਚ ਨੌਜਵਾਨ ਨੂੰ ਸਰੋਵਰ ਦੇ ਕਿਨਾਰੇ ਬੈਠ ਕੇ ਪਾਣੀ ਨਾਲ ਮੂੰਹ ਧੋ ਕੇ ਚੂਲੀ ਕਰਦਿਆਂ ਪਾਣੀ ਵਾਪਸ ਸਰੋਵਰ 'ਚ ਥੁੱਕਦੇ ਦੇਖਿਆ ਗਿਆ ਸੀ, ਜਿਸ ਨਾਲ ਸਿੱਖ ਭਾਈਚਾਰੇ ਦੀਆਂ ਧਾਰਮਿਕ ਭਾਵਨਾਵਾਂ ਨੂੰ ਠੇਸ ਪਹੁੰਚੀ ਅਤੇ ਵਿਆਪਕ ਵਿਰੋਧ ਹੋਇਆ।

ਸ਼੍ਰੋਮਣੀ ਕਮੇਟੀ ਨੇ ਇਸ ਨੂੰ ਸਿੱਖ ਮਰਿਆਦਾ ਦੀ ਗੰਭੀਰ ਉਲੰਘਣਾ ਦੱਸਦੇ ਹੋਏ ਪੁਲਿਸ ਕੋਲ ਸ਼ਿਕਾਇਤ ਦਰਜ ਕਰਵਾਈ ਸੀ। ਪੁਲਿਸ ਨੇ ਮੁਲਜ਼ਮ ਨੂੰ ਗਾਜ਼ਿਆਬਾਦ ਤੋਂ ਅੰਮ੍ਰਿਤਸਰ ਲਿਆ ਕੇ ਮਾਮਲੇ 'ਚ ਬੀ.ਐੱਨ.ਐੱਸ. ਦੀ ਧਾਰਾ-298 ਤਹਿਤ ਕਾਰਵਾਈ ਕੀਤੀ। ਮੁਲਜ਼ਮ ਨੇ ਪਹਿਲਾਂ ਸੋਸ਼ਲ ਮੀਡੀਆ 'ਤੇ ਮੁਆਫ਼ੀ ਮੰਗੀ ਸੀ, ਜਿਸ 'ਚ ਉਸ ਨੇ ਦਾਅਵਾ ਕੀਤਾ ਕਿ ਉਸ ਨੂੰ ਸਰੋਵਰ ਦੀ ਧਾਰਮਿਕ ਮਰਿਆਦਾ ਦੀ ਜਾਣਕਾਰੀ ਨਹੀਂ ਸੀ, ਪਰ ਇਹ ਮਾਫ਼ੀ ਸਵੀਕਾਰ ਨਹੀਂ ਕੀਤੀ ਗਈ।

ਅਦਾਲਤ ਨੇ ਮੁਲਜ਼ਮ ਨੂੰ ਪਹਿਲਾਂ ਪੁਲਿਸ ਰਿਮਾਂਡ 'ਤੇ ਭੇਜਿਆ ਸੀ, ਜਿਸ ਤੋਂ ਬਾਅਦ ਉਸ ਨੂੰ ਨਿਆਂਇਕ ਹਿਰਾਸਤ 'ਚ ਰੱਖਿਆ ਗਿਆ। ਬੀਤੇ ਦਿਨੀਂ ਸੁਣਵਾਈ 'ਚ ਜ਼ਮਾਨਤ ਅਰਜ਼ੀ ਨੂੰ ਠੁਕਰਾ ਦਿੱਤਾ ਗਿਆ, ਜਿਸ ਤੋਂ ਬਾਅਦ ਮੁਲਜ਼ਮ ਹੁਣ ਜੇਲ੍ਹ 'ਚ ਹੀ ਰਹੇਗਾ। ਇਹ ਫ਼ੈਸਲਾ ਧਾਰਮਿਕ ਅਸਥਾਨਾਂ ਦੀ ਪਵਿੱਤਰਤਾ ਅਤੇ ਮਰਿਆਦਾ ਦੀ ਰੱਖਿਆ ਪ੍ਰਤੀ ਸਖ਼ਤ ਰੁਖ ਨੂੰ ਦਰਸਾਉਂਦਾ ਹੈ। ਪੁਲਿਸ ਜਾਂਚ ਜਾਰੀ ਹੈ ਅਤੇ ਮਾਮਲੇ ਦੇ ਪਿੱਛੇ ਦੇ ਮਕਸਦ ਅਤੇ ਹੋਰ ਪਹਿਲੂਆਂ ਦੀ ਪੜਤਾਲ ਕੀਤੀ ਜਾ ਰਹੀ ਹੈ।

# ਬੇਅੰਤ ਸਿੰਘ ਕਤਲ ਕਾਂਡ: ਭਾਈ ਜਗਤਾਰ ਸਿੰਘ ਹਵਾਰਾ ਦੀ ਪਟੀਸ਼ਨ 'ਤੇ ਸੁਪਰੀਮ ਕੋਰਟ 'ਚ ਸੁਣਵਾਈ ਟਲੀ



**ਨਵੀਂ ਦਿੱਲੀ, (ਪੰਜਾਬ ਮੇਲ)**- ਸਾਬਕਾ ਮੁੱਖ ਮੰਤਰੀ ਬੇਅੰਤ ਸਿੰਘ ਕਤਲ ਕਾਂਡ ਦੇ ਦੋਸ਼ੀ ਭਾਈ ਜਗਤਾਰ ਸਿੰਘ ਹਵਾਰਾ ਨੂੰ ਦਿੱਲੀ ਦੀ ਤਿਹਾੜ ਜੇਲ੍ਹ ਤੋਂ ਪੰਜਾਬ ਦੀ ਕਿਸੇ ਜੇਲ੍ਹ ਵਿਚ ਤਬਦੀਲ ਕਰਨ ਦੀ ਮੰਗ ਵਾਲੀ ਪਟੀਸ਼ਨ 'ਤੇ ਸੁਪਰੀਮ ਕੋਰਟ ਨੇ ਸੁਣਵਾਈ 11 ਮਾਰਚ ਤੱਕ ਮੁਲਤਵੀ ਕਰ ਦਿੱਤੀ ਹੈ।

ਜਸਟਿਸ ਐੱਮ.ਐੱਮ. ਸੁੰਦਰੇਸ਼ ਅਤੇ ਜਸਟਿਸ ਐੱਨ. ਕੋਟੀਸ਼ਵਰ ਸਿੰਘ ਦੀ ਬੈਂਚ ਨੇ ਸੋਲੀਸਿਟਰ ਜਨਰਲ ਤੁਸ਼ਾਰ ਮਹਿਤਾ ਵੱਲੋਂ ਸਮਾਂ ਮੰਗੇ ਜਾਣ ਤੋਂ ਬਾਅਦ ਇਹ ਫੈਸਲਾ ਸੁਣਾਇਆ। ਭਾਈ ਹਵਾਰਾ, ਜੋ ਕਿ 1995 ਦੇ ਬੰਬ ਧਮਾਕੇ ਦੇ ਮਾਮਲੇ ਵਿਚ ਉਮਰ ਕੈਦ ਦੀ ਸਜ਼ਾ ਕੱਟ ਰਿਹਾ ਹੈ, ਨੇ ਅਦਾਲਤ ਵਿਚ ਦਲੀਲ ਦਿੱਤੀ ਹੈ ਕਿ ਦਿੱਲੀ ਵਿਚ ਉਸ ਵਿਰੁੱਧ ਕੋਈ ਵੀ ਕੇਸ ਪੈਂਡਿੰਗ ਨਹੀਂ ਹੈ, ਇਸ ਲਈ ਉਸਨੂੰ ਉਸਦੇ ਜੱਦੀ ਸੂਬੇ ਪੰਜਾਬ ਵਿਚ ਭੇਜਿਆ ਜਾਣਾ ਚਾਹੀਦਾ ਹੈ।

ਪਟੀਸ਼ਨ ਵਿਚ ਕਿਹਾ ਗਿਆ ਹੈ ਕਿ ਭਾਈ ਹਵਾਰਾ ਪਿਛਲੇ 19 ਸਾਲਾਂ ਤੋਂ ਜੇਲ੍ਹ ਵਿਚ ਅਨੁਸ਼ਾਸਨ ਨਾਲ ਰਹਿ ਰਿਹਾ ਹੈ ਅਤੇ 2004 ਦੇ ਜੇਲ੍ਹ ਤੋੜਨ ਵਾਲੇ ਹਾਦਸੇ ਨੂੰ ਛੱਡ ਕੇ ਉਸ ਦਾ ਰਿਕਾਰਡ ਸਾਫ਼ ਹੈ। ਉਸ ਦੇ ਵਕੀਲ ਅਨੁਸਾਰ, ਭਾਈ ਹਵਾਰਾ 'ਤੇ ਲਗਾਏ ਗਏ 36 ਮਾਮਲਿਆਂ ਵਿਚੋਂ ਉਹ ਲਗਭਗ ਸਾਰਿਆਂ ਵਿਚੋਂ ਬਰੀ ਹੋ ਚੁੱਕਾ ਹੈ।

ਪਟੀਸ਼ਨ ਵਿਚ ਪਰਿਵਾਰਕ ਹਾਲਾਤਾਂ ਦਾ ਹਵਾਲਾ ਦਿੰਦੇ ਹੋਏ ਕਿਹਾ ਗਿਆ ਹੈ ਕਿ ਉਸ ਦੀ ਪਤਨੀ ਦੀ ਮੌਤ ਹੋ ਚੁੱਕੀ ਹੈ, ਬੇਟੀ ਪੰਜਾਬ ਵਿਚ ਹੈ ਅਤੇ ਮਾਂ ਗੰਭੀਰ ਹਾਲਤ ਵਿਚ ਹੈ।

# ਹੁਣ ਭਾਰਤ ਆਉਣ ਵਾਲੇ ਵਿਦੇਸ਼ੀ ਮਹਿਮਾਨ ਵੀ ਕਰ ਸਕਣਗੇ ਯੂ.ਪੀ.ਆਈ. ਦੀ ਵਰਤੋਂ!

**ਨਵੀਂ ਦਿੱਲੀ, (ਪੰਜਾਬ ਮੇਲ)**- ਭਾਰਤ ਦੀ ਡਿਜ਼ੀਟਲ ਕ੍ਰਾਂਤੀ ਹੁਣ ਸਿਰਫ਼ ਭਾਰਤੀਆਂ ਤੱਕ ਹੀ ਸੀਮਤ ਨਹੀਂ ਰਹੀ, ਸਗੋਂ ਵਿਦੇਸ਼ਾਂ ਤੋਂ ਆਉਣ ਵਾਲੇ ਮਹਿਮਾਨ ਵੀ ਇਸ ਸਹੂਲਤ ਦਾ ਲਾਭ ਲੈ ਸਕਣਗੇ। ਦਿੱਲੀ ਵਿਚ ਆਯੋਜਿਤ ਹੋ ਰਹੀ 'ਇੰਡੀਆ ਏਆਈ ਇਮਪੈਕਟ ਸਮਿਟ 2026' ਦੌਰਾਨ 'ਨੈਸ਼ਨਲ ਪੇਮੈਂਟਸ ਕਾਰਪੋਰੇਸ਼ਨ ਆਫ ਇੰਡੀਆ' (ਐੱਨ.ਪੀ.ਸੀ.ਆਈ.) ਨੇ ਵਿਦੇਸ਼ੀ ਸੈਲਾਨੀਆਂ ਲਈ 'UPI One World' ਸੇਵਾ ਦਾ ਵਿਸਥਾਰ ਕੀਤਾ ਹੈ। ਇਸ ਸਹੂਲਤ ਰਾਹੀਂ 40 ਤੋਂ ਵੱਧ ਦੇਸ਼ਾਂ ਦੇ ਮਹਿਮਾਨ ਬਿਨਾਂ ਭਾਰਤੀ ਬੈਂਕ ਖਾਤੇ ਜਾਂ ਭਾਰਤੀ ਸਿਮ ਕਾਰਡ ਦੇ ਯੂ.ਪੀ.ਆਈ. ਰਾਹੀਂ ਭੁਗਤਾਨ ਕਰ ਸਕਣਗੇ।

ਇਹ ਪ੍ਰੀਪੇਡ ਪੇਮੈਂਟ ਇੰਸਟ੍ਰੂਮੈਂਟ (ਪੀ.ਪੀ.ਆਈ.) ਵਾਲਿਟ ਹੈ। ਵਿਦੇਸ਼ੀ ਯਾਤਰੀ ਇਸ ਸਹੂਲਤ ਨੂੰ ਨਵੀਂ ਦਿੱਲੀ ਹਵਾਈ ਅੱਡੇ ਜਾਂ ਭਾਰਤ ਮੰਡਪਮ ਦੇ ਐੱਨ.ਪੀ.ਸੀ.ਆਈ. ਪਵੇਲੀਅਨ ਤੋਂ ਆਸਾਨੀ ਨਾਲ ਪ੍ਰਾਪਤ ਕਰ ਸਕਦੇ ਹਨ। ਇਸ ਵਾਲਿਟ ਦੀ ਮਦਦ ਨਾਲ ਸੈਲਾਨੀਆਂ ਨੂੰ ਨਕਦੀ (ਕੈਸ਼) ਰੱਖਣ ਅਤੇ ਵਿਦੇਸ਼ੀ ਮੁਦਰਾ ਵਟਾਂਦਰੇ (ਕਰੰਸੀ ਐਕਸਚੇਂਜ) ਦੀਆਂ ਮੁਸ਼ਕਿਲਾਂ ਤੋਂ ਛੁਟਕਾਰਾ ਮਿਲੇਗਾ। ਕਿਸੇ ਵੀ ਸ਼ਾਪਿੰਗ ਮਾਲ ਜਾਂ ਦੁਕਾਨ 'ਤੇ ਲੱਗੇ ਯੂ.ਪੀ.ਆਈ. ਕਿਊ ਆਰ ਕੋਡ ਨੂੰ ਸਕੈਨ ਕਰਕੇ ਭੁਗਤਾਨ ਕਰ ਸਕਣਗੇ।

**■ ਐੱਨ.ਪੀ.ਸੀ.ਆਈ. ਵੱਲੋਂ ਵਿਦੇਸ਼ੀ ਮਹਿਮਾਨਾਂ ਲਈ 'ਯੂ.ਪੀ.ਆਈ. ਵੰਨ ਵਰਲਡ' ਵਾਲਿਟ ਲਾਂਚ**




### ਵਿਦੇਸ਼ੀ ਮਹਿਮਾਨ ਇਸ ਸੇਵਾ ਦੀ ਵਰਤੋਂ ਕਰਨ ਲਈ ਪਹਿਲਾਂ ਕਰਨ ਇਹ ਕੰਮ

- ਸਭ ਤੋਂ ਪਹਿਲਾਂ ਪਲੇਅ ਸਟੋਰ ਜਾਂ ਐਪ ਸਟੋਰ ਤੋਂ **CheqUPI** ਐਪ ਡਾਊਨਲੋਡ ਕਰਨੀ ਪਵੇਗੀ।
- ਆਪਣਾ ਨਾਂ, ਈਮੇਲ ਅਤੇ ਪਾਸਪੋਰਟ/ਵੀਜ਼ਾ ਵਰਗੇ ਜ਼ਰੂਰੀ ਦਸਤਾਵੇਜ਼ ਅਪਲੋਡ ਕਰਨੇ ਹੋਣਗੇ।
- ਐਪ ਵਿੱਚ ਇੱਕ ਸੈਲਫੀ ਲੈ ਕੇ ਆਪਣਾ ਯੂਨੀਕ ਯੂ.ਪੀ.ਆਈ. ਪਿਨ ਸੈੱਟ ਕਰਨਾ ਹੋਵੇਗਾ।
- ਇਸ ਤੋਂ ਬਾਅਦ ਆਪਣੇ ਅੰਤਰਰਾਸ਼ਟਰੀ ਡੈਬਿਟ ਜਾਂ ਕ੍ਰੈਡਿਟ ਕਾਰਡ ਰਾਹੀਂ ਪੈਸੇ ਲੋਡ ਕਰਕੇ ਵਾਲਿਟ ਦੀ ਵਰਤੋਂ ਕੀਤੀ ਜਾ ਸਕਦੀ ਹੈ।

ਯਾਤਰੀਆਂ ਦੀ ਸਹੂਲਤ ਲਈ ਇਸ ਵਾਲਿਟ ਵਿਚ ਪ੍ਰਤੀ ਲੈਣ-ਦੇਣ 25,000 ਰੁਪਏ ਤੱਕ ਲੋਡ ਕਰਨ ਦੀ ਸਹੂਲਤ ਦਿੱਤੀ ਗਈ ਹੈ, ਜਦਕਿ ਇੱਕ ਮਹੀਨੇ ਵਿਚ ਵੱਧ ਤੋਂ ਵੱਧ 50,000 ਰੁਪਏ ਲੋਡ ਕੀਤੇ ਜਾ ਸਕਦੇ ਹਨ। ਖ਼ਾਸ ਗੱਲ ਇਹ ਹੈ ਕਿ ਜੇਕਰ ਯਾਤਰਾ ਖ਼ਤਮ ਹੋਣ 'ਤੇ ਵਾਲਿਟ ਵਿਚ ਪੈਸੇ ਬਚ ਜਾਂਦੇ ਹਨ, ਤਾਂ ਉਨ੍ਹਾਂ ਨੂੰ ਨਿਯਮਾਂ ਅਨੁਸਾਰ ਵਾਪਸ ਮੂਲ ਖਾਤੇ ਵਿਚ ਟ੍ਰਾਂਸਫਰ ਕੀਤਾ ਜਾ ਸਕਦਾ ਹੈ।

ਐੱਨ.ਪੀ.ਸੀ.ਆਈ. ਦੀ ਐਗਜ਼ੀਕਿਊਟਿਵ ਡਾਇਰੈਕਟਰ ਸੋਹਿਨੀ ਰਾਜੋਲਾ ਨੇ ਕਿਹਾ ਕਿ ਇਹ ਪਹਿਲ ਵਿਦੇਸ਼ੀ ਮਹਿਮਾਨਾਂ ਨੂੰ ਭਾਰਤ ਦੇ ਰੀਅਲ-ਟਾਈਮ ਪੇਮੈਂਟ ਈਕੋਸਿਸਟਮ ਅਤੇ 'ਮੇਡ ਇਨ ਇੰਡੀਆ' ਤਕਨੀਕ ਦਾ ਸਹਿਜ ਅਨੁਭਵ ਕਰਨ ਦਾ ਮੌਕਾ ਪ੍ਰਦਾਨ ਕਰੇਗੀ।

# 38ਵੀਆਂ ਮਾਡਰਨ ਪੇਂਡੂ ਮਿੰਨੀ ਉਲੰਪਿਕ ਜਰਖੜ ਖੇਡਾਂ ਧੂਮ ਧੜੱਕੇ ਨਾਲ ਸਮਾਪਤ

**■ 7 ਸ਼ਖ਼ਸੀਅਤਾਂ ਦਾ ਹੋਇਆ ਵਿਸ਼ੇਸ਼ ਸਨਮਾਨ, ਗੁਰਮੀਤ ਸਿੰਘ ਖੁੱਡੀਆਂ, ਸੰਤ ਸੀਚੇਵਾਲ, ਵਿਧਾਇਕ ਸੰਗੋਵਾਲ, ਪਾਹਵਾ ਸਾਹਿਬ ਅਤੇ ਜੰਗਸ਼ੇਰ ਅਮਰੀਕਾ ਮੁੱਖ ਮਹਿਮਾਨ ਵਜੋਂ ਪੁੱਜੇ**




## ਜਰਖੜ ਖੇਡ ਸਟੇਡੀਅਮ ਤੋਂ ਵਿਸ਼ੇਸ਼ ਰਿਪੋਰਟ



ਜਗਰੂਪ ਸਿੰਘ ਜਰਖੜ
ਖੇਡ ਲੇਖਕ
+91-98143-00722
ਪੰਜਾਬ ਮੇਲ USA


ਜੇ.ਐੱਸ.ਟੀ. ਟਰੱਕ ਪਰਮਿਟ ਅਮਰੀਕਾ, ਏਵਨ ਸਾਈਕਲ ਅਤੇ ਕੋਕਾ ਕੋਲਾ 38ਵੀਂਆਂ ਮਾਡਰਨ ਪੇਂਡੂ ਮਿੰਨੀ ਓਲੰਪਕ ਜਰਖੜ ਖੇਡਾਂ ਦੇ ਇਤਿਹਾਸ ਵਿਚ ਇੱਕ ਨਵੀਆਂ ਪੈੜਾਂ ਪਾਉਂਦੀਆਂ ਹੋਈਆਂ ਧੂਮ ਧੜੱਕੇ ਨਾਲ ਸਮਾਪਤ ਹੋਈਆਂ।

ਕਬੱਡੀ ਓਪਨ ਵਿਚ ਨਾਇਬ ਸਿੰਘ ਗਰੇਵਾਲ ਯਾਦਗਾਰੀ ਕਬੱਡੀ ਕੱਪ ਲਈ 16 ਟੀਮਾਂ ਦੇ ਆਪਸੀ ਮੁਕਾਬਲੇ ਹੋਏ, ਜਿਸ ਵਿਚ ਘੱਲੂਘਾਰਾ ਕੁੱਪ ਦੀ ਟੀਮ ਚੈਂਪੀਅਨ ਅਤੇ ਚਕਰ ਮੋਗਾ ਉਪ ਜੇਤੂ ਰਹੀ। ਹਾਕੀ ਸੀਨੀਅਰ ਵਰਗ ਵਿਚ ਲਵਲੀ ਯੂਨੀਵਰਸਿਟੀ ਜਲੰਧਰ ਨੇ ਜਰਖੜ ਅਕੈਡਮੀ ਨੂੰ 3-1 ਨਾਲ ਹਰਾ ਕੇ ਮਹਿੰਦਰ ਪ੍ਰਤਾਪ ਗਰੇਵਾਲ ਗੋਲਡ ਕੱਪ ਹਾਕੀ ਟਰਾਫੀ 'ਤੇ ਕਬਜ਼ਾ ਕੀਤਾ। ਹਾਕੀ ਕੁੜੀਆਂ ਦੇ ਵਰਗ ਵਿਚ ਪੰਜਾਬੀ ਯੂਨੀਵਰਸਿਟੀ ਪਟਿਆਲਾ ਨੇ ਲਵਲੀ ਯੂਨੀਵਰਸਿਟੀ ਜਲੰਧਰ ਨੂੰ 4-2 ਨਾਲ ਹਰਾ ਕੇ ਮੋਹਿੰਦਰਪਰਤਾਪ ਗਰੇਵਾਲ ਟਰਾਫੀ ਹਾਸਲ ਕੀਤੀ।

ਹਾਕੀ ਸਬ ਜੂਨੀਅਰ ਜਗਤਾਰ ਯਾਦਗਾਰੀ ਹਾਕੀ ਕੱਪ ਵਿਚ ਜਰਖੜ ਅਕੈਡਮੀ ਨੇ ਅਮਰਗੜ੍ਹ ਨੂੰ 2-1 ਨਾਲ ਹਰਾਕੇ ਜਿੱਤ ਖਿਤਾਬੀ ਜਿੱਤ ਹਾਸਲ ਕੀਤੀ।

ਫੁੱਟਬਾਲ ਅਮਰਜੀਤ ਸਿੰਘ ਗਰੇਵਾਲ ਕੱਪ ਵਿਚ ਮੁੰਡਿਆਂ ਦੇ ਵਰਗ ਵਿਚ ਭੈਣੀ ਅਰੋੜਾ ਨੇ ਭੁੱਟਾ ਨੂੰ 2-1 ਨਾਲ ਅਤੇ ਕੁੜੀਆਂ ਦੇ ਵਰਗ ਵਿਚ ਗੁਜਰਵਾਲ ਨੇ ਕੋਟਲਾ ਨੂੰ 3-2 ਨਾਲ਼ ਹਰਾਕੇ ਚੈਂਪੀਅਨ ਜਿੱਤ ਹਾਸਲ ਕੀਤੀ। ਬਾਬਾ ਸੁਰਜਨ ਸਿੰਘ ਸਰੀਂਹ ਰੱਸਾਕਸੀ ਕੱਪ ਵਿਚ ਰੋਪੜ ਨੇ ਪਹਿਲਾ ਸਥਾਨ ਅਤੇ ਬਠਿੰਡਾ ਨੇ ਦੂਸਰਾ ਸਥਾਨ ਹਾਸਲ ਕੀਤਾ। ਜਦਕਿ 50 ਸਾਲਾ ਕਬੱਡੀ ਧਰਮ ਸਿੰਘ ਕੱਪ ਵਿਚ ਰਾਏਕੋਟ ਨੇ ਪਹਿਲਾ ਸਥਾਨ ਸੀਹਾਦੋਦ ਦੂਸਰਾ ਸਥਾਨ ਹਾਸਲ ਕੀਤਾ

ਜਰਖੜ ਖੇਡਾਂ ਦੇ ਫਾਈਨਲ ਸਮਾਰੋਹ ਤੇ ਏਵਨ ਸਾਈਕਲ ਦੇ ਮਾਲਕ ਪਦਮ ਸ਼੍ਰੀ ਓਕਾਰ ਸਿੰਘ ਪਾਹਵਾ, ਪਦਮ ਸ਼੍ਰੀ ਹਾਕੀ ਕੋਚ ਬਲਦੇਵ ਸਿੰਘ ਨੂੰ "ਭਗਤ ਪੂਰਨ ਸਿੰਘ ਐਵਾਰਡ" ਨਾਲ, ਪ੍ਰਭਦੀਪ ਸਿੰਘ ਨੱਥੋਵਾਲ ਡਿਪਟੀ ਡਾਇਰੈਕਟਰ ਸੂਚਨਾ ਅਤੇ ਲੋਕ ਸੰਪਰਕ ਵਿਭਾਗ ਨੂੰ "ਪੰਜਾਬ ਦਾ ਮਾਣ ਐਵਾਰਡ", ਸ਼੍ਰੀਮਤੀ ਸਿਮਰਨਜੀਤ ਕੌਰ ਗਿੱਲ ਪ੍ਰੋ. ਵਾਈਸ ਚਾਂਸਲਰ ਸੀ.ਟੀ. ਯੂਨੀਵਰਸਿਟੀ ਲੁਧਿਆਣਾ ਨੂੰ "ਪੰਜਾਬ ਦੀਆਂ ਧੀਆਂ ਦਾ ਮਾਣ ਐਵਾਰਡ" ਨਾਲ, ਪੱਤਰਕਾਰ ਦਵਿੰਦਰਪਾਲ ਸ਼ਰਮਾ ਚੰਡੀਗੜ੍ਹ ਨੂੰ "ਪੰਜਾਬ ਦੀ ਪੱਤਰਕਾਰੀ ਦਾ ਮਾਣ ਐਵਾਰਡ" ਦੇ ਨਾਲ, ਉੱਭਰਦੇ ਸਾਈਕਲਿਸਟ ਹਰਸ਼ਵੀਰ ਸਿੰਘ ਸੇਖੋਂ ਨੂੰ "ਓਲੰਪੀਅਨ ਸੁਰਜੀਤ ਸਿੰਘ ਰੰਧਾਵਾ ਐਵਾਰਡ" ਨਾਲ, ਵੇਟਰਨਜ਼ ਹਾਕੀ ਖਿਡਾਰੀ ਕਰਮਜੀਤ ਸਿੰਘ ਗਰੇਵਾਲ ਯੂ.ਐੱਸ.ਏ. ਨੂੰ ਉਲੰਪੀਅਨ ਪ੍ਰਿਥੀਪਾਲ ਸਿੰਘ ਐਵਾਰਡ ਨਾਲ ਸਨਮਾਨਿਤ ਕੀਤਾ ਗਿਆ। ਇਸ ਮੌਕੇ ਸਨਮਾਨਿਤ ਸ਼ਖਸੀਅਤਾਂ ਦੀਆਂ ਪ੍ਰਾਪਤੀਆਂ ਦਾ ਬਿਉਰਾ ਪੜ੍ਹਕੇ ਅਤੇ ਉਨ੍ਹਾਂ ਨੂੰ ਐਵਾਰਡ, ਯਾਦਗਾਰੀ ਘੋੜਿਆਂ ਦੇ ਚਿੰਨ੍ਹ, ਟਰਾਫੀਆਂ ਮੁੱਖ ਮਹਿਮਾਨ ਸੰਤ ਬਾਬਾ ਬਲਬੀਰ ਸਿੰਘ ਸੀਚੇਵਾਲ ਅਤੇ ਵਿਧਾਇਕ ਜੀਵਨ ਸਿੰਘ ਸੰਗੋਵਾਲ ਨੇ ਪ੍ਰਦਾਨ ਕੀਤੀਆਂ। ਇਸ ਤੋਂ ਇਲਾਵਾ ਕੈਬਨਿਟ ਮੰਤਰੀ


























ਗੁਰਮੀਤ ਸਿੰਘ ਖੁੱਡੀਆਂ, ਜੇ.ਐੱਸ.ਟੀ. ਟਰੱਕ ਪਰਮਿਟ ਅਮਰੀਕਾ ਦੇ ਮਾਲਕ ਜੰਗਸ਼ੇਰ ਸਿੰਘ ਅਤੇ ਏਵਨ ਸਾਈਕਲ ਕੰਪਨੀ ਦੇ ਮਾਲਕ ਓਂਕਾਰ ਸਿੰਘ ਪਾਹਵਾ ਵੀ ਮੁੱਖ ਮਹਿਮਾਨ ਵਜੋਂ ਪੁੱਜੇ। ਸੰਤ ਬਾਬਾ ਬਲਵੀਰ ਸਿੰਘ ਸੀਚੇਵਾਲ ਨੇ ਜਰਖੜ ਟਰੱਸਟ ਨੂੰ 11 ਲੱਖ ਅਤੇ ਸਰਦਾਰ ਖੁੱਡੀਆਂ ਨੇ 5 ਲੱਖ ਰੁਪਏ ਦੀ ਗਰਾਂਟ ਦੇਣ ਦਾ ਐਲਾਨ ਕੀਤਾ।

ਜੰਗ ਸ਼ੇਰ ਸਿੰਘ ਅਮਰੀਕਾ ਵਾਲਿਆਂ ਨੇ ਢਾਈ ਲੱਖ ਰੁਪਏ, ਹੰਸਲੋ ਯੂ.ਕੇ. ਦੇ ਸਾਬਕਾ ਮੇਅਰ ਪ੍ਰੀਤਮ ਸਿੰਘ ਗਰੇਵਾਲ ਨੇ ਮਹਿੰਦਰ ਪ੍ਰਤਾਪ ਗਰੇਵਾਲ ਟਰੱਸਟ ਵੱਲੋਂ 2 ਲੱਖ ਰੁਪਏ ਦੀ ਸਹਾਇਤਾ ਦਿੱਤੀ।

ਨਾਮੀ ਲੋਕ ਗਾਇਕਾ ਸਤਵਿੰਦਰ ਬਿੱਟੀ, ਜਸਵੰਤ ਸੰਦੀਲਾ, ਨੀਤੂ ਵਿਰਕ, ਗੁਰਜਾਨ ਨੇ ਜਰਖੜ ਖੇਡਾਂ 'ਤੇ ਆਪਣੇ ਗਾਇਕੀ ਦਾ ਰੰਗ ਬਖੇਰਿਆ ਅਤੇ ਸਤਵਿੰਦਰ ਬਿੱਟੀ ਨੇ ਆਪਣੇ ਚੋਣਵੇਂ ਗੀਤਾਂ ਨਾਲ ਤਾਂ ਪੂਰੇ ਸਟੇਡੀਅਮ ਝੂਮਣ ਲਾ ਦਿੱਤਾ।

ਜਰਖੜ ਖੇਡਾਂ ਦੇ ਚੇਅਰਮੈਨ ਨਰਿੰਦਰ ਪਾਲ ਸਿੰਘ ਸਿੱਧੂ, ਮੁੱਖ ਪ੍ਰਬੰਧਕ ਜਗਰੂਪ ਸਿੰਘ ਜਰਖੜ, ਪ੍ਰਧਾਨ ਐਡਵੋਕੇਟ ਹਰਕਮਲ ਸਿੰਘ ਨੇ ਦੱਸਿਆ ਕਿ ਇਨ੍ਹਾਂ ਖੇਡਾਂ ਦੇ ਗੋਲਡ ਸਪਾਂਸਰ ਜੇ.ਐੱਸ.ਟੀ. ਟਰੱਕ ਪਰਮਿਟ ਫਰਿਜ਼ਨੋ, ਜਦਕਿ ਸਿਲਵਰ ਸਪਾਂਸਰ ਕੋਕਾ ਕੋਲਾ, ਏਵਨ ਸਾਈਕਲ, ਪੈਟਰੋਲੀਅਮ ਸਪੋਰਟਸ ਪਰਮੋਸ਼ਨ ਬੋਰਡ, ਡਾਬਰ ਕੰਪਨੀ, ਵਿਸ਼ਾਲ ਸਾਈਕਲ ਅਤੇ ਆਏ ਮਹਿਮਾਨਾਂ ਦਾ ਵਿਸ਼ੇਸ਼ ਧੰਨਵਾਦ ਕੀਤਾ, ਜਿਨ੍ਹਾਂ ਨੇ ਟੂਰਨਾਮੈਂਟ ਨੂੰ ਵੱਡਾ ਸਹਿਯੋਗ ਦਿੱਤਾ। ਇਸ ਮੌਕੇ ਡਾਬਰ ਕੰਪਨੀ ਵੱਲੋਂ ਖਿਡਾਰੀਆਂ ਤੇ ਮਹਿਮਾਨਾਂ ਵਾਸਤੇ ਵਿਸ਼ੇਸ਼ ਤੋਹਫੇ ਅਤੇ ਕੋਕਾ ਕੋਲ ਕੰਪਨੀ ਵੱਲੋਂ ਸਾਰੀ ਪਬਲਿਕ ਵਾਸਤੇ ਸਪੈਸ਼ਲ ਜੂਸ ਵੰਡਿਆ ਗਿਆ। ਏਵਨ ਸਾਈਕਲ ਵੱਲੋਂ ਜੇਤੂ ਖਿਡਾਰੀਆਂ ਨੂੰ 50 ਸਾਈਕਲ, ਵਿਸ਼ਾਲ ਸਾਈਕਲ ਵੱਲੋਂ ਹਾਕੀ ਦੇ ਜੇਤੂਆਂ ਨੂੰ 20 ਸਾਈਕਲ ਦਿੱਤੇ ਗਏ।

ਆਖਰੀ ਦਿਨ ਸ਼ਰਨਪਾਲ ਸਿੰਘ ਮੱਕੜ ਚੇਅਰਮੈਨ ਇੰਡਸਟਰੀ ਵਿੰਗ ਪੰਜਾਬ, ਰਾਜ ਕੌਰ ਦਿਓਲ ਕੈਨੇਡਾ, ਪਰਵਿੰਦਰ ਕੌਰ ਚੇਅਰਮੈਨ ਐੱਨ.ਆਰ.ਆਈ. ਵਿੰਗ ਪੰਜਾਬ, ਹਰਿੰਦਰ ਸਿੰਘ ਹੋਸ਼ਿਆਰਪੁਰ, ਸੁਰਿੰਦਰ ਸਿੰਘ ਖੰਨਾ, ਮਨਜੀਤ ਸਿੰਘ ਬਚਨ ਗੈਸ, ਨਿਰਮਲ ਸਿੰਘ ਖਹਿਰਾ ਇੰਗਲੈਂਡ, ਹਰਦੀਪ ਸਿੰਘ ਬੀਰਮਪੁਰ, ਦਲਜੀਤ ਸਿੰਘ ਭੱਟੀ ਕੋਕਾ ਕੋਲਾ, ਮਨਪ੍ਰੀਤ ਸਿੰਘ ਭਾਟੀਆ ਕੋਕਾ ਕੋਲਾ, ਬਲਵੰਤ ਸਿੰਘ ਬੁੱਢੇਵਾਲ, ਅਮਰੀਕ ਸਿੰਘ ਮਿਨਹਾਸ, ਸੁਖਵਿੰਦਰ ਸਿੰਘ ਚੇਅਰਮੈਨ ਲੁਧਿਆਣਾ ਸਪੋਰਟਸ ਵੈੱਲਫੇਅਰ, ਜੀਵਨ ਸਿੰਘ ਗਿੱਲ, ਹਰਨੇਕ ਸਿੰਘ ਭੱਪ, ਮਨੂ ਘਲੋਟੀ, ਗੁਰਸਤਿੰਦਰ ਸਿੰਘ ਪਰਗਟ, ਸਰਪੰਚ ਸੰਦੀਪ ਸਿੰਘ ਜਰਖੜ, ਤੇਜਿੰਦਰ ਸਿੰਘ ਜਰਖੜ, ਸ਼ਿੰਗਾਰਾ ਸਿੰਘ ਜਰਖੜ ਆਦਿ ਇਲਾਕੇ ਦੀਆਂ ਹੋਰ ਸ਼ਖਸੀਅਤਾਂ ਵੱਡੀ ਗਿਣਤੀ ਵਿਚ ਹਾਜ਼ਰ ਸਨ।

# ਫੀਨਿਕਸ (ਐਰੀਜ਼ੋਨਾ) ਵਿਖੇ ਤਿੰਨ ਰੋਜ਼ਾ ਧਾਰਮਿਕ ਜੋੜ ਮੇਲਾ ਅਤੇ ਆਤਮ ਰਸ ਕੀਰਤਨ ਦਰਬਾਰ ਸੰਪੰਨ

**ਫੀਨਿਕਸ, (ਪੰਜਾਬ ਮੇਲ)-** ਫੀਨਿਕਸ (ਐਰੀਜ਼ੋਨਾ) ਦੇ ਗੁਰੂ ਘਰ ਸ੍ਰੀ ਗੁਰੂ ਨਾਨਕ ਦਵਾਰਾ ਸਾਹਿਬ ਜੀ ਦੀ ਮੈਨੇਜਮੈਂਟ ਕਮੇਟੀ, ਹਜ਼ੂਰੀ ਰਾਗੀ ਭਾਈ ਸਾਹਿਬ ਭਾਈ ਸਤਵਿੰਦਰ ਸਿੰਘ ਜੀ ਦਿੱਲੀ ਵਾਲੇ, ਭਾਈ ਹਰਵਿੰਦਰ ਸਿੰਘ ਜੀ, ਭਾਈ ਗੁਰਜੀਤ ਸਿੰਘ ਜੀ ਘੱਗ ਅਤੇ ਸਮੁੱਚੀ ਸੰਗਤ ਦੇ ਸਹਿਯੋਗ ਸਦਕਾ ਤਿੰਨ ਰੋਜ਼ਾ ਧਾਰਮਿਕ ਜੋੜ ਮੇਲਾ ਅਤੇ ਕੀਰਤਨ ਦਰਬਾਰ ਯਾਦਗਾਰੀ ਚਿੰਨ੍ਹ ਛੱਡਦੇ ਹੋਏ ਸੰਪੰਨ ਹੋਇਆ। 13, 14, 15 ਫਰਵਰੀ ਦੇ ਦਿਨ ਫੀਨਿਕਸ ਵਾਸੀਆਂ ਵਾਸਤੇ ਯਾਦਗਾਰੀ ਦਿਨ ਹੋ ਨਿੱਬੜੇ। 14 ਫਰਵਰੀ ਦੇ ਦਿਨ ਛੋਟੇ ਬੱਚਿਆਂ ਦੀਆਂ ਰਵਾਇਤੀ ਖੇਡਾਂ ਅਤੇ ਗਤਕਾ ਕਰਵਾਇਆ ਗਿਆ, ਜਿਨ੍ਹਾਂ ਨੂੰ ਡਾਕਟਰ ਜੋਧਾ ਸਿੰਘ, ਬੀਬੀ ਗੁਰੂਕਿਰਨ ਕੌਰ ਅਤੇ ਬੀਬੀ ਗੁਰੂਦੇਵ ਕੌਰ ਹੋਰਾਂ ਨੇ ਸਿਖਲਾਈ ਦੇ ਕੇ ਨਿਪੁੰਨ ਕੀਤਾ ਸੀ। ਬੱਚਿਆਂ ਨੂੰ ਆਉਣ ਵਾਲੀ ਪੀੜ੍ਹੀ ਨੂੰ ਸਿੱਖ ਪ੍ਰੰਪਰਾਵਾਂ ਅਤੇ ਆਪਣੇ ਵਿਰਸੇ ਨਾਲ ਜੋੜੀ ਰੱਖਣ ਵਾਸਤੇ ਇਹ ਅਤਿ ਜ਼ਰੂਰੀ ਅਤੇ ਸ਼ਲਾਘਾਯੋਗ ਕਦਮ ਹੈ ਅਤੇ ਸਮੇਂ ਦੀ ਲੋੜ ਸੀ। ਹਜ਼ੂਰੀ ਰਾਗੀ ਸਾਹਿਬਾਨ ਤੋਂ ਇਲਾਵਾ ਭਾਈ ਅਨੰਤਵੀਰ ਸਿੰਘ ਜੀ ਦਾ ਜਥਾ ਲਾਸ ਏਂਜਲਸ ਤੋਂ, ਭਾਈ ਸਾਹਿਬ ਭਾਈ ਨਿਰੰਜਣ ਸਿੰਘ ਜੀ ਜਵੱਦੀ ਕਲਾਂ ਵਾਲੇ, ਭਾਈ ਸਾਹਿਬ ਭਾਈ ਗਗਨਦੀਪ ਸਿੰਘ ਜੀ ਦਾ ਜੱਥਾ ਪੋਰਟਲੈਂਡ ਤੋਂ ਅਤੇ ਬੀਬੀ ਸਿਮਰਤ ਕੌਰ ਜੀ ਕੈਨੇਡਾ ਤੋਂ ਕੀਰਤਨ ਦਰਬਾਰ ਵਿਚ ਹਾਜ਼ਰੀਆਂ ਭਰਨ ਵਿਸ਼ੇਸ਼ ਤੌਰ 'ਤੇ ਆਏ ਸਨ। ਕੀਰਤਨ ਦਰਬਾਰ ਦੇ ਅੰਤਿਮ ਦਿਨ ਜਿਸ ਦਿਨ ਸ਼ਹਿਰ ਦੇ ਹਫਤਾਵਾਰੀ ਦੀਵਾਨ ਦਾ ਵੀ ਦਿਹਾੜਾ ਹੁੰਦਾ ਹੈ, ਸਾਰੇ ਜਥਿਆਂ ਨੇ ਇਕੱਠੇ ਇਲਾਹੀ ਬਾਣੀ ਦਾ ਕੀਰਤਨ ਕੀਤਾ, ਤਾਂ ਸੰਗਤਾਂ ਝੂਮ ਰਹੀਆਂ ਸਨ। ਹਜ਼ੂਰੀ ਰਾਗੀ ਭਾਈ ਸਾਹਿਬ ਭਾਈ ਸਤਵਿੰਦਰ ਸਿੰਘ ਜੀ ਜਦ ਕੀਰਤਨ ਕਰਦੇ-ਕਰਦੇ ਵਾਹਿਗੁਰੂ-ਵਾਹਿਗੁਰੂ ਸਿਮਰਨ ਕਰਵਾਉਂਦੇ, ਤਾਂ ਬੈਕੁੰਠ ਧਾਮ ਵਿਚ ਹਾਜ਼ਰੀ ਭਰ ਰਹੇ ਹੋਣ ਦਾ ਭੁਲੇਖਾ ਪੈਂਦਾ। ਸਤਿਕਾਰਯੋਗ ਭਗਤ ਤ੍ਰਿਲੋਚਨ ਜੀ ਦਾ ਸ਼ਬਦ "ਮਿਲ ਮੇਰੇ ਬੀਠੁਲਾ ਲੈ ਬਾਹੜੀ ਵਲਾਇ



ਮਿਲ ਮੇਰੇ ਰਮਈਆ ਮੈ ਲੇਹਿ ਛਡਾਇ", ਭਾਈ ਸਾਹਿਬ ਭਾਈ ਨਿਰੰਜਣ ਸਿੰਘ ਜੀ ਜਵੱਦੀ ਕਲਾਂ ਵਾਲਿਆਂ ਵੱਲੋਂ ਗਾਇਨ ਕੀਤੀ ਭਾਈ ਨੰਦ ਲਾਲ ਜੀ ਦੀ ਵਾਰ "ਹੱਕ ਹੱਕ ਆਗਾਹ ਗੁਰੂ ਗੋਬਿੰਦ ਸਿੰਘ ਸ਼ਾਹਿ ਸ਼ਾਹਨਸ਼ਾਹ ਗੁਰੂ ਗੋਬਿੰਦ ਸਿੰਘ ਅਤੇ ਹਮ ਬੈਠੇ ਤੁਮ ਦੇਹੁ ਆਸੀਸਾ ਤੁਮ ਰਾਜਾ ਰਾਜਨ ਕੇ ਈਸਾ" ਦਾ ਸੰਗਤ ਨੇ ਸਾਹ ਰੋਕ ਕੇ ਆਨੰਦ ਮਾਣਿਆ। ਉਪਰੰਤ ਆਨੰਦ ਸਾਹਿਬ ਜੀ ਦੇ ਜਾਪ, ਅਰਦਾਸ, ਹੁਕਮਨਾਮਾ ਅਤੇ ਗੁਰੂ ਕੇ ਅਤੁੱਟ ਲੰਗਰ ਵਰਤੇ। ਦੁੱਧ ਵਿਚ ਪਕਾਈਆਂ ਸੇਵੀਆਂ ਅਤੇ ਉਨ੍ਹਾਂ ਵਿਚ ਰਲਾਈਆਂ ਸੋਹੀਆਂ ਜਲੇਬੀਆਂ ਨੇ ਪੰਜਾਬ ਵਿਚ ਬੈਠੇ ਹੋਣ ਦਾ ਅਹਿਸਾਸ ਕਰਵਾਇਆ।

**-ਹਰਦੀਪ ਸਿੰਘ ਸੋਢੀ ਨਡਾਲਾ**

**ਫੀਨਿਕਸ :** 480-794-0325

# ਸੱਭਿਆਚਾਰਕ ਸੱਥ ਪੰਜਾਬ ਵਲੋਂ ਮਕਬੂਲ ਲੋਕ ਗਾਇਕ ਜਸਬੀਰ ਜੱਸੀ ਗੁਰਦਾਸਪੁਰੀਆ ਦਾ ਵਿਸ਼ੇਸ਼ ਸਨਮਾਨ

**ਲੁਧਿਆਣਾ, (ਪੰਜਾਬ ਮੇਲ)-** ਪਿਛਲੇ ਦਿਨੀਂ ਸੱਭਿਆਚਾਰਕ ਸੱਥ ਪੰਜਾਬ ਵਲੋਂ ਚੇਅਰਮੈਨ ਸ. ਜਸਮੇਰ ਸਿੰਘ ਢੱਟ ਤੇ ਰੇਡੀਓ ਪੰਜਾਬੀ ਲਹਿਰਾਂ ਟੋਰਾਂਟੋ ਦੇ ਬਾਨੀ, ਸਰਦਾਰ ਸਤਵਿੰਦਰਪਾਲ ਸਿੱਧਵਾਂ ਨੇ ਲੋਕ ਗਾਇਕ ਤੇ ਅਦਾਕਾਰ ਜੱਸੀ ਜਸਬੀਰ ਗੁਰਦਾਸਪੁਰੀਆ ਦਾ ਵਿਸ਼ੇਸ਼ ਸਨਮਾਨ ਕੀਤਾ। ਜਸਬੀਰ ਜੱਸੀ ਵਲੋਂ ਸੱਭਿਆਚਾਰਕ ਦੂਤ ਵਜੋਂ ਦੁਨੀਆਂ ਭਰ ਵਿਚ ਪੰਜਾਬੀ ਲੋਕ ਸੰਗੀਤ ਨੂੰ ਪ੍ਰਮੋਟ ਕਰਨ ਹਿਤ ਪਾਏ ਯੋਗਦਾਨ ਬਦਲੇ ਇਹ ਸਨਮਾਨ ਕੀਤਾ ਗਿਆ, ਜਿਸ ਵਿਚ ਇਕ ਖ਼ੂਬਸੂਰਤ ਫੁੱਲਕਾਰੀ ਅਤੇ ਟਰਾਫ਼ੀ ਭੇਟ ਕੀਤੀ ਗਈ। ਇਸ ਸਾਦਾ ਪਰ ਪ੍ਰਭਾਵਸ਼ਾਲੀ ਸਮਾਗਮ ਵਿਚ ਆਏ ਮਹਿਮਾਨਾਂ ਦਾ ਸਵਾਗਤ ਕਰਦਿਆਂ ਸਰਦਾਰ ਜਸਮੇਰ ਸਿੰਘ ਢੱਟ ਨੇ ਕਿਹਾ ਕਿ ਜੱਸੀ ਜਸਬੀਰ ਨੇ ਰਵਾਇਤੀ ਲੋਕ ਗਾਇਕੀ ਨੂੰ ਪੌਪ ਦੀ ਪੁੱਠ ਵਿਚ ਢਾਲ ਕੇ ਸੰਗੀਤ ਨੂੰ ਨਵੀਂ ਪਹਿਚਾਣ ਦਿੱਤੀ ਹੈ। ਲੋਕ ਰੰਗ ਦੇ ਇਲਾਵਾ ਸੂਫ਼ੀ ਗਾਇਕੀ ਵਿਚ ਵੀ ਜੱਸੀ ਦਾ ਕੋਈ ਸਾਨੀ ਨਹੀਂ ਹੈ। ਬਾਲੀਵੁੱਡ ਦੀ ਫ਼ਿਲਮ "ਪਟਿਆਲਾ ਹਾਊਸ" ਦੇ ਮਸ਼ਹੂਰ ਗੀਤ 'ਲੌਂਗ ਦਾ ਲਿਸ਼ਕਾਰਾ' ਨੇ ਜੱਸੀ ਨੂੰ ਜਿਥੇ ਦੁਨੀਆਂ ਭਰ ਵਿਚ ਹੋਰ ਵੀ ਮਸ਼ਹੂਰ ਕਰ ਦਿੱਤਾ ਹੈ, ਉਥੇ ਬਾਲੀਵੁੱਡ ਵਿਚ ਵੀ ਜੱਸੀ ਦੀ ਡਿਮਾਂਡ ਹੋਰ ਵੱਧ ਗਈ ਹੈ। ਜੱਸੀ ਨੇ ਤਿੰਨ ਦਹਾਕਿਆਂ ਤੋਂ ਵੀ ਵੱਧ ਸਮੇਂ ਤੋਂ ਪੰਜਾਬੀ ਗਾਇਕੀ ਦੇ ਅਸਮਾਨ ਵਿਚ ਧਰੂੰ ਤਾਰੇ ਵਾਂਗ ਆਪਣਾ ਵਿਸ਼ੇਸ਼ ਸਥਾਨ ਬਣਾਇਆ ਹੋਇਆ ਹੈ।

ਉੱਘੇ ਕਵੀਸ਼ਰ ਸਤਿੰਦਰਪਾਲ ਸਿੱਧਵਾਂ ਨੇ ਕਿਹਾ ਕਿ ਜਸਬੀਰ ਜੱਸੀ ਨੇ ਇੰਗਲੈਂਡ, ਕੈਨੇਡਾ ਅਤੇ ਅਮਰੀਕਾ ਵਰਗੇ ਦੇਸ਼ਾਂ ਦੇ ਪੰਜਾਬੀਆਂ ਦੇ ਦਿਲਾਂ ਅੰਦਰ ਵਿਸ਼ੇਸ ਸਥਾਨ ਬਣਾਇਆ ਹੋਇਆ ਹੈ, ਜਿਸ ਕਰਕੇ ਵਿਦੇਸ਼ਾਂ ਵਿਚ ਵਸਦੇ ਪੰਜਾਬੀ ਜੱਸੀ ਜਸਬੀਰ ਦੇ ਸ਼ੋਆਂ ਦੀ ਬੇਸਬਰੀ ਨਾਲ ਉਡੀਕ ਕਰਦੇ ਰਹਿੰਦੇ ਹਨ। ਜੱਸੀ ਪੰਜਾਬ ਦਾ ਇਕੋ ਇਕ ਲੋਕ ਗਾਇਕ ਹੈ, ਜੋ ਪੰਜਾਬ ਵਾਂਗ ਭਾਰਤ ਦੇ ਦੂਸਰੇ ਸੂਬਿਆਂ ਵਿਚ ਵੀ ਇੰਨਾ ਹੀ ਪਾਪੂਲਰ ਹੈ, ਇਸੇ ਕਰਕੇ ਪੰਜਾਬ ਦੇ ਨਵੇਂ ਪੁਰਾਣੇ ਸਾਰੇ ਗਾਇਕ ਜੱਸੀ ਨੂੰ ਪੂਰਾ ਮਾਣ-ਸਤਿਕਾਰ ਦਿੰਦੇ ਹਨ। ਜਸਬੀਰ ਜੱਸੀ ਸਮਾਗਮ ਤੋਂ ਪਹਿਲਾਂ ਸ. ਜਸਮੇਰ ਸਿੰਘ ਢੱਟ ਦੇ ਗ੍ਰਹਿ ਵਿਖੇ ਵੀ ਪਧਾਰੇ, ਜਿਥੇ ਲੋਕ ਕਲਾਵਾਂ ਦੇ ਮਾਹਰ ਡਾ. ਦਵਿੰਦਰ ਕੌਰ ਢੱਟ ਨੇ ਫੁੱਲਾਂ ਦੇ ਗੁਲਦਸਤੇ ਨਾਲ ਉਨ੍ਹਾਂ ਦਾ ਸਵਾਗਤ ਕੀਤਾ। ਜੱਸੀ ਨੇ ਮੈਡਮ ਢੱਟ ਦੁਆਰਾ ਹੱਥੀਂ ਬਣਾਈਆਂ ਖ਼ੂਬਸੂਰਤ ਗੁੱਡੀਆਂ ਪਟੋਲਿਆਂ ਦੀ ਰਜਵੀਂ ਪ੍ਰਸ਼ੰਸਾ ਵੀ ਕੀਤੀ। ਇਸ ਸਮੇਂ ਜਸਬੀਰ ਜੱਸੀ ਨੇ ਸੱਭਿਆਚਾਰਕ ਸੱਥ ਦਾ ਧੰਨਵਾਦ ਕਰਦਿਆਂ ਜਸਮੇਰ ਸਿੰਘ ਢੱਟ ਦੀ ਅਗਵਾਈ ਵਿਚ "ਮਿਸ ਵਰਲਡ ਪੰਜਾਬਣ" ਮੁਕਾਬਲਿਆਂ ਰਾਹੀਂ ਪੰਜਾਬੀ ਮੁਟਿਆਰਾਂ ਨੂੰ ਆਪਣੀ ਵਿਰਾਸਤ ਨਾਲ ਜੋੜਨ ਲਈ ਕੀਤੇ ਜਾ ਰਹੇ ਉਪਰਾਲਿਆਂ ਲਈ ਮੁਬਾਰਕਬਾਦ ਦਿੱਤੀ। ਇਸ ਸਮੇਂ ਜੱਸੀ ਜਸਬੀਰ ਨੇ ਆਪਣੇ ਕੁਝ ਚਰਚਿੱਤ ਗੀਤਾਂ ਦੇ ਮੁੱਖੜੇ ਸੁਣਾ ਕੇ ਵਾਹਵਾ ਖੱਟੀ। ਹਾਜ਼ਰੀਨ ਦੀ ਫਰਮਾਇਸ਼ 'ਤੇ ਸ. ਸਤਿੰਦਰਪਾਲ ਸਿੱਧਵਾਂ ਨੇ ਪੂਰਨ-ਲੂਣਾਂ ਦਾ ਕਿੱਸਾ ਪੇਸ਼ ਕੀਤਾ। ਇਸ ਸਮਾਗਮ ਦੌਰਾਨ ਪ੍ਰੋ. ਨਿਰਮਲ ਜੌੜਾ ਡਾਇਰੈਕਟਰ, ਯੁਵਕ ਭਿਲਾਈ ਵਿਭਾਗ ਖੇਤੀਬਾੜੀ ਯੂਨੀਵਰਸਿਟੀ ਲੁਧਿਆਣਾ ਕੁੱਝ ਸਮੇਂ ਲਈ ਹਾਜ਼ਰ ਹੋਏ ਅਤੇ ਸਾਰਿਆਂ ਨੂੰ ਮਿਲਕੇ ਖ਼ੁਸ਼ੀ ਦਾ ਇਜ਼ਹਾਰ ਕੀਤਾ। ਸਮਾਗਮ ਮੌਕੇ ਹੋਰਨਾਂ ਤੋਂ ਇਲਾਵਾ ਗਾਇਕ ਬਲਬੀਰ ਸੂਫ਼ੀ। ਗਾਇਕ ਤੇ ਵੀਡੀਓ ਡਾਇਰੈਕਟਰ ਰਬਿੰਦਰ ਰੰਗੂਵਾਲ, ਐਡਮਿੰਟਨ ਕੈਨੇਡਾ ਤੋਂ ਵਤਨਜੀਤ ਗਰੇਵਾਲ, ਪਰਮਵੀਰ ਸਿੰਘ, ਮੈਨੇਜਰ ਸ਼੍ਰੀ ਆਸ਼ੀਸ, ਜਗਜੀਤ ਸਿੰਘ ਲੋਹਟਬੱਦੀ, ਗਾਇਕ ਵਤਨਜੀਤ ਸਿੰਘ, ਕਰਮਜੀਤ ਢੱਟ, ਅਮਰਜੀਤ ਸਿੱਧੂ ਅਤੇ ਜਤਿੰਦਰਪਾਲ ਹੈਪੀ ਆਦਿ ਸਖਸ਼ੀਅਤਾਂ ਹਾਜ਼ਰ ਸਨ।



# ਲਾਹੌਰ ਕਾਲਜ ਦੇ ਗੁਰਦੁਆਰੇ 'ਚ 78 ਸਾਲ ਬਾਅਦ ਅਰਦਾਸ

**ਲਾਹੌਰ, (ਪੰਜਾਬ ਮੇਲ)-** ਲਾਹੌਰ ਦੇ ਮਾਲ ਰੋਡ 'ਤੇ ਸਥਿਤ ਐਚੀਸਨ ਕਾਲਜ ਦਾ ਗੁਰਦੁਆਰਾ 78 ਸਾਲਾਂ ਦੇ ਲੰਮੇ ਵਕਫ਼ੇ ਬਾਅਦ ਉਦੋਂ ਮੁੜ ਜੀਵੰਤ ਹੋ ਉੱਠਿਆ, ਜਦੋਂ ਤਿੰਨ ਸਥਾਨਕ ਪਾਕਿਸਤਾਨੀ ਸਿੱਖ ਨੌਜਵਾਨਾਂ ਨੇ ਇਥੇ ਕੀਰਤਨ ਕੀਤਾ, ਜਿਸ ਵਿਚ ਸਕੂਲ ਦੇ ਵਿਦਿਆਰਥੀ ਅਤੇ ਸ਼ਹਿਰ ਦੇ ਮੁਸਲਿਮ ਨਾਗਰਿਕ (ਮਰਦ ਅਤੇ ਔਰਤਾਂ ਦੋਵੇਂ) ਸ਼ਾਮਲ ਹੋਏ।

1947 ਤੋਂ ਬਾਅਦ ਪਹਿਲੀ ਵਾਰ ਗੁਰਦੁਆਰੇ ਦੇ ਚਾਰੇ ਦਰਵਾਜ਼ੇ ਖੋਲ੍ਹੇ ਗਏ, ਜੋ ਕਿ ਸਾਰੇ ਧਰਮਾਂ ਦੇ ਲੋਕਾਂ ਦਾ ਸਵਾਗਤ ਕਰ ਰਹੇ ਸਨ। ਜਦੋਂ ਤਿੰਨ ਸਿੱਖ ਨੌਜਵਾਨਾਂ ਨੇ ਸ਼ਬਦ 'ਅਵਲਿ ਅਲਹ ਨੂਰੁ ਉਪਾਇਆ', 'ਫਰੀਦਾ ਬੁਰੇ ਦਾ ਭਲਾ ਕਰ' ਅਤੇ 'ਕੋਈ ਬੋਲੈ ਰਾਮ ਰਾਮ ਕੋਈ ਖੁਦਾਇ' ਗਾਏ, ਤਾਂ ਮਾਹੌਲ ਭਾਵੁਕ ਅਤੇ ਰੂਹਾਨੀ ਹੋ ਗਿਆ।



ਪਾਕਿਸਤਾਨ ਦੇ ਘੱਟ ਗਿਣਤੀ ਮਾਮਲਿਆਂ ਦੇ ਮੰਤਰੀ ਰਮੇਸ਼ ਸਿੰਘ ਅਰੋੜਾ ਸਮੇਤ ਲਗਭਗ 75 ਲੋਕਾਂ ਅਤੇ ਪੁਰਾਣੇ ਵਿਦਿਆਰਥੀਆਂ ਦੇ ਪਰਿਵਾਰਾਂ ਨੇ ਇਸ ਅਰਦਾਸ ਸਭਾ ਵਿਚ ਸ਼ਿਰਕਤ ਕੀਤੀ।

ਇੱਕ ਭਾਰਤੀ ਸਿੱਖ ਅਜੈਬੀਰ ਸੋਢੀ, ਜਿਨ੍ਹਾਂ ਦੇ ਪਿਤਾ ਅਤੇ ਉਨ੍ਹਾਂ ਤੋਂ ਪਹਿਲਾਂ ਦੀਆਂ ਤਿੰਨ ਪੀੜ੍ਹੀਆਂ ਨੇ ਐਚੀਸਨ ਕਾਲਜ ਵਿਚ ਪੜ੍ਹਾਈ ਕੀਤੀ ਸੀ, ਉਹ ਭਾਰਤੀ ਉਪਮਹਾਂਦੀਪ ਦੇ ਸਭ ਤੋਂ ਪੁਰਾਣੇ ਪਬਲਿਕ ਸਕੂਲ ਦੀ 140ਵੀਂ ਵਰ੍ਹੇਗੰਢ ਦੇ ਜਸ਼ਨਾਂ ਦਾ ਹਿੱਸਾ ਬਣਨ ਲਈ ਕੁਝ ਦਿਨ ਪਹਿਲਾਂ ਹੀ ਲਾਹੌਰ ਪਹੁੰਚੇ ਸਨ। ਇਹ ਉਹ ਸੰਸਥਾ ਹੈ, ਜਿੱਥੇ ਕਦੇ ਅਣਵੰਡੇ ਪੰਜਾਬ ਦੇ ਸਾਬਕਾ ਰਾਜ ਘਰਾਣਿਆਂ ਅਤੇ ਕੁਲੀਨ ਪਰਿਵਾਰਾਂ ਦੇ ਬੱਚੇ ਪੜ੍ਹਦੇ ਹੁੰਦੇ ਸਨ। ਸੋਢੀ ਨੇ ਕਿਹਾ, "ਇਸ ਗੁਰਦੁਆਰੇ ਵਿਚ ਹੋਣਾ ਮੇਰੇ ਲਈ ਮਾਣ ਵਾਲੀ ਗੱਲ ਹੈ, ਜਿੱਥੇ ਮੇਰੇ ਪਿਤਾ ਨੇ ਐਚੀਸਨ ਕਾਲਜ ਦੇ ਵਿਦਿਆਰਥੀ ਵਜੋਂ ਕਈ ਸਾਲਾਂ ਤੱਕ ਹਰ ਸ਼ਾਮ ਪ੍ਰਾਰਥਨਾ ਕੀਤੀ ਸੀ। ਮੈਂ ਜਲਦੀ ਹੀ ਉਨ੍ਹਾਂ ਨੂੰ ਇੱਥੇ ਵਾਪਸ ਲਿਆਉਣ ਦੀ ਉਮੀਦ ਕਰਦਾ ਹਾਂ।" ਲਗਪਗ 15 ਭਾਰਤੀ ਸਿੱਖਾਂ ਨੂੰ ਇਸ ਮਹਾਨ ਸੰਸਥਾ ਵਿਚ ਬਿਤਾਇਆ ਆਪਣਾ ਬਚਪਨ ਚੰਗੀ ਤਰ੍ਹਾਂ ਯਾਦ ਹੈ। ਹਾਲਾਂਕਿ ਉਨ੍ਹਾਂ ਵਿਚੋਂ ਕੋਈ ਵੀ ਪਾਕਿਸਤਾਨ ਦੀ ਯਾਤਰਾ ਨਹੀਂ ਕਰ ਸਕਿਆ। ਗੱਲਬਾਤ ਅਤੇ ਇੰਟਰਵਿਊ ਦੌਰਾਨ ਕਈਆਂ ਨੇ ਕਿਹਾ ਕਿ ਉਨ੍ਹਾਂ ਨੂੰ ਗੁਰਦੁਆਰੇ ਵਿਚ ਕੀਤੀ ਇਬਾਦਤ, ਇਸ ਦਾ ਕਾਲੇ ਅਤੇ ਚਿੱਟੇ ਸੰਗਮਰਮਰ ਦਾ ਫਰਸ਼ ਅਤੇ ਇਸ ਦੀ ਖ਼ੂਬਸੂਰਤ ਵਾਸਤੂਕਲਾ ਬਹੁਤ ਯਾਦ ਆਉਂਦੀ ਹੈ, ਜੋ ਕਿਸੇ ਮਹਿਲ ਵਰਗੀ ਲੱਗਦੀ ਸੀ।

# ਮਾਣਹਾਨੀ ਮਾਮਲਾ : ਅਦਾਲਤ ਵੱਲੋਂ ਸੁਖਬੀਰ ਬਾਦਲ ਨੂੰ ਨਿੱਜੀ ਪੇਸ਼ੀ ਤੋਂ ਛੋਟ

**ਚੰਡੀਗੜ੍ਹ, (ਪੰਜਾਬ ਮੇਲ)-** ਚੰਡੀਗੜ੍ਹ ਦੀ ਇਕ ਅਦਾਲਤ ਨੇ ਪੰਜਾਬ ਦੇ ਸਾਬਕਾ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਦੀ ਇਕ ਮਾਣਹਾਨੀ ਕੇਸ ਵਿਚ ਨਿੱਜੀ ਪੇਸ਼ੀ ਤੋਂ ਛੋਟ ਦੀ ਅਰਜ਼ੀ ਨੂੰ ਮਨਜ਼ੂਰ ਕਰ ਲਿਆ ਹੈ। ਅਦਾਲਤ ਨੇ ਮਾਮਲੇ ਦੀ ਅਗਲੀ ਸੁਣਵਾਈ ਹੁਣ 27 ਫਰਵਰੀ ਨਿਰਧਾਰਿਤ ਕੀਤੀ ਹੈ। ਜ਼ਿਕਰਯੋਗ ਹੈ ਕਿ ਪਿਛਲੀ ਸੁਣਵਾਈ ਦੌਰਾਨ ਅਦਾਲਤ ਵਿਚ ਗੈਰ-ਹਾਜ਼ਰ ਰਹਿਣ ਕਾਰਨ ਸੁਖਬੀਰ ਬਾਦਲ ਵਿਰੁੱਧ ਗੈਰ-ਜ਼ਮਾਨਤੀ ਵਾਰੰਟ ਜਾਰੀ ਕੀਤੇ ਗਏ ਸਨ, ਜਿਸ ਤੋਂ ਬਾਅਦ ਉਨ੍ਹਾਂ ਨੇ ਅਦਾਲਤ ਵਿਚ ਪੇਸ਼ ਹੋ ਕੇ ਜ਼ਮਾਨਤ ਹਾਸਲ ਕੀਤੀ ਸੀ। ਸੁਖਬੀਰ ਬਾਦਲ ਦੇ ਵਕੀਲ ਰਾਜੇਸ਼ ਕੁਮਾਰ ਰਾਏ ਰਾਹੀਂ ਦਾਇਰ ਕੀਤੀ ਗਈ ਅਰਜ਼ੀ ਵਿਚ ਦੱਸਿਆ ਗਿਆ ਕਿ ਸਾਬਕਾ ਉਪ ਮੁੱਖ ਮੰਤਰੀ ਦੀ ਪਿੰਡ ਬਾਦਲ ਵਿਚ ਸ਼੍ਰੋਮਣੀ ਅਕਾਲੀ ਦਲ ਦੇ ਸੀਨੀਅਰ ਆਗੂਆਂ ਅਤੇ ਹੋਰ ਪਤਵੰਤਿਆਂ ਨਾਲ ਇਕ ਅਹਿਮ ਮੀਟਿੰਗ ਹੈ। ਇਸ ਮੀਟਿੰਗ ਵਿਚ ਪੰਜਾਬ ਨਾਲ ਸੰਬੰਧਤ ਕਈ ਗੰਭੀਰ ਮੁੱਦਿਆਂ 'ਤੇ ਵਿਚਾਰ-ਵਟਾਂਦਰਾ ਕੀਤਾ ਜਾਣਾ ਹੈ ਅਤੇ ਵੱਖ-ਵੱਖ ਪਿੰਡਾਂ ਤੇ ਸ਼ਹਿਰਾਂ ਤੋਂ ਵੱਡੀ ਗਿਣਤੀ ਵਿਚ ਲੋਕਾਂ ਦੇ ਪਹੁੰਚਣ ਦੀ ਉਮੀਦ ਹੈ। ਅਰਜ਼ੀ ਵਿਚ ਕਿਹਾ ਗਿਆ ਕਿ ਪਾਰਟੀ ਪ੍ਰਧਾਨ ਹੋਣ ਦੇ ਨਾਤੇ ਉਨ੍ਹਾਂ ਦੀ ਮੌਜੂਦਗੀ ਇਸ ਮੀਟਿੰਗ ਲਈ ਬੇਹੱਦ ਜ਼ਰੂਰੀ ਹੈ।



# 2024-25 'ਚ ਚੋਣ ਟਰੱਸਟਾਂ ਨੂੰ 3,826.34 ਕਰੋੜ ਰੁਪਏ ਦਾ ਚੰਦਾ

**ਨਵੀਂ ਦਿੱਲੀ, (ਪੰਜਾਬ ਮੇਲ)-** ਵਿੱਤੀ ਸਾਲ 2024-25 'ਚ ਚੋਣ ਟਰੱਸਟਾਂ ਨੂੰ 3,826.34 ਕਰੋੜ ਰੁਪਏ ਦਾ ਚੰਦਾ ਪ੍ਰਾਪਤ ਹੋਇਆ ਅਤੇ ਉਨ੍ਹਾਂ 3,826.35 ਕਰੋੜ ਰੁਪਏ ਸਿਆਸੀ ਪਾਰਟੀਆਂ ਨੂੰ ਵੰਡੇ, ਜਿਸ 'ਚੋਂ 82 ਫੀਸਦੀ ਤੋਂ ਵੱਧ ਰਾਸ਼ੀ ਭਾਜਪਾ ਨੂੰ ਮਿਲੀ। ਇਹ ਜਾਣਕਾਰੀ ਐਸੋਸੀਏਸ਼ਨ ਫਾਰ ਡੈਮੋਕਰੇਟਿਕ ਰਿਫਾਰਮਜ਼ (ਏ.ਡੀ.ਆਰ.) ਨੇ ਦਿੱਤੀ। ਚੋਣ ਕਮਿਸ਼ਨ ਕੋਲ ਪੇਸ਼ ਚੰਦੇ ਦੇ ਦਸਤਾਵੇਜ਼ਾਂ ਦਾ ਵਿਸ਼ਲੇਸ਼ਣ ਕਰਦਿਆਂ ਆਪਣੀ ਨਵੀਂ ਰਿਪੋਰਟ 'ਚ ਐੱਨ.ਜੀ.ਓ. ਨੇ ਕਿਹਾ ਕਿ ਰਜਿਸਟਰਡ 20 ਚੋਣ ਟਰੱਸਟਾਂ 'ਚੋਂ 10 ਨੇ ਵਿੱਤੀ ਸਾਲ 2025 ਦੌਰਾਨ ਚੰਦਾ ਪ੍ਰਾਪਤ ਕਰਨ ਦਾ ਐਲਾਨ ਕੀਤਾ ਅਤੇ ਪੰਜ ਟਰੱਸਟਾਂ ਦੀ ਰਿਪੋਰਟ ਸਮਾਂਹੱਦ ਦੇ ਤਿੰਨ ਮਹੀਨੇ ਬਾਅਦ ਵੀ ਚੋਣ ਕਮਿਸ਼ਨ ਵੈੱਬਸਾਈਟ 'ਤੇ ਮੁਹੱਈਆ ਨਹੀਂ ਸੀ। ਏ.ਡੀ.ਆਰ. ਅਨੁਸਾਰ ਵਿੱਤੀ ਸਾਲ ਦੌਰਾਨ ਕਾਰਪੋਰੇਸ਼ਨਾਂ ਤੇ ਵਿਅਕਤੀਆਂ ਤੋਂ ਕੁੱਲ 3,826.3417 ਕਰੋੜ ਰੁਪਏ ਪ੍ਰਾਪਤ ਹੋਏ ਅਤੇ 3,826.3522 ਕਰੋੜ ਰੁਪਏ ਵੱਖ-ਵੱਖ ਸਿਆਸੀ ਪਾਰਟੀਆਂ ਨੂੰ ਵੰਡੇ ਗਏ। ਨਿਯਮਾਂ ਤਹਿਤ ਟਰੱਸਟਾਂ ਨੂੰ ਇਕ ਸਾਲ ਅੰਦਰ ਪ੍ਰਾਪਤ ਚੰਦੇ ਦਾ ਘੱਟੋ-ਘੱਟ 95 ਫੀਸਦੀ ਹਿੱਸਾ ਵੰਡਣਾ ਲਾਜ਼ਮੀ ਹੁੰਦਾ ਹੈ। ਸੱਤਾ ਧਿਰ ਭਾਜਪਾ ਨੂੰ 3,157.6449 ਕਰੋੜ ਰੁਪਏ ਮਿਲੇ, ਜੋ ਚੋਣ ਟਰੱਸਟਾਂ ਵੱਲੋਂ ਵੰਡੀ ਗਈ ਕੁੱਲ ਰਾਸ਼ੀ ਦਾ 82.52 ਫੀਸਦੀ ਹਿੱਸਾ ਹੈ। ਕਾਂਗਰਸ ਨੂੰ 298.7795 ਕਰੋੜ ਰੁਪਏ (7.81 ਫੀਸਦੀ) ਮਿਲੇ ਅਤੇ ਤ੍ਰਿਣਮੂਲ ਕਾਂਗਰਸ ਨੂੰ 102 ਕਰੋੜ (2.67 ਫੀਸਦੀ) ਰੁਪਏ ਮਿਲੇ। ਹੋਰ 19 ਪਾਰਟੀਆਂ ਨੂੰ ਕੁੱਲ ਮਿਲਾ ਕੇ 267.9178 ਕਰੋੜ ਰੁਪਏ ਪ੍ਰਾਪਤ ਹੋਏ। ਏ.ਡੀ.ਆਰ. ਨੇ ਦੱਸਿਆ ਕਿ 228 ਕਾਰਪੋਰੇਟਾਂ ਜਾਂ ਕਾਰੋਬਾਰੀ ਘਰਾਣਿਆਂ ਨੇ 3,636.819 ਕਰੋੜ ਰੁਪਏ ਦਾ ਯੋਗਦਾਨ ਪਾਇਆ ਅਤੇ 99 ਵਿਅਕਤੀਆਂ ਨੇ 187.6227 ਕਰੋੜ ਰੁਪਏ ਦਾਨ ਕੀਤੇ।

**■ ਭਾਜਪਾ ਨੂੰ 82; ਕਾਂਗਰਸ ਨੂੰ 7.81 ਤੇ ਤ੍ਰਿਣਮੂਲ ਕਾਂਗਰਸ ਨੂੰ 2.67 ਫੀਸਦੀ ਚੰਦਾ ਮਿਲਿਆ**

# ਅਮਰੀਕਾ 'ਚ ਲਾਪਤਾ ਹੋਏ ਭਾਰਤੀ ਨੌਜਵਾਨ ਦੀ ਮਿਲੀ ਲਾਸ਼

**ਸਾਨ ਫਰਾਂਸਿਸਕੋ, (ਪੰਜਾਬ ਮੇਲ)-** ਅਮਰੀਕਾ ਤੋਂ ਇਕ ਬੇਹੱਦ ਸਨਸਨੀਖੇਜ਼ ਖ਼ਬਰ ਸਾਹਮਣੇ ਆਈ ਹੈ, ਜਿੱਥੋਂ ਦੀ ਕੈਲੀਫੋਰਨੀਆ ਯੂਨੀਵਰਸਿਟੀ (ਬਰਕਲੇ) ਵਿੱਚ ਪੋਸਟ-ਗ੍ਰੈਜੂਏਸ਼ਨ ਦੀ ਪੜ੍ਹਾਈ ਕਰ ਰਿਹਾ 22 ਸਾਲਾ ਭਾਰਤੀ ਵਿਦਿਆਰਥੀ ਸਾਕੇਤ ਸ੍ਰੀਨਿਵਾਸਈਆ, ਜੋ ਕਿ ਪਿਛਲੇ 6 ਦਿਨਾਂ ਤੋਂ ਲਾਪਤਾ ਸੀ, ਦੀ ਲਾਸ਼ ਬਰਾਮਦ ਹੋ ਗਈ ਹੈ, ਜਿਸ ਮਗਰੋਂ ਇਲਾਕੇ 'ਚ ਸਨਸਨੀ ਫੈਲ ਗਈ ਹੈ।



ਸਾਨ ਫਰਾਂਸਿਸਕੋ ਸਥਿਤ ਭਾਰਤੀ ਦੂਤਾਵਾਸ ਨੇ ਸ਼ਨੀਵਾਰ ਨੂੰ ਸਾਕੇਤ ਦੀ ਮੌਤ ਦੀ ਪੁਸ਼ਟੀ ਕੀਤੀ ਹੈ। ਸਥਾਨਕ ਪੁਲਿਸ ਨੂੰ ਉਸ ਦੀ ਲਾਸ਼ ਤਲਾਸ਼ੀ ਮੁਹਿੰਮ ਦੌਰਾਨ ਬਰਾਮਦ ਹੋਈ ਹੈ। ਕਰਨਾਟਕ ਦਾ ਰਹਿਣ ਵਾਲਾ ਸਾਕੇਤ ਸੋਮਵਾਰ ਤੋਂ ਲਾਪਤਾ ਸੀ। ਉਸ ਦਾ ਬੈਗ, ਜਿਸ ਵਿਚ ਪਾਸਪੋਰਟ ਅਤੇ ਲੈਪਟਾਪ ਸੀ, ਪਹਿਲਾਂ ਹੀ ਬਰਕਲੇ ਹਿਲਜ਼ ਦੇ ਇੱਕ ਘਰ ਦੇ ਬਾਹਰੋਂ ਮਿਲਿਆ ਸੀ।

ਭਾਰਤੀ ਦੂਤਾਵਾਸ ਨੇ ਇਸ ਘਟਨਾ 'ਤੇ ਡੂੰਘੇ ਦੁੱਖ ਦਾ ਪ੍ਰਗਟਾਵਾ ਕੀਤਾ ਹੈ। ਦੂਤਾਵਾਸ ਦੇ ਅਧਿਕਾਰੀ ਸਾਕੇਤ ਦੇ ਪਰਿਵਾਰ ਨਾਲ ਸੰਪਰਕ ਵਿਚ ਹਨ ਅਤੇ ਉਸ ਦੀ ਮ੍ਰਿਤਕ ਦੇਹ ਨੂੰ ਜਲਦੀ ਤੋਂ ਜਲਦੀ ਭਾਰਤ ਭੇਜਣ ਦੇ ਪ੍ਰਬੰਧ ਕਰ ਰਹੇ ਹਨ। ਸਾਕੇਤ ਆਈ.ਆਈ.ਟੀ. ਮਦਰਾਸ ਦਾ ਸਾਬਕਾ ਵਿਦਿਆਰਥੀ ਸੀ ਅਤੇ ਬਰਕਲੇ ਵਿਚ ਕੈਮੀਕਲ ਇੰਜੀਨੀਅਰਿੰਗ ਦੀ ਪੜ੍ਹਾਈ ਕਰ ਰਿਹਾ ਸੀ। ਪੁਲਿਸ ਵੱਲੋਂ ਮੌਤ ਦੇ ਅਸਲ ਕਾਰਨਾਂ ਦਾ ਪਤਾ ਲਗਾਉਣ ਲਈ ਜਾਂਚ ਕੀਤੀ ਜਾ ਰਹੀ ਹੈ। ਇਸ ਦੁਖਦਾਈ ਖ਼ਬਰ ਨਾਲ ਸਾਕੇਤ ਦੇ ਪਰਿਵਾਰ ਅਤੇ ਦੋਸਤਾਂ ਵਿਚ ਸੋਗ ਦੀ ਲਹਿਰ ਹੈ। ਫਿਲਹਾਲ ਉਸ ਦੇ ਲਾਪਤਾ ਹੋਣ ਤੇ ਮੌਤ ਦੇ ਕਾਰਨਾਂ ਦੀ ਪੁਲਿਸ ਤੇਜ਼ੀ ਨਾਲ ਜਾਂਚ ਕਰ ਰਹੀ ਹੈ।

**ਰੋਜ਼ਾਨਾਂ ਤਾਜ਼ੀਆਂ ਖਬਰਾਂ ਪੜ੍ਹਨ ਲਈ ਪੰਜਾਬ ਮੇਲ ਦੀ ਵੈੱਬਸਾਈਟ 'ਤੇ ਕਲਿੱਕ ਕਰੋ : www.punjabmailusa.com**

# ਇਮੀਗ੍ਰੇਸ਼ਨ ਨੂੰ ਲੈ ਕੇ ਅਮਰੀਕੀ ਸੈਨੇਟ ’ਚ ਛਿੜੀ ਰਾਜਨੀਤਿਕ ਬਹਿਸ

**ਵਾਸ਼ਿੰਗਟਨ ਡੀ.ਸੀ., (ਪੰਜਾਬ ਮੇਲ)-** ਅਮਰੀਕੀ ਸੈਨੇਟ ’ਚ ਇਮੀਗ੍ਰੇਸ਼ਨ ਨੂੰ ਲੈ ਕੇ ਇੱਕ ਵੱਡੀ ਰਾਜਨੀਤਿਕ ਬਹਿਸ ਛਿੜ ਗਈ ਹੈ। ਇਸ ਬਹਿਸ ’ਤੇ ਖਾਸ ਕਰਕੇ ਭਾਰਤੀ ਵੀਜ਼ਾ ਧਾਰਕਾਂ ਅਤੇ ਗ੍ਰੀਨ ਕਾਰਡ ਬਿਨੈਕਾਰਾਂ ਦੁਆਰਾ ਨੇੜਿਓਂ ਨਜ਼ਰ ਰੱਖੀ ਜਾ ਰਹੀ ਹੈ। ਇਹ ਮਾਮਲਾ “ਆਪ੍ਰੇਸ਼ਨ ਮੈਟਰੋ ਸਰਜ” ਨਾਲ ਸਬੰਧਤ ਹੈ, ਜੋ ਕਿ ਇਮੀਗ੍ਰੇਸ਼ਨ ਅਤੇ ਕਸਟਮਜ਼ ਇਨਫੋਰਸਮੈਂਟ (ICE) ਦੁਆਰਾ ਮਿਨੀਸੋਟਾ ਰਾਜ ਵਿਚ ਕੀਤਾ ਗਿਆ ਇੱਕ ਵੱਡਾ ਇਮੀਗ੍ਰੇਸ਼ਨ ਆਪ੍ਰੇਸ਼ਨ ਹੈ।

ਇਹ ਕਾਰਵਾਈ ਸੰਘੀ ਏਜੰਟਾਂ ਅਤੇ ਪ੍ਰਦਰਸ਼ਨਕਾਰੀਆਂ ਵਿਚਕਾਰ ਹੋਏ ਵਿਰੋਧ ਪ੍ਰਦਰਸ਼ਨਾਂ ਅਤੇ ਝੜਪਾਂ ਤੋਂ ਬਾਅਦ ਸ਼ੁਰੂ ਕੀਤੀ ਗਈ ਸੀ। ਦੋ ਅਮਰੀਕੀ ਨਾਗਰਿਕਾਂ, ਰਿਨੀ ਗੂਡ ਅਤੇ ਐਲੇਕਸ ਸੰਘੀ ਏਜੰਟਾਂ ਦੀਆਂ ਵੱਖ-ਵੱਖ ਕਾਰਵਾਈਆਂ ਵਿਚ ਮਾਰੇ ਗਏ ਸਨ। ਉਨ੍ਹਾਂ ਦੀ ਮੌਤ ਸੁਣਵਾਈ ਦਾ ਕੇਂਦਰੀ ਮੁੱਦਾ ਰਹੀ।

ਸੈਨੇਟ ਕਮੇਟੀ ਦੇ ਚੇਅਰਮੈਨ ਸੈਨੇਟਰ ਰੈਂਡ ਪੌਲ ਨੇ ਕਿਹਾ ਕਿ ਸੁਣਵਾਈ ਦਾ ਉਦੇਸ਼ “ਜਨਤਾ ਦੇ ਵਿਸ਼ਵਾਸ ਨੂੰ ਬਹਾਲ ਕਰਨਾ” ਸੀ। ਉਨ੍ਹਾਂ ਕਿਹਾ ਕਿ ਕਿਸੇ ਵੀ ਆਜ਼ਾਦ ਦੇਸ਼ ਵਿਚ, ਜਨਤਕ ਥਾਵਾਂ ’ਤੇ ਸਰਕਾਰੀ ਅਧਿਕਾਰੀਆਂ ਦੀ ਵੀਡੀਓਗ੍ਰਾਫੀ ਕਰਨਾ ਇੱਕ ਸੰਵਿਧਾਨਕ ਅਧਿਕਾਰ ਹੈ। ਉਨ੍ਹਾਂ




ਸਿਆਸਤਦਾਨਾਂ ਅਤੇ ਅਧਿਕਾਰੀਆਂ ਨੂੰ ਅਜਿਹੇ ਬਿਆਨ ਦੇਣ ਵਿਰੁੱਧ ਚੇਤਾਵਨੀ ਦਿੱਤੀ, ਜੋ ਸਥਿਤੀ ਨੂੰ ਹੋਰ ਵਿਗਾੜ ਸਕਦੇ ਹਨ।

ਇਸ ਦੌਰਾਨ, ਕਮੇਟੀ ਦੇ ਇੱਕ ਸੀਨੀਅਰ ਮੈਂਬਰ, ਸੈਨੇਟਰ ਗੈਰੀ ਪੀਟਰਸ ਨੇ ਸੰਘੀ ਅਧਿਕਾਰੀਆਂ ’ਤੇ “ਹਿੰਸਕ ਅਤੇ ਬਹੁਤ ਜ਼ਿਆਦਾ ਸਖ਼ਤ ਕਾਰਵਾਈ” ਕਰਨ ਦਾ ਦੋਸ਼ ਲਗਾਇਆ। ਉਨ੍ਹਾਂ ਕਿਹਾ ਕਿ ਪ੍ਰਸ਼ਾਸਨ ਨੇ ਇੱਕ ਅਜਿਹਾ ਮਾਹੌਲ ਬਣਾਇਆ, ਜਿਸ ਵਿਚ ਪੀੜਤਾਂ ਨੂੰ ਗਲਤ ਢੰਗ ਨਾਲ ਹਿੰਸਕ ਵਜੋਂ ਦਰਸਾਇਆ ਗਿਆ।

ਮਿਨੀਸੋਟਾ ਦੇ ਅਟਾਰਨੀ ਜਨਰਲ ਕੀਥ ਐਲੀਸਨ ਨੇ ਇਸ ਕਾਰਵਾਈ ਨੂੰ ਦੇਸ਼ ਦੇ ਇਤਿਹਾਸ ਵਿਚ ਸਭ ਤੋਂ ਵੱਡਾ ਇਮੀਗ੍ਰੇਸ਼ਨ ਕਰੈਕਡਾਊਨ ਕਿਹਾ ਅਤੇ ਇਸਨੂੰ ਤੁਰੰਤ ਰੋਕਣ ਦੀ ਮੰਗ ਕੀਤੀ। ਉਨ੍ਹਾਂ ਕਿਹਾ ਕਿ ਮਿਨੀਸੋਟਾ ਕਾਨੂੰਨ ਤਹਿਤ ਸਹਿਯੋਗ ਕਰਨ ਤੋਂ ਇਨਕਾਰ ਨਹੀਂ ਕਰ ਰਿਹਾ ਹੈ। ਰਿਪਬਲਿਕਨ ਨੇਤਾਵਾਂ ਨੇ ਇਨ੍ਹਾਂ ਦੋਸ਼ਾਂ ਦਾ ਵਿਰੋਧ ਕੀਤਾ। ਪ੍ਰਤੀਨਿਧੀ ਟੌਮ ਐਮਰ ਨੇ ਕਿਹਾ ਕਿ ਮਿਨੀਸੋਟਾ ਦੇ ਨੇਤਾਵਾਂ ਨੇ ਰਾਜ ਨੂੰ “ਗੈਰ-ਕਾਨੂੰਨੀ ਅਪਰਾਧੀਆਂ ਲਈ ਸੁਰੱਖਿਅਤ” ਬਣਾ ਦਿੱਤਾ ਹੈ। ਉਨ੍ਹਾਂ ਦਲੀਲ ਦਿੱਤੀ ਕਿ ਅਸ਼ਾਂਤੀ ਨੂੰ ਰੋਕਿਆ ਜਾ ਸਕਦਾ ਸੀ।

ਇੱਕ ਹੋਰ ਪੈਨਲ ਵਿਚ, ICE ਦੇ ਕਾਰਜਕਾਰੀ ਨਿਰਦੇਸ਼ਕ ਟੌਡ ਲਿਓਨਜ਼ ਨੇ ਕਿਹਾ ਕਿ ਅਧਿਕਾਰੀਆਂ ਨੂੰ ਧਮਕੀਆਂ ਅਤੇ ਹਮਲਿਆਂ ਦਾ ਸਾਹਮਣਾ ਕਰਨਾ ਪਿਆ। ਉਨ੍ਹਾਂ ਕਿਹਾ ਕਿ ਜਦੋਂ ਵੀ ICE ਅਧਿਕਾਰੀ ਗ੍ਰਿਫ਼ਤਾਰੀਆਂ ਕਰਨ ਜਾਂਦੇ ਸਨ, ਤਾਂ ਉਨ੍ਹਾਂ ’ਤੇ ਹਿੰਸਕ ਹਮਲੇ ਹੁੰਦੇ ਸਨ। ਲਿਓਨਜ਼ ਨੇ ਸਪੱਸ਼ਟ ਕੀਤਾ ਕਿ ਇਮੀਗ੍ਰੇਸ਼ਨ ਕਾਨੂੰਨ ਕਿਸੇ ਵੀ ਅਮਰੀਕੀ ਨਾਗਰਿਕ ’ਤੇ ਲਾਗੂ ਨਹੀਂ ਹੁੰਦਾ।

ਕਸਟਮ ਅਤੇ ਸਰਹੱਦੀ ਸੁਰੱਖਿਆ ਕਮਿਸ਼ਨਰ ਰੋਡਨੀ ਸਕਾਟ ਨੇ ਵੀ ਪੁਸ਼ਟੀ ਕੀਤੀ ਕਿ ਅਧਿਕਾਰੀਆਂ ਦੀ ਵੀਡੀਓ ਬਣਾਉਣਾ ਕੋਈ ਅਪਰਾਧ ਨਹੀਂ ਹੈ। ਦੋਵਾਂ ਅਧਿਕਾਰੀਆਂ ਨੇ ਕਿਹਾ ਕਿ ਗੋਲੀਬਾਰੀ ਦੀ ਜਾਂਚ ਜਾਰੀ ਹੈ। ਸਕਾਟ ਨੇ ਭਰੋਸਾ ਦਿੱਤਾ ਕਿ ਸਹੀ ਸਮਾਂ ਆਉਣ ’ਤੇ ਬਾਡੀ ਕੈਮਰਾ ਫੁਟੇਜ ਜਾਰੀ ਕੀਤੀ ਜਾਵੇਗੀ।

ਸੁਣਵਾਈ ਵਿਚ ਮਿਨੀਸੋਟਾ ਦੇ ਅਧਿਕਾਰੀਆਂ ਅਤੇ ਸੰਘੀ ਏਜੰਸੀਆਂ ਵਿਚਕਾਰ ਤਾਲਮੇਲ ਬਾਰੇ ਵੀ ਚਰਚਾ ਕੀਤੀ ਗਈ। ਸੈਨੇਟਰ ਰੈਂਡ ਪੌਲ ਨੇ ਸੁਝਾਅ ਦਿੱਤਾ ਕਿ ਅੰਤਿਮ ਦੇਸ਼ ਨਿਕਾਲੇ ਦੇ ਆਦੇਸ਼ਾਂ ’ਤੇ ਬਿਹਤਰ ਤਾਲਮੇਲ ਤਣਾਅ ਨੂੰ ਘੱਟ ਕਰ ਸਕਦਾ ਹੈ।

# ਐਪਸਟੀਨ ਫਾਈਲਜ਼: ਭਾਰਤੀ ਲੜਕੀ ਵੀ ਹੋਈ ਸੀ ਸ਼ਿਕਾਰ

**ਵਾਸ਼ਿੰਗਟਨ, (ਪੰਜਾਬ ਮੇਲ)-** ਜਿਨਸੀ ਅਪਰਾਧੀ ਜੈਫਰੀ ਐਪਸਟੀਨ ਨਾਲ ਜੁੜੀਆਂ ਨਵੀਆਂ ਫਾਈਲਾਂ ਵਿਚ ਖ਼ੁਲਾਸਾ ਹੋਇਆ ਹੈ ਕਿ ਇਕ ਭਾਰਤੀ ਲੜਕੀ ਵੀ ਉਸ ਦਾ ਸ਼ਿਕਾਰ ਹੋਈ ਸੀ। ਦਸਤਾਵੇਜ਼ਾਂ ਮੁਤਾਬਕ ਅਮਰੀਕੀ ਅਧਿਕਾਰੀਆਂ ਨੇ ਉਸ ਨੂੰ ਪੀੜਤ ਮੁਆਵਜ਼ਾ ਫੰਡ ’ਚੋਂ ਭੁਗਤਾਨ ਦਿਵਾਉਣ ਲਈ ਭਾਰਤ ਵਿਚ ਭਾਲ ਸ਼ੁਰੂ ਕੀਤੀ ਸੀ। 13 ਜਨਵਰੀ 2020 ਦੀ ਇਕ ਈਮੇਲ ’ਚ ਅਮਰੀਕੀ ਅਧਿਕਾਰੀਆਂ ਵਿਚਾਲੇ ਹੋਈ ਗੱਲਬਾਤ ਸਾਹਮਣੇ ਆਈ ਹੈ। ਇਸ ’ਚ ਭਾਰਤ ਵਿਚ ਮੌਜੂਦ ਪੀੜਤਾ ਦਾ ਪਤਾ ਅਤੇ ਜਾਣਕਾਰੀ ਜੁਟਾਉਣ ਲਈ ਕਿਹਾ ਗਿਆ ਹੈ, ਤਾਂ ਜੋ ਭਾਰਤ ਸਥਿਤ ਅਮਰੀਕੀ ਦੂਤਘਰ ਰਾਹੀਂ ਉਸ ਨਾਲ ਸੰਪਰਕ ਕੀਤਾ ਜਾ ਸਕੇ। ਇਹ ਈਮੇਲ ਐਪਸਟੀਨ ਦੀ ਅਗਸਤ 2019 ’ਚ ਜੇਲ ’ਚ ਹੋਈ ਮੌਤ ਤੋਂ ਬਾਅਦ ਦੀ ਹੈ।

ਨਵੀਆਂ ਫਾਈਲਾਂ ’ਚ 5 ਜੂਨ 2014 ਨੂੰ ਬਿਲ ਗੇਟਸ ਅਤੇ ਐਪਸਟੀਨ ਵਿਚਾਲੇ ਹੋਈ ਗੱਲਬਾਤ ਦੀ ਇਕ ਈਮੇਲ ਸ਼ਾਮਲ ਹੈ। ਇਸ ਵਿਚ ਐਪਸਟੀਨ ਬਿਲ ਗੇਟਸ ਨੂੰ ਪੁੱਛਦਾ ਹੈ ਕਿ ਕੀ ਡਾ. ਹਰਸ਼ ਵਰਧਨ ਨਾਲ 17 ਸਤੰਬਰ ਨੂੰ ਭਾਰਤ ’ਚ ਉਨ੍ਹਾਂ ਦੀ ਮੀਟਿੰਗ ਹੈ। ਉਸ ਸਮੇਂ ਹਰਸ਼ ਵਰਧਨ ਕੇਂਦਰੀ ਸਿਹਤ ਮੰਤਰੀ ਸਨ। ਇਸ ਤੋਂ ਇਲਾਵਾ 2 ਅਪ੍ਰੈਲ 2017 ਦੀ ਇਕ ਈਮੇਲ ’ਚ ਭਾਰਤ ਦੀ ਪੀ.ਆਰ. ਕੰਪਨੀ ਪ੍ਰਮੋਟਰ ਦਿਲੀਪ ਚੇਰੀਅਨ ਦਾ ਵੀ ਜ਼ਿਕਰ ਹੈ।

# ਐਪਸਟਾਈਨ ਦੀ ਜੇਲ੍ਹ ’ਚ ਹੋਈ ਰਹੱਸਮਈ ਮੌਤ ਖੁਦਕੁਸ਼ੀ ਨਹੀਂ, ਕਤਲ ਸੀ : ਮਾਹਿਰ ਡਾਕਟਰਾਂ ਦੇ ਦਾਅਵੇ ਨੇ ਮਚਾਈ ਸਨਸਨੀ

**ਵਾਸ਼ਿੰਗਟਨ, (ਪੰਜਾਬ ਮੇਲ)-** ਦੁਨੀਆਂ ਭਰ ਵਿਚ ਚਰਚਾ ਦਾ ਵਿਸ਼ਾ ਬਣੇ ਹੋਏ ਅਮਰੀਕੀ ਅਪਰਾਧੀ ਜੈਫਰੀ ਐਪਸਟਾਈਨ ਦੀ ਜੇਲ੍ਹ ’ਚ ਹੋਈ ਰਹੱਸਮਈ ‘ਮੌਤ’ ਨੂੰ ਲੈ ਕੇ ਇੱਕ ਵਾਰ ਫਿਰ ਵੱਡਾ ਧਮਾਕਾ ਹੋਇਆ ਹੈ। ਇੱਕ ਮਾਹਿਰ ਡਾਕਟਰ ਨੇ ਦਾਅਵਾ ਕੀਤਾ ਹੈ ਕਿ ਐਪਸਟਾਈਨ ਦੀ ਮੌਤ ਫਾਹਾ ਲੈਣ ਕਾਰਨ ਨਹੀਂ ਹੋਈ, ਸਗੋਂ ਉਸ ਦਾ ਗਲਾ ਘੁੱਟ ਕੇ ਕਤਲ ਕੀਤਾ ਗਿਆ ਹੈ। ਪੋਸਟਮਾਰਟਮ ਦੀ ਜਾਂਚ ਕਰਨ ਵਾਲੇ ਡਾਕਟਰ ਅਨੁਸਾਰ, ਐਪਸਟਾਈਨ ਦੇ ਗਲੇ ਦੀ ‘ਹਾਇਓਡ’ ਹੱਡੀ ਸਮੇਤ ਤਿੰਨ ਥਾਵਾਂ ਤੋਂ ਹੱਡੀਆਂ ਟੁੱਟੀਆਂ ਹੋਈਆਂ ਸਨ। ਮਾਹਰਾਂ ਮੁਤਾਬਕ ਅਜਿਹਾ ਅਕਸਰ ਗਲਾ ਘੁੱਟਣ ਵੇਲੇ ਹੁੰਦਾ ਹੈ, ਨਾ ਕਿ ਫਾਂਸੀ ਲਗਾਉਣ ਵੇਲੇ।

ਜ਼ਿਕਰਯੋਗ ਹੈ ਕਿ ਸਾਲ 2019 ਵਿਚ ਨਿਊਯਾਰਕ ਦੀ ਜੇਲ੍ਹ ਵਿਚ ਹੋਈ ਐਪਸਟਾਈਨ ਦੀ ਮੌਤ ਨੂੰ ਅਧਿਕਾਰਤ ਤੌਰ ’ਤੇ ਖੁਦਕੁਸ਼ੀ ਕਰਾਰ ਦਿੱਤਾ ਗਿਆ ਸੀ। ਪਰ ਇਸ ਨਵੇਂ ਖੁਲਾਸੇ ਨੇ ਜਾਂਚ ਏਜੰਸੀਆਂ ਅਤੇ ਜੇਲ੍ਹ ਪ੍ਰਸ਼ਾਸਨ ਦੇ ਦਾਅਵਿਆਂ ਨੂੰ ਕਟਹਿਰੇ ਵਿਚ ਖੜ੍ਹਾ ਕਰ ਦਿੱਤਾ ਹੈ। ਜੈਫਰੀ ਐਪਸਟਾਈਨ, ਜਿਸ ’ਤੇ ਨਾਬਾਲਗ ਲੜਕੀਆਂ ਦੀ ਤਸਕਰੀ ਅਤੇ ਸਰੀਰਕ ਸ਼ੋਸ਼ਣ ਦੇ ਗੰਭੀਰ ਦੋਸ਼ ਸਨ, ਦੇ ਸਬੰਧ ਦੁਨੀਆਂ ਦੇ ਕਈ ਸ਼ਕਤੀਸ਼ਾਲੀ ਨੇਤਾਵਾਂ, ਕਾਰੋਬਾਰੀਆਂ ਅਤੇ ਸ਼ਾਹੀ ਪਰਿਵਾਰਾਂ ਨਾਲ ਸਨ, ਜਿਸ ਕਾਰਨ ਉਸ ਦੀ ਮੌਤ ਸ਼ੁਰੂ ਤੋਂ ਹੀ ਸ਼ੱਕ ਦੇ ਘੇਰੇ ਵਿਚ ਰਹੀ ਹੈ।

ਮਾਹਿਰਾਂ ਦਾ ਮੰਨਣਾ ਹੈ ਕਿ ਐਪਸਟਾਈਨ ਕੋਲ ਕਈ ਅਜਿਹੇ ਰਾਜ਼ ਸਨ, ਜੋ ਦੁਨੀਆਂ ਦੇ ਕਈ ਵੱਡੇ ਚਿਹਰਿਆਂ ਨੂੰ ਬੇਨਕਾਬ ਕਰ ਸਕਦੇ ਸਨ, ਜਿਸ ਕਾਰਨ ਉਸ ਦਾ ਜੇਲ੍ਹ ’ਚ ਹੀ ਕਤਲ ਕਰ ਦਿੱਤਾ ਗਿਆ। ਨਵੇਂ ਤੱਥ ਸਾਹਮਣੇ ਆਉਣ ਤੋਂ ਬਾਅਦ ਸੋਸ਼ਲ ਮੀਡੀਆ ਅਤੇ ਕਾਨੂੰਨੀ ਮਾਹਿਰਾਂ ਵਿਚ ਇਹ ਚਰਚਾ ਤੇਜ਼ ਹੋ ਗਈ ਹੈ ਕਿ ਕੀ ਐਪਸਟਾਈਨ ਨੂੰ ਕਿਸੇ ਵੱਡੀ ਸਾਜ਼ਿਸ਼ ਤਹਿਤ ਰਸਤੇ ਤੋਂ ਹਟਾਇਆ ਗਿਆ ਸੀ ?

ਰੋਜ਼ਾਨਾਂ ਤਾਜ਼ੀਆਂ ਖਬਰਾਂ ਪੜ੍ਹਨ ਲਈ ਪੰਜਾਬ ਮੇਲ ਦੀ ਵੈੱਬਸਾਇਟ ’ਤੇ ਕਲਿੱਕ ਕਰੋ :
www.punjabmailusa.com

Global Allianz
ਕਾਨੂੰਨੀ ਸਲਾਹ
LAW FIRM LLP
■ ਇਮੀਗਰੇਸ਼ਨ ਸੇਵਾਵਾਂ
■ ਘਰੇਲੂ ਹਿੰਸਾ ਦੇ ਕੇਸ
■ ਨਸ਼ਾ ਕਰਕੇ ਗੱਡੀ ਚਲਾਉਣਾ
■ ਕੰਮ ’ਤੇ ਸੱਟ ਲਗਣਾ
Asylum & Deportation Defense

Atul Kapoor
C.E.O

Neat Allen Sawyer
Attorney at law
Designed By Punjab Mail USA
555 Capitol Mall SUITE 1245, Sacramento, CA 95814
Phone:209-808-2136, 209-952-5578, 1-916-806-7042, Fax: 209-476-7188

ਵਾਹਿਗੁਰੂ ਜੀ ਕਾ ਖਾਲਸਾ ਵਾਹਿਗੁਰੂ ਜੀ ਕੀ ਫਤਿਹ



ਧੰਨ ਧੰਨ

# ਸਤਿਗੁਰੂ ਰਵਿਦਾਸ ਮਹਾਰਾਜ ਜੀ

## ਦੇ 649ਵੇਂ ਪ੍ਰਕਾਸ਼ ਪੁਰਬ ਨੂੰ ਸਮਰਪਿਤ

# 26ਵਾਂ ਮਹਾਨ ਨਗਰ ਕੀਰਤਨ

## 8 ਮਾਰਚ 2026, ਦਿਨ ਐਤਵਾਰ

ਨੂੰ ਸ੍ਰੀ ਗੁਰੂ ਰਵਿਦਾਸ ਟੈਂਪਲ ਰਿਉਲਿੰਡਾ (ਸੈਕਰਾਮੈਂਟੋ) ਵਿਖੇ ਸਮੂਹ ਸਾਧ ਸੰਗਤ ਦੇ ਸਹਿਯੋਗ ਨਾਲ ਸਜਾਇਆ ਜਾ ਰਿਹਾ ਹੈ।



### ਪ੍ਰੋਗਰਾਮ

- ਸੁਕਰਵਾਰ 6 ਮਾਰਚ ਨੂੰ ਸ੍ਰੀ ਅਖੰਡ ਪਾਠ ਸਾਹਿਬ ਆਰੰਭ ਹੋਣਗੇ।
- ਸਨੀਵਾਰ 7 ਮਾਰਚ ਨੂੰ ਸਵੇਰ 10 ਵਜੇ ਤੋਂ ਰਾਤ 10 ਵਜੇ ਤੱਕ ਕੀਰਤਨ ਦੀਵਾਨ ਸਜਾਏ ਜਾਣਗੇ। ਇਸੇ ਦੌਰਾਨ ਬਾਅਦ ਦੁਪਹਿਰ 4 ਵਜੇ ਸ੍ਰੀ ਨਿਸ਼ਾਨ ਸਾਹਿਬ ਦੀ ਸੇਵਾ ਹੋਵੇਗੀ।
- ਐਤਵਾਰ 8 ਮਾਰਚ ਨੂੰ ਰੱਖੇ ਹੋਏ ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ ਉਪਰੰਤ 26ਵਾਂ ਮਹਾਨ ਨਗਰ ਕੀਰਤਨ ਸਵੇਰੇ 11 ਵਜੇ ਤੋਂ ਸਾਮ 5 ਵਜੇ ਤੱਕ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਛਤਰ ਛਾਇਆ ਹੇਠ ਅਤੇ ਪੰਜ ਪਿਆਰਿਆ ਦੀ ਅਗਵਾਈ ਵਿਚ ਸਜਾਇਆ ਜਾਵੇਗਾ।
- ਪੰਥ ਪ੍ਰਸਿੱਧ ਰਾਗੀ ਭਾਈ ਸਤਵਿੰਦਰ ਸਿੰਘ, ਭਾਈ ਹਰਵਿੰਦਰ ਸਿੰਘ (ਦਿੱਲੀ ਵਾਲੇ), ਭਾਈ ਕਰਨਜੀਤ ਸਿੰਘ ਖ਼ਾਲਸਾ (ਮਰਹੂਮ ਭਾਈ ਨਿਰਮਲ ਸਿੰਘ ਖ਼ਾਲਸਾ ਦੇ ਭਤੀਜਾ), ਗੁਰੂਘਰ ਦਾ ਹਜ਼ੂਰੀ ਰਾਗੀ ਜਥਾ ਅਤੇ ਹੋਰ ਅਨੇਕਾਂ ਰਾਗੀ, ਢਾਡੀ, ਕੀਰਤਨੀ ਜੱਥੇ ਤਿੰਨੋਂ ਦਿਨ ਸੰਗਤਾਂ ਨੂੰ ਕੀਰਤਨ ਨਾਲ ਨਿਹਾਲ ਕਰਨਗੇ।

ਆਪ ਜੀ ਨੂੰ ਪਰਿਵਾਰਾਂ ਸਮੇਤ ਇਨ੍ਹਾਂ ਸਮਾਗਮਾਂ ਵਿਚ ਹਾਜ਼ਰੀ ਭਰਨ ਦੀ ਬੇਨਤੀ ਕੀਤੀ ਜਾਂਦੀ ਹੈ।

Designed by : Punjab Mail USA

## ਸ੍ਰੀ ਗੁਰੂ ਰਵਿਦਾਸ ਟੈਂਪਲ ਰਿਓ ਲਿੰਡਾ, ਸੈਕਰਾਮੈਂਟੋ

**6221 16th Street Rio Linda, CA 95673**

ਗੁਰੂਘਰ ਦਾ ਫੋਨ : 916-992-1710

# ਅਮਰੀਕਾ 'ਚ ਕਥਿਤ ਜਿਨਸੀ ਸੋਸ਼ਣ ਦੇ ਦੋਸ਼ ਹੇਠ ਭਾਰਤੀ ਨਾਗਰਿਕ ਗ੍ਰਿਫਤਾਰ

**ਵਾਸ਼ਿੰਗਟਨ, (ਪੰਜਾਬ ਮੇਲ)**- ਅਮਰੀਕਾ 'ਚ ਇੱਕ ਭਾਰਤੀ ਨਾਗਰਿਕ ਨੂੰ 13 ਸਾਲ ਤੋਂ ਘੱਟ ਉਮਰ ਦੇ ਬੱਚੇ ਦੇ ਕਥਿਤ ਜਿਨਸੀ ਸ਼ੋਸ਼ਣ ਦੇ ਗੰਭੀਰ ਦੋਸ਼ ਵਿਚ ਗ੍ਰਿਫਤਾਰ ਕੀਤਾ ਗਿਆ ਹੈ। ਯੂ.ਐੱਸ. ਇਮੀਗ੍ਰੇਸ਼ਨ ਐਂਡ ਕਸਟਮਜ਼ ਐਨਫੋਰਸਮੈਂਟ (ICE) ਨੇ ਜਾਣਕਾਰੀ ਦਿੱਤੀ ਹੈ ਕਿ ਮੁਲਜ਼ਮ ਦੀ ਪਛਾਣ ਵੋਦੇਲਾ ਯਸ਼ਸਵੀ ਕੋਟਾਪੱਲੀ ਵਜੋਂ ਹੋਈ ਹੈ।

**■ ਗੈਰ ਕਾਨੂੰਨੀ ਤੌਰ 'ਤੇ ਰਹਿ ਰਿਹਾ ਸੀ ਅਮਰੀਕਾ; ਕੀਤਾ ਜਾਵੇਗਾ ਡਿਪੋਰਟ**

ਅਮਰੀਕੀ ਇਮੀਗ੍ਰੇਸ਼ਨ ਅਤੇ ਕਸਟਮ ਇਨਫੋਰਸਮੈਂਟ (ICE) ਨੇ ਦੱਸਿਆ ਕਿ ਕੋਟਾਪੱਲੀ ਅਮਰੀਕਾ ਵਿਚ ਗੈਰ-ਕਾਨੂੰਨੀ ਤਰੀਕੇ ਨਾਲ ਰਹਿ ਰਿਹਾ ਸੀ। ਉਸ 'ਤੇ ਨਿਊ ਜਰਸੀ ਵਿਚ ਬੱਚੇ ਨਾਲ ਜਿਨਸੀ ਸ਼ੋਸ਼ਣ ਕਰਨ ਤੋਂ ਇਲਾਵਾ ਦੁਕਾਨ ਤੋਂ ਚੋਰੀ (ਸ਼ਾਪਲਿਫਟਿੰਗ) ਅਤੇ ਜਨਤਕ ਵਿਵਸਥਾ ਵਿਚ ਵਿਘਨ ਪਾਉਣ ਦੇ ਵੀ ਦੋਸ਼ ਲੱਗੇ ਹਨ। ਏਜੰਸੀ ਨੇ ਸੋਸ਼ਲ ਮੀਡੀਆ ਪਲੇਟਫਾਰਮ 'ਐਕਸ' 'ਤੇ ਪੋਸਟ ਕਰਦਿਆਂ ਕਿਹਾ ਕਿ ਜਦੋਂ ਤੱਕ ਕੋਟਾਪੱਲੀ ਨੂੰ ਦੇਸ਼ ਵਿਚੋਂ ਕੱਢਣ (ਡਿਪੋਰਟੇਸ਼ਨ) ਦੀ ਪ੍ਰਕਿਰਿਆ ਪੂਰੀ ਨਹੀਂ ਹੋ ਜਾਂਦੀ, ਉਹ ਹਿਰਾਸਤ ਵਿਚ ਹੀ ਰਹੇਗਾ।

ਜ਼ਿਕਰਯੋਗ ਹੈ ਕਿ ਰਾਸ਼ਟਰਪਤੀ ਡੋਨਾਲਡ ਟਰੰਪ ਦੇ ਦੂਜੇ ਕਾਰਜਕਾਲ ਦੀ ਸ਼ੁਰੂਆਤ ਤੋਂ ਹੀ ਗੈਰ-ਕਾਨੂੰਨੀ ਪ੍ਰਵਾਸੀਆਂ ਅਤੇ ਖਾਸ ਕਰਕੇ 'ਅਪਰਾਧਿਕ ਪਿਛੋਕੜ' ਵਾਲੇ ਲੋਕਾਂ ਖਿਲਾਫ ਕਾਰਵਾਈ ਤੇਜ਼ ਕਰ ਦਿੱਤੀ ਗਈ ਹੈ। ਭਾਰਤ ਸਰਕਾਰ ਦੇ ਅੰਕੜਿਆਂ ਮੁਤਾਬਕ, ਸਾਲ 2025 ਵਿਚ ਹੁਣ ਤੱਕ 3,800 ਤੋਂ ਵੱਧ ਭਾਰਤੀਆਂ ਨੂੰ ਅਮਰੀਕਾ ਤੋਂ ਡਿਪੋਰਟ ਕੀਤਾ ਜਾ ਚੁੱਕਾ ਹੈ।

## ਅਮਰੀਕਾ 'ਚ ਸਭ ਤੋਂ ਖ਼ਤਰਨਾਕ ਅਪਰਾਧੀਆਂ ਦੀ ਸੂਚੀ 'ਚ 89 ਭਾਰਤੀ ਸ਼ਾਮਲ

**ਵਾਸ਼ਿੰਗਟਨ, (ਪੰਜਾਬ ਮੇਲ)**- ਅਮਰੀਕੀ ਡਿਪਾਰਟਮੈਂਟ ਆਫ਼ ਹੋਮਲੈਂਡ ਸਕਿਓਰਿਟੀ (DHS) ਵੱਲੋਂ ਜਾਰੀ ਕੀਤੇ ਗਏ 25,000 'ਅਪਰਾਧਿਕ ਗੈਰ-ਕਾਨੂੰਨੀ ਪ੍ਰਵਾਸੀਆਂ' ਦੇ ਡੇਟਾਬੇਸ ਵਿਚ ਕਾਤਲ, ਜਿਨਸੀ ਅਪਰਾਧੀ ਅਤੇ ਨਸ਼ਾ ਤਸਕਰ ਸ਼ਾਮਲ ਹਨ। ਇਸ ਸੂਚੀ ਵਿਚ 'ਸਭ ਤੋਂ ਖ਼ਤਰਨਾਕ ਅਪਰਾਧੀਆਂ' ਦੀ ਸ਼੍ਰੇਣੀ ਵਿਚ 89 ਭਾਰਤੀ ਮੂਲ ਦੇ ਲੋਕ ਵੀ ਸ਼ਾਮਲ ਦੱਸੇ ਗਏ ਹਨ। ਰਾਸ਼ਟਰਪਤੀ ਟਰੰਪ ਨੇ ਆਪਣੇ ਪਹਿਲੇ ਦਿਨ ਹੀ ਦੱਖਣੀ ਸਰਹੱਦ 'ਤੇ 'ਰਾਸ਼ਟਰੀ ਐਮਰਜੈਂਸੀ' ਐਲਾਨਦਿਆਂ ਅਪਰਾਧਿਕ ਪ੍ਰਵਾਸੀਆਂ ਨੂੰ ਦੇਸ਼ੋਂ ਬਾਹਰ ਕੱਢਣ ਦਾ ਸੰਕਲਪ ਦੁਹਰਾਇਆ ਸੀ।

# ਕੈਨੇਡਾ ਦੇ ਵਿਜ਼ਟਰ, ਸਟੱਡੀ, ਵਰਕ ਪਰਮਿਟ ਵੀਜ਼ਾ ਪ੍ਰੋਸੈਸਿੰਗ 'ਚ ਲੱਗਣ ਵਾਲਾ ਸਮਾਂ ਘਟਿਆ

**ਟੋਰਾਂਟੋ, (ਪੰਜਾਬ ਮੇਲ)**- ਕੈਨੇਡਾ ਦੇ ਇਮੀਗ੍ਰੇਸ਼ਨ ਵਿਭਾਗ ਵੱਲੋਂ ਜਾਰੀ ਤਾਜ਼ਾ ਅੰਕੜਿਆਂ ਅਨੁਸਾਰ, ਵਿਜ਼ਟਰ ਵੀਜ਼ਾ, ਸਟੱਡੀ ਵੀਜ਼ਾ ਅਤੇ ਵਰਕ ਪਰਮਿਟ ਦੀਆਂ ਅਰਜ਼ੀਆਂ ਦੀ ਪ੍ਰੋਸੈਸਿੰਗ ਵਿਚ ਲੱਗਣ ਵਾਲਾ ਸਮਾਂ ਲਗਾਤਾਰ ਘੱਟ ਰਿਹਾ ਹੈ।

ਤਾਜ਼ਾ ਜਾਣਕਾਰੀ ਮੁਤਾਬਕ, ਹੁਣ ਭਾਰਤੀ ਲੋਕਾਂ ਨੂੰ ਵਿਜ਼ਟਰ ਵੀਜ਼ਾ 78 ਦਿਨਾਂ ਵਿਚ ਜਾਰੀ ਕੀਤੇ ਜਾ ਰਹੇ ਹਨ, ਜਦਕਿ ਪਾਕਿਸਤਾਨੀ ਨਾਗਰਿਕਾਂ ਨੂੰ ਇਸ ਲਈ 58 ਦਿਨ ਉਡੀਕ ਕਰਨੀ ਪੈਂਦੀ ਹੈ। ਜ਼ਿਕਰਯੋਗ ਹੈ ਕਿ ਦਸੰਬਰ ਮਹੀਨੇ ਦੌਰਾਨ ਭਾਰਤ ਤੋਂ ਵਿਜ਼ਟਰ ਵੀਜ਼ਾ ਅਰਜ਼ੀਆਂ ਦਾ ਉਡੀਕ ਸਮਾਂ 90 ਦਿਨਾਂ ਤੋਂ ਵੱਧ ਸੀ। ਜੇਕਰ ਕੋਈ ਵਿਅਕਤੀ ਕੈਨੇਡਾ ਵਿਚ ਮੌਜੂਦਗੀ ਦੌਰਾਨ ਵਿਜ਼ਟਰ ਵੀਜ਼ਾ ਲੈਂਦਾ ਹੈ, ਤਾਂ ਉਸ ਦੀ ਪ੍ਰੋਸੈਸਿੰਗ ਸਿਰਫ਼ 21 ਦਿਨਾਂ ਵਿਚ ਹੋ ਰਹੀ ਹੈ।

ਭਾਰਤੀ ਵਿਦਿਆਰਥੀਆਂ ਲਈ ਵੀ ਚੰਗੀ ਖ਼ਬਰ ਹੈ, ਕਿਉਂਕਿ ਉਨ੍ਹਾਂ ਦੀਆਂ ਸਟੱਡੀ ਵੀਜ਼ਾ ਅਰਜ਼ੀਆਂ ਹੁਣ 4 ਹਫ਼ਤਿਆਂ ਦੇ ਅੰਦਰ ਪ੍ਰੋਸੈਸ ਹੋ ਰਹੀਆਂ ਹਨ, ਜਦਕਿ ਪਾਕਿਸਤਾਨੀ ਵਿਦਿਆਰਥੀਆਂ ਲਈ ਇਹ ਸਮਾਂ 7 ਹਫ਼ਤੇ ਹੈ। ਇਸੇ ਤਰ੍ਹਾਂ ਭਾਰਤੀਆਂ ਲਈ ਵਰਕ ਪਰਮਿਟ ਦਾ ਉਡੀਕ ਸਮਾਂ 8 ਹਫ਼ਤੇ ਹੈ, ਪਰ ਪਾਕਿਸਤਾਨੀ ਲੋਕਾਂ ਲਈ ਇਹ ਸਮਾਂ 20 ਹਫ਼ਤਿਆਂ ਤੋਂ ਵਧ ਕੇ 30 ਹਫ਼ਤੇ ਹੋ ਗਿਆ ਹੈ। ਹਾਲਾਂਕਿ, ਸੁਪਰ ਵੀਜ਼ਾ ਦੇ ਮਾਮਲੇ ਵਿਚ ਭਾਰਤੀਆਂ ਨੂੰ 213 ਦਿਨਾਂ ਦੀ ਲੰਬੀ ਉਡੀਕ ਕਰਨੀ ਪੈ ਰਹੀ ਹੈ।

ਦੂਜੇ ਪਾਸੇ ਪਰਮਾਨੈਂਟ ਰੈਜ਼ੀਡੈਂਸੀ (ਪੀ.ਆਰ.) ਅਤੇ ਨਾਗਰਿਕਤਾ ਵਿਚ ਦੇਰੀ, ਪੱਕੀ ਰਿਹਾਇਸ਼ ਅਤੇ ਨਾਗਰਿਕਤਾ ਦੀ ਉਡੀਕ ਕਰ ਰਹੇ ਲੋਕਾਂ ਦੀਆਂ ਮੁਸ਼ਕਲਾਂ ਵਧਦੀਆਂ ਨਜ਼ਰ ਆ ਰਹੀਆਂ ਹਨ:

- ਕੈਨੇਡੀਅਨ ਐਕਸਪੀਰੀਐਂਸ ਕਲਾਸ ਅਧੀਨ ਅਰਜ਼ੀਆਂ ਦੀ ਗਿਣਤੀ ਵਧ ਕੇ 34,200 ਹੋ ਗਈ ਹੈ।
- ਸਿਟੀਜ਼ਨਸ਼ਿਪ (ਨਾਗਰਿਕਤਾ) ਦੀ ਪ੍ਰੋਸੈਸਿੰਗ ਵਿਚ ਹੁਣ ਔਸਤਨ 14 ਮਹੀਨੇ ਲੱਗ ਰਹੇ ਹਨ, ਅਤੇ ਇਸ ਕਤਾਰ ਵਿਚ 3 ਲੱਖ 13 ਹਜ਼ਾਰ ਤੋਂ ਵੱਧ ਪ੍ਰਵਾਸੀ ਖੜ੍ਹੇ ਹਨ।
- ਫੈਮਿਲੀ ਸਪਾਂਸਰਸ਼ਿਪ ਅਧੀਨ ਬਾਹਰ ਰਹਿ ਰਹੇ ਜੀਵਨ ਸਾਥੀ ਦੀ ਅਰਜ਼ੀ 'ਤੇ ਔਸਤਨ 15 ਮਹੀਨੇ ਲੱਗ ਰਹੇ ਹਨ।

ਪਾਸਪੋਰਟ ਬਣਾਉਣ ਦੀ ਪ੍ਰਕਿਰਿਆ ਵਿਚ ਤੇਜ਼ੀ ਬਰਕਰਾਰ ਹੈ। ਨਿੱਜੀ ਤੌਰ 'ਤੇ ਪੇਸ਼ ਹੋ ਕੇ ਨਵਾਂ ਪਾਸਪੋਰਟ 10 ਦਿਨਾਂ ਵਿਚ ਅਤੇ ਡਾਕ ਰਾਹੀਂ 20 ਦਿਨਾਂ ਵਿਚ ਬਣ ਕੇ ਆ ਰਿਹਾ ਹੈ।

# ਈਰਾਨ 'ਚ ਸ਼ਾਸਨ ਤਬਦੀਲੀ ਤੋਂ ਵਧੀਆ ਕੁਝ ਹੋ ਹੀ ਨਹੀਂ ਸਕਦਾ : ਟਰੰਪ



**ਵਾਸ਼ਿੰਗਟਨ, (ਪੰਜਾਬ ਮੇਲ)**- ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਕਿਹਾ ਹੈ ਕਿ ਈਰਾਨ 'ਚ ਸ਼ਾਸਨ ਤਬਦੀਲੀ ਤੋਂ ਵਧੀਆ ਕੁਝ ਨਹੀਂ ਹੋ ਸਕਦਾ। ਟਰੰਪ ਦੀਆਂ ਟਿੱਪਣੀਆਂ ਅਜਿਹੇ ਸਮੇਂ ਆਈਆਂ ਹਨ, ਜਦੋਂ ਅਮਰੀਕਾ ਅਤੇ ਈਰਾਨ ਵਿਚਕਾਰ ਤਣਾਅ ਲਗਾਤਾਰ ਵਧ ਰਿਹਾ ਹੈ ਅਤੇ ਅਮਰੀਕੀ ਪ੍ਰਸ਼ਾਸਨ ਈਰਾਨ ਵਿਰੁੱਧ ਫੌਜੀ ਕਾਰਵਾਈ ਕਰਨ ਬਾਰੇ ਵਿਚਾਰ ਕਰ ਰਿਹਾ ਹੈ। ਟਰੰਪ ਨੇ ਇਹ ਟਿੱਪਣੀਆਂ ਉੱਤਰੀ ਕੈਰੋਲੀਨਾ ਦੇ ਫੋਰਟ ਬ੍ਰੈਗ ਵਿਖੇ ਫੌਜੀਆਂ ਨਾਲ ਮੁਲਾਕਾਤ ਤੋਂ ਥੋੜ੍ਹੀ ਦੇਰ ਬਾਅਦ ਕੀਤੀਆਂ ਅਤੇ ਦਿਨ ਦੇ ਸ਼ੁਰੂ ਵਿਚ ਉਨ੍ਹਾਂ ਨੇ ਪੁਸ਼ਟੀ ਕੀਤੀ ਕਿ ਉਹ ਈਰਾਨ ਵਿਰੁੱਧ ਸੰਭਾਵੀ ਫੌਜੀ ਕਾਰਵਾਈ ਲਈ ਪੱਛਮੀ ਏਸ਼ੀਆ ਵਿਚ ਦੂਜਾ ਜਹਾਜ਼ ਵਾਹਕ ਤਾਇਨਾਤ ਕਰ ਰਹੇ ਹਨ।

ਈਰਾਨ ਵਿਚ ਇਸਲਾਮੀ ਸ਼ਾਸਨ ਨੂੰ ਖਤਮ ਕਰਨ ਦੀਆਂ ਕੋਸ਼ਿਸ਼ਾਂ ਬਾਰੇ ਪੱਤਰਕਾਰਾਂ ਦੇ ਸਵਾਲਾਂ ਦੇ ਜਵਾਬ ਵਿਚ, ਟਰੰਪ ਨੇ ਕਿਹਾ, "ਇਸ ਤੋਂ ਵਧੀਆ ਕੁਝ ਨਹੀਂ ਹੋ ਸਕਦਾ। ਉਹ 47 ਸਾਲਾਂ ਤੋਂ ਗੱਲ ਕਰ ਰਹੇ ਹਨ।" ਟਰੰਪ ਨੇ ਪਹਿਲਾਂ ਕਿਹਾ ਸੀ ਕਿ ਦੁਨੀਆਂ ਦਾ ਸਭ ਤੋਂ ਵੱਡਾ ਜਹਾਜ਼ ਵਾਹਕ, ਯੂ.ਐੱਸ.ਐੱਸ. ਗੈਰਾਲਡ ਆਰ. ਫੋਰਡ, ਕੈਰੇਬੀਅਨ ਤੋਂ ਪੱਛਮੀ ਏਸ਼ੀਆ ਭੇਜਿਆ ਜਾ ਰਿਹਾ ਹੈ, ਜਿੱਥੇ ਅਮਰੀਕੀ ਜੰਗੀ ਜਹਾਜ਼ ਅਤੇ ਫੌਜੀ ਹਥਿਆਰ ਪਹਿਲਾਂ ਹੀ ਮੌਜੂਦ ਹਨ। ਇਹ ਤਾਇਨਾਤੀ ਟਰੰਪ ਦੇ ਇਸ਼ਾਰੇ ਤੋਂ ਕੁਝ ਦਿਨ ਬਾਅਦ ਆਈ ਹੈ ਕਿ ਈਰਾਨ ਨਾਲ ਗੱਲਬਾਤ ਦਾ ਇੱਕ ਹੋਰ ਦੌਰ ਜਲਦੀ ਹੀ ਆ ਸਕਦਾ ਹੈ, ਹਾਲਾਂਕਿ ਇਹ ਗੱਲਬਾਤ ਅਸਫਲ ਰਹੀ।

ਇਸ ਹਫ਼ਤੇ, ਤਹਿਰਾਨ ਦੇ ਇੱਕ ਉੱਚ ਸੁਰੱਖਿਆ ਅਧਿਕਾਰੀ ਨੇ ਓਮਾਨ ਅਤੇ ਕਤਰ ਦਾ ਦੌਰਾ ਕੀਤਾ ਅਤੇ ਉੱਥੇ ਅਮਰੀਕੀ ਵਿਚੋਲਿਆਂ ਨਾਲ ਗੱਲਬਾਤ ਕੀਤੀ। ਅਮਰੀਕੀ ਰਾਸ਼ਟਰਪਤੀ ਨੇ ਦੂਜੇ ਜਹਾਜ਼ ਵਾਹਕ ਬਾਰੇ ਪੱਤਰਕਾਰਾਂ ਨੂੰ ਕਿਹਾ, "ਜੇਕਰ ਅਸੀਂ ਕਿਸੇ ਸਮਝੌਤੇ 'ਤੇ ਨਹੀਂ ਪਹੁੰਚ ਸਕਦੇ ਤਾਂ ਸਾਨੂੰ ਇਸਦੀ ਜ਼ਰੂਰਤ ਹੋਵੇਗੀ।" ਉਨ੍ਹਾਂ ਅੱਗੇ ਕਿਹਾ, "ਇਹ ਬਹੁਤ ਜਲਦੀ ਰਵਾਨਾ ਹੋ ਜਾਵੇਗਾ।" ਅਰਬ ਦੇਸ਼ਾਂ ਨੇ ਪਹਿਲਾਂ ਹੀ ਚੇਤਾਵਨੀ ਦਿੱਤੀ ਹੈ ਕਿ ਕੋਈ ਵੀ ਹਮਲਾ ਖੇਤਰੀ ਟਕਰਾਅ ਨੂੰ ਜਨਮ ਦੇ ਸਕਦਾ ਹੈ, ਖਾਸ ਕਰਕੇ ਅਜਿਹੇ ਸਮੇਂ ਵਿਚ ਜਦੋਂ ਪੱਛਮੀ ਏਸ਼ੀਆ ਅਜੇ ਵੀ ਗਾਜ਼ਾ ਪੱਟੀ ਵਿਚ ਇਜ਼ਰਾਈਲ-ਹਮਾਸ ਯੁੱਧ ਦੇ ਪ੍ਰਭਾਵਾਂ ਤੋਂ ਉਭਰ ਰਿਹਾ ਹੈ।




# ਸਰੀ ਪੁਲਿਸ ਵੱਲੋਂ ਗੁਰਦੁਆਰਿਆਂ ਦੇ ਆਲੇ-ਦੁਆਲੇ ਬਜ਼ੁਰਗਾਂ ਨੂੰ ਨਿਸ਼ਾਨਾ ਬਣਾਕੇ ਹੋ ਰਹੀਆਂ ਚੋਰੀਆਂ ਸੰਬੰਧੀ ਚਿਤਾਵਨੀ ਜਾਰੀ

**ਵੈਨਕੂਵਰ, (ਪੰਜਾਬ ਮੇਲ)** - ਕੈਨੇਡਾ ਦੇ ਸੂਬੇ ਬ੍ਰਿਟਿਸ਼ ਕੋਲੰਬੀਆ ਦੇ ਸਰੀ ਸ਼ਹਿਰ ਵਿੱਚ ਸਥਿਤ ਕੁਝ ਗੁਰਦੁਆਰਿਆਂ ਦੇ ਆਲੇ-ਦੁਆਲੇ ਬਜ਼ੁਰਗ ਨਾਗਰਿਕਾਂ ਨੂੰ ਨਿਸ਼ਾਨਾ ਬਣਾ ਕੇ ਅਤੇ ਉਹਨਾਂ ਦਾ ਧਿਆਨ ਭਟਕਾ ਕੇ ਕੀਤੀਆਂ ਜਾ ਰਹੀਆਂ ਚੋਰੀ ਦੀਆਂ ਘਟਨਾਵਾਂ ਵਿਚ ਵਾਧਾ ਹੋਣ ਤੋਂ ਬਾਅਦ ਪੁਲਿਸ ਵੱਲੋਂ ਲੋਕਾਂ ਨੂੰ ਚੌਕਸ ਰਹਿਣ ਸਬੰਧੀ ਚਿਤਾਵਨੀ ਜਾਰੀ ਕੀਤੀ ਗਈ ਹੈ।

ਸਰੀ ਪੁਲਿਸ ਦੇ ਅਧਿਕਾਰੀਆਂ ਮੁਤਾਬਕ, ਕੁਝ ਅਪਰਾਧੀ ਵਿਅਕਤੀ ਗੁਰਦੁਆਰਿਆਂ ਦੇ ਬਾਹਰ ਬਜ਼ੁਰਗਾਂ ਨਾਲ ਗੱਲਬਾਤ ਕਰਕੇ ਜਾਂ ਮਦਦ ਦਾ ਬਹਾਨਾ ਘੜ ਕੇ ਉਨ੍ਹਾਂ ਦਾ ਧਿਆਨ ਭਟਕਾਉਂਦੇ ਹਨ ਅਤੇ ਇਸ ਦੌਰਾਨ ਉਨ੍ਹਾਂ ਦੇ ਬਟੂਏ, ਗਹਿਣੇ ਜਾਂ ਹੋਰ ਕੀਮਤੀ ਸਮਾਨ ਚੋਰੀ ਕਰ ਲੈਂਦੇ ਹਨ।

ਪੁਲਿਸ ਨੇ ਦੱਸਿਆ ਕਿ ਹਾਲੀਆ ਦਿਨਾਂ ਵਿਚ ਕਈ ਅਜਿਹੀਆਂ ਸ਼ਿਕਾਇਤਾਂ ਦਰਜ ਕੀਤੀਆਂ ਗਈਆਂ ਹਨ, ਜਿਨ੍ਹਾਂ ਵਿਚ ਜ਼ਿਆਦਾਤਰ ਪੀੜਤ ਵੱਡੀ ਉਮਰ ਦੇ ਵਿਅਕਤੀ ਹਨ। ਕੁਝ ਮਾਮਲਿਆਂ ਵਿਚ ਚੋਰ ਝੂਠੀ ਸਹਾਇਤਾ, ਦਿਸ਼ਾ ਪੁੱਛਣ ਜਾਂ ਵਾਹਨ ਸੰਬੰਧੀ ਮਦਦ ਦੇ ਬਹਾਨੇ ਨਾਲ ਨੇੜੇ ਆਉਂਦੇ ਹਨ।

ਪੁਲਿਸ ਨੇ ਬਜ਼ੁਰਗਾਂ ਅਤੇ ਉਨ੍ਹਾਂ ਦੇ ਪਰਿਵਾਰਕ ਮੈਂਬਰਾਂ ਨੂੰ ਅਪੀਲ ਕੀਤੀ ਹੈ ਕਿ ਉਹ ਅਣਜਾਣ ਲੋਕਾਂ ਤੋਂ ਸਾਵਧਾਨ ਰਹਿਣ, ਆਪਣਾ ਕੀਮਤੀ ਸਮਾਨ ਸੁਰੱਖਿਅਤ ਢੰਗ ਨਾਲ ਰੱਖਣ ਅਤੇ ਕਿਸੇ ਵੀ ਸ਼ੱਕੀ ਗਤੀਵਿਧੀ ਦੀ ਤੁਰੰਤ ਸੂਚਨਾ ਪੁਲਿਸ ਨੂੰ ਦੇਣ।

ਇਸ ਤੋਂ ਇਲਾਵਾ, ਗੁਰਦੁਆਰਾ ਪ੍ਰਬੰਧਕ ਕਮੇਟੀਆਂ ਨੂੰ ਵੀ ਅਪੀਲ ਕੀਤੀ ਗਈ ਹੈ ਕਿ ਉਹ ਸੰਗਤ ਨੂੰ ਇਸ ਬਾਰੇ ਜਾਣਕਾਰੀ ਦੇਣ ਅਤੇ ਜ਼ਰੂਰਤ ਪੈਣ 'ਤੇ ਨਿਗਰਾਨੀ ਪ੍ਰਬੰਧ ਮਜ਼ਬੂਤ ਕਰਨ।

## ਅਮਰੀਕਾ 'ਚ ਜਾਹਨਵੀ ਕੰਡੂਲਾ ਦੇ ਪਰਿਵਾਰ ਨੂੰ ਮਿਲਣਗੇ 29 ਮਿਲੀਅਨ ਡਾਲਰ

**ਵਾਸ਼ਿੰਗਟਨ, (ਪੰਜਾਬ ਮੇਲ)**- ਅਮਰੀਕਾ ਦੇ ਪ੍ਰਸ਼ਾਸਨ ਨੇ ਸਿਆਟਲ 'ਚ ਇਕ ਪੁਲਿਸ ਜੀਪ ਦੀ ਟੱਕਰ ਨਾਲ ਜ਼ਖ਼ਮੀ ਹੋਣ ਉਪਰੰਤ ਹੋਈ ਮੌਤ ਕਾਰਨ ਭਾਰਤੀ ਵਿਦਿਆਰਥਣ ਜਾਹਨਵੀ ਕੰਡੂਲਾ ਦੇ ਪਰਿਵਾਰ ਨੂੰ ਵੱਡਾ ਮੁਆਵਜ਼ਾ ਦੇਣ ਦਾ ਐਲਾਨ ਕੀਤਾ ਹੈ। ਸਿਆਟਲ ਦੇ ਅਧਿਕਾਰੀਆਂ ਨੇ ਜਾਹਨਵੀ ਕੰਡੂਲਾ ਦੇ ਪਰਿਵਾਰ ਵੱਲੋਂ ਦਾਇਰ ਮੁਕੱਦਮੇ ਦਾ ਨਿਪਟਾਰਾ ਕਰਨ ਲਈ 29 ਮਿਲੀਅਨ ਡਾਲਰ (262 ਕਰੋੜ) ਦਾ ਭੁਗਤਾਨ ਕਰਨ ਲਈ ਸਹਿਮਤੀ ਦਿੱਤੀ ਹੈ। ਭਾਰਤ ਦੀ 23 ਸਾਲਾ ਗ੍ਰੈਜੂਏਟ ਵਿਦਿਆਰਥਣ ਜਾਹਨਵੀ ਕੰਡੂਲਾ ਦੀ ਜਨਵਰੀ 2023 ਵਿਚ ਇਕ ਪੁਲਿਸ ਅਧਿਕਾਰੀ ਵੱਲੋਂ ਚਲਾਈ ਜਾ ਰਹੀ ਤੇਜ਼ ਰਫ਼ਤਾਰ ਕਾਰ ਨਾਲ ਟੱਕਰ ਹੋਣ ਕਾਰਨ ਮੌਤ ਹੋ ਗਈ ਸੀ।

# ਸੋਸ਼ਲ ਮੀਡੀਆ ਰਾਹੀਂ ਬਿਸ਼ਨੋਈ ਗੈਂਗ 'ਚ ਸ਼ਾਮਲ ਹੋ ਰਹੇ ਨੇ ਨੌਜਵਾਨ

**ਆਗਰਾ, (ਪੰਜਾਬ ਮੇਲ)**- ਮੁੰਬਈ 'ਚ ਫਿਲਮ ਨਿਰਦੇਸ਼ਕ ਰੋਹਿਤ ਸ਼ੈੱਟੀ ਦੇ ਘਰ ਹੋਈ ਸਨਸਨੀਖੇਜ਼ ਫਾਇਰਿੰਗ ਵਿਚ ਦੀਪਕ ਸਮੇਤ ਪਿੰਡ ਦੇ 5 ਨੌਜਵਾਨਾਂ ਦੀ ਗ੍ਰਿਫ਼ਤਾਰੀ ਨਾਲ ਪਿੰਡ ਵਾਸੀ ਹੱਕੇ-ਬੱਕੇ ਰਹਿ ਗਏ ਹਨ। ਕਿਸੇ ਨੂੰ ਵੀ ਉਨ੍ਹਾਂ ਦੀ ਇਸ ਕਰਤੂਤ 'ਤੇ ਭਰੋਸਾ ਨਹੀਂ ਹੋ ਰਿਹਾ। ਜ਼ਿਲ੍ਹਾ ਹੈੱਡਕੁਆਰਟਰ ਤੋਂ 80 ਕਿਲੋਮੀਟਰ ਦੂਰ 'ਬਾਹ' ਇਲਾਕਾ ਬੀਹੜ ਦੇ ਡਾਕੂਆਂ ਲਈ ਕੁਖਿਆਤ ਰਿਹਾ ਹੈ। ਡਾਕੂਆਂ ਦੇ ਖ਼ਾਤਮੇ ਤੋਂ ਬਾਅਦ ਇੱਥੇ ਕਈ ਦਹਾਕਿਆਂ ਤੱਕ ਅਪਰਾਧ ਰੁਕਿਆ ਰਿਹਾ ਸੀ।

ਇੱਕ ਦਹਾਕਾ ਪਹਿਲਾਂ ਸਾਈਬਰ ਠੱਗੀ ਦਾ ਨੈੱਟਵਰਕ ਸ਼ੁਰੂ ਹੋਇਆ ਸੀ। ਹਾਲਤ ਇਹ ਰਹੀ ਕਿ ਪਿੰਡ-ਪਿੰਡ ਸਾਈਬਰ ਅਪਰਾਧੀਆਂ ਦੇ ਅੱਡੇ ਬਣ ਗਏ। ਇਸ ਤੋਂ ਬਾਅਦ ਹੁਣ ਅਪਰਾਧ ਦਾ ਨਵਾਂ ਚਿਹਰਾ 'ਬਿਜੌਲੀ ਦੇ ਸ਼ੂਟਰਾਂ' ਦੇ ਰੂਪ ਵਿਚ ਸਾਹਮਣੇ ਆਇਆ ਹੈ, ਜੋ ਕਿ ਬੇਹੱਦ ਚੌਂਕਾਉਣ ਵਾਲਾ ਹੈ। ਮੁੰਬਈ ਦੀ ਘਟਨਾ ਵਿਚ ਫੜੇ ਗਏ ਲੋਕਾਂ ਵਿਚੋਂ ਸਭ ਤੋਂ ਕੁਖਿਆਤ ਨਾਂ ਦੀਪਕ

**■ ਰੋਹਿਤ ਸ਼ੈੱਟੀ ਦੇ ਘਰ 'ਤੇ ਫਾਇਰਿੰਗ 'ਚ ਸ਼ਾਮਲ ਗ੍ਰਿਫ਼ਤਾਰ ਨੌਜਵਾਨਾਂ ਵੱਲੋਂ ਖ਼ੁਲਾਸਾ**

ਯਾਦਵ ਦਾ ਹੈ। ਦੱਸਿਆ ਗਿਆ ਹੈ ਕਿ ਤਿੰਨ ਸਾਲ ਪਹਿਲਾਂ ਅੱਠਵੀਂ ਪਾਸ ਦੀਪਕ ਪਿੰਡ ਤੋਂ ਦਿੱਲੀ ਰੁਜ਼ਗਾਰ ਦੀ ਭਾਲ ਵਿਚ ਗਿਆ ਸੀ ਅਤੇ ਫਿਰ ਉੱਥੇ ਹੀ ਵੱਸ ਗਿਆ। ਤਿੰਨ ਸਾਲ ਪਹਿਲਾਂ ਦਿੱਲੀ ਪਹੁੰਚਿਆ ਦੀਪਕ ਚਾਟ ਦੀ ਰੇਹੜੀ ਲਗਾਉਂਦਾ ਸੀ। ਚਾਟ ਵੇਚਦੇ-ਵੇਚਦੇ ਉਹ ਅਪਰਾਧ ਦੀ ਦੁਨੀਆਂ ਵਿਚ ਅਜਿਹਾ ਉਤਰਿਆ ਕਿ ਦੇਸ਼ ਦੇ ਕੁਖਿਆਤ ਲਾਰੈਂਸ ਗੈਂਗ ਨਾਲ ਉਸ ਦੇ ਤਾਰ ਜੁੜ ਗਏ। ਹੌਲੀ-ਹੌਲੀ ਉਸ ਦਾ ਪਿੰਡ ਆਉਣਾ-ਜਾਣਾ ਘੱਟ ਗਿਆ। ਸੈਂਕੜੇ ਮੀਲ ਦੂਰ ਬੈਠੇ ਦੀਪਕ ਨੂੰ ਇੰਟਰਨੈੱਟ ਮੀਡੀਆ ਦੇ ਮੈਸੇਜਾਂ ਰਾਹੀਂ ਡੀਲ ਮਿਲਦੀ ਸੀ ਅਤੇ ਉਹ ਕੰਮ ਕਰਕੇ ਚੁੱਪਚਾਪ ਨਿਕਲ ਜਾਂਦਾ ਸੀ। ਇਸ ਤੋਂ ਬਾਅਦ ਦੀਪਕ ਨੇ ਆਪਣੇ ਪਿੰਡ ਦੇ ਦੋਸਤਾਂ ਨੂੰ ਵੀ ਆਪਣੇ ਨਾਲ ਜੋੜ ਲਿਆ ਅਤੇ ਬਿਜੌਲੀ ਵਾਲੇ ਨੌਜਵਾਨ ਬਦਮਾਸ਼ ਬਣਦੇ ਗਏ।

# ਰੋਹਿਤ ਸ਼ੈੱਟੀ ਦੇ ਘਰ ਫਾਇਰਿੰਗ ਮਾਮਲੇ 'ਚ ਸ਼ੂਟਰ ਸਮੇਤ 6 ਮੁਲਜ਼ਮ ਗ੍ਰਿਫ਼ਤਾਰ

**ਨਵੀਂ ਦਿੱਲੀ, (ਪੰਜਾਬ ਮੇਲ)**- ਮੁੰਬਈ ਵਿਚ ਫਿਲਮ ਨਿਰਦੇਸ਼ਕ ਰੋਹਿਤ ਸ਼ੈੱਟੀ ਦੇ ਘਰ ਹੋਈ ਫਾਇਰਿੰਗ ਦੇ ਮਾਮਲੇ ਵਿਚ ਪੁਲਿਸ ਨੇ ਵੱਡੀ ਕਾਰਵਾਈ ਕੀਤੀ ਹੈ। ਇਸ ਮਾਮਲੇ ਵਿਚ ਕਥਿਤ ਸ਼ੂਟਰ ਸਮੇਤ 6 ਮੁਲਜ਼ਮਾਂ ਨੂੰ ਹਰਿਆਣਾ ਤੋਂ ਗ੍ਰਿਫਤਾਰ ਕੀਤਾ ਗਿਆ ਹੈ।

ਪੁਲਿਸ ਅਨੁਸਾਰ, ਤਕਨੀਕੀ ਨਿਗਰਾਨੀ ਅਤੇ ਲਗਾਤਾਰ ਛਾਪੇਮਾਰੀ ਤੋਂ ਬਾਅਦ ਮੁਲਜ਼ਮਾਂ ਦੀ ਪਛਾਣ ਕਰਕੇ ਉਨ੍ਹਾਂ ਨੂੰ ਕਾਬੂ ਕੀਤਾ ਗਿਆ। ਇਸ ਆਪ੍ਰੇਸ਼ਨ ਨੂੰ ਹਰਿਆਣਾ ਐੱਸ.ਟੀ.ਐੱਫ. ਅਤੇ ਮੁੰਬਈ ਪੁਲਿਸ ਨੇ ਸਾਂਝੇ ਤੌਰ 'ਤੇ ਅੰਜਾਮ ਦਿੱਤਾ।

ਜਾਂਚ ਵਿਚ ਸਾਹਮਣੇ ਆਇਆ ਹੈ ਕਿ ਚਾਰ ਮੁਲਜ਼ਮਾਂ ਨੂੰ ਝੱਜਰ ਜ਼ਿਲ੍ਹੇ ਦੇ ਮਾਛਰੌਲੀ ਥਾਣਾ

**■ ਬਿਸ਼ਨੋਈ ਗੈਂਗ ਨਾਲ ਨਿਕਲਿਆ ਸਬੰਧ**

ਖੇਤਰ ਦੇ ਪਿੰਡ ਅਮਾਦਲਪੁਰ ਤੋਂ ਫੜਿਆ ਗਿਆ ਹੈ। ਮੁੱਖ ਮੁਲਜ਼ਮ ਰਿਤਿਕ ਇੱਥੇ ਇੱਕ ਉਸਾਰੀ ਅਧੀਨ ਸਾਈਟ 'ਤੇ ਸੁਪਰਵਾਈਜ਼ਰ ਦੀ ਨੌਕਰੀ ਕਰਦਾ ਸੀ ਅਤੇ ਵਾਰਦਾਤ ਤੋਂ ਬਾਅਦ ਸਾਰਿਆਂ ਨੂੰ ਇੱਥੇ ਛੁਪਾਉਣ ਲਈ ਲੈ ਕੇ ਆਇਆ ਸੀ।

ਪੁਲਿਸ ਮੁਤਾਬਕ, ਗ੍ਰਿਫ਼ਤਾਰ ਕੀਤੇ ਗਏ ਮੁਲਜ਼ਮਾਂ ਦੀ ਪਛਾਣ ਰਿਤਿਕ ਯਾਦਵ (ਆਗਰਾ), ਦੀਪਕ (ਨੋਇਡਾ), ਸੰਨੀ (ਆਗਰਾ) ਅਤੇ ਸੋਨੂੰ (ਆਗਰਾ) ਵਜੋਂ ਹੋਈ ਹੈ। ਇਨ੍ਹਾਂ ਕੋਲੋਂ ਮੋਬਾਈਲ ਫ਼ੋਨ ਅਤੇ ਮੋਟਰਸਾਈਕਲ ਬਰਾਮਦ ਕੀਤੇ ਗਏ ਹਨ।

ਜਾਂਚ ਵਿਚ ਇਹ ਵੀ ਖੁਲਾਸਾ ਹੋਇਆ ਹੈ ਕਿ ਇਹ ਪੂਰੀ ਵਾਰਦਾਤ ਉਗਰਾਹੀ (ਫਿਰੌਤੀ) ਦੇ ਮਕਸਦ ਨਾਲ ਕੀਤੀ ਗਈ ਸੀ ਅਤੇ ਮੁਲਜ਼ਮ ਖ਼ਤਰਨਾਕ ਲਾਰੈਂਸ ਬਿਸ਼ਨੋਈ ਗੈਂਗ ਦੇ ਇਸ਼ਾਰੇ 'ਤੇ ਕੰਮ ਕਰ ਰਹੇ ਸਨ। ਪੁਲਿਸ ਅਨੁਸਾਰ, ਗੈਂਗ ਦੇ ਕਹਿਣ 'ਤੇ ਹੀ 31 ਜਨਵਰੀ ਦੀ ਰਾਤ ਨੂੰ ਰੋਹਿਤ ਸ਼ੈੱਟੀ ਦੇ ਘਰ 'ਤੇ ਫਾਇਰਿੰਗ ਕੀਤੀ ਗਈ ਸੀ।

ਫਿਲਹਾਲ ਸਾਰੇ ਮੁਲਜ਼ਮਾਂ ਨੂੰ ਅਗਲੀ ਕਾਰਵਾਈ ਲਈ ਮੁੰਬਈ ਐਂਟੀ ਐਕਸਟਰਸ਼ਨ ਸੈੱਲ ਨੂੰ ਸੌਂਪ ਦਿੱਤਾ ਗਿਆ ਹੈ। ਪੁਲਿਸ ਮਾਮਲੇ ਦੀ ਡੂੰਘਾਈ ਨਾਲ ਜਾਂਚ ਕਰ ਰਹੀ ਹੈ ਅਤੇ ਇਸ ਸਾਜ਼ਿਸ਼ ਵਿਚ ਸ਼ਾਮਲ ਹੋਰ ਲੋਕਾਂ ਦੀ ਭਾਲ ਜਾਰੀ ਹੈ।

**ਰੋਜ਼ਾਨਾਂ ਤਾਜ਼ੀਆਂ ਖਬਰਾਂ ਪੜ੍ਹਨ ਲਈ ਪੰਜਾਬ ਮੇਲ ਦੀ ਵੈੱਬਸਾਇਟ 'ਤੇ ਕਲਿੱਕ ਕਰੋ : www.punjabmailusa.com**



### ਗੁਰਪਤਵੰਤ ਪੰਨੂ ਦੇ ਕਤਲ ਦੀ ਅਸਫਲ ਸਾਜ਼ਿਸ਼ ਰਚਣ ਦਾ ਮਾਮਲਾ

# ਭਾਰਤੀ ਨਾਗਰਿਕ ਨਿਖਿਲ ਗੁਪਤਾ ਨੂੰ 24 ਸਾਲ ਤੱਕ ਦੀ ਕੈਦ ਦੀ ਸਜ਼ਾ

**■ 29 ਮਈ ਨੂੰ ਹੋਵੇਗਾ ਸਜ਼ਾ ਦਾ ਰਸਮੀ ਐਲਾਨ**



**ਨਿਊਯਾਰਕ, (ਪੰਜਾਬ ਮੇਲ)-** ਸਿੱਖਸ ਫਾਰ ਜਸਟਿਸ' (ਐੱਸ.ਐੱਫ.ਜੇ.) ਦੇ ਮੁਖੀ ਗੁਰਪਤਵੰਤ ਸਿੰਘ ਪੰਨੂ ਦੇ ਕਤਲ ਦੀ ਨਾਕਾਮ ਸਾਜ਼ਿਸ਼ ਦੇ ਮਾਮਲੇ ਵਿਚ ਭਾਰਤੀ ਨਾਗਰਿਕ ਨਿਖਿਲ ਗੁਪਤਾ ਨੂੰ 24 ਸਾਲ ਤੱਕ ਦੀ ਕੈਦ ਦੀ ਸਜ਼ਾ ਸੁਣਾਈ ਗਈ ਹੈ। ਉਸ ਨੇ ਅਮਰੀਕੀ ਅਦਾਲਤ ਵਿਚ ਆਪਣਾ ਗੁਨਾਹ ਕਬੂਲ ਕਰ ਲਿਆ ਸੀ। 54 ਸਾਲਾ ਨਿਖਿਲ ਗੁਪਤਾ ਨੇ ਨਿਊਯਾਰਕ ਦੀ ਮੈਨਹਟਨ ਫੈਡਰਲ ਅਦਾਲਤ ਵਿਚ ਮੰਨਿਆ ਕਿ ਉਹ ਇਸ ਸਾਜ਼ਿਸ਼ ਦਾ ਹਿੱਸਾ ਸੀ। ਇਸ ਤੋਂ ਬਾਅਦ ਅਦਾਲਤ ਨੇ ਉਸ ਨੂੰ 24 ਸਾਲ ਤੱਕ ਦੀ ਕੈਦ ਦੀ ਸਜ਼ਾ ਸੁਣਾਈ ਹੈ, ਜਿਸ ਦਾ ਰਸਮੀ ਐਲਾਨ 29 ਮਈ ਨੂੰ ਜੱਜ ਵਿਕਟਰ ਮਾਰੇਰੋ ਵੱਲੋਂ ਕੀਤਾ ਜਾਵੇਗਾ।

ਅਮਰੀਕੀ ਜਾਂਚ ਏਜੰਸੀ ਐੱਫ.ਬੀ.ਆਈ. ਅਤੇ ਨਿਆਂ ਵਿਭਾਗ ਮੁਤਾਬਕ ਨਿਖਿਲ ਗੁਪਤਾ 'ਤੇ ਦੋਸ਼ ਸੀ ਕਿ ਉਸ ਨੇ ਇੱਕ ਭਾਰਤੀ ਸਰਕਾਰੀ ਅਧਿਕਾਰੀ (ਜਿਸ ਦੀ ਪਛਾਣ ਵਿਕਾਸ ਯਾਦਵ ਵਜੋਂ ਹੋਈ ਸੀ) ਦੇ ਨਿਰਦੇਸ਼ਾਂ 'ਤੇ ਅਮਰੀਕੀ ਧਰਤੀ 'ਤੇ ਪੰਨੂ ਨੂੰ ਮਾਰਨ ਲਈ 1 ਲੱਖ ਡਾਲਰ ਦੀ ਸੁਪਾਰੀ ਦਿੱਤੀ ਸੀ। ਨਿਖਿਲ ਨੇ ਇਸ ਸਬੰਧੀ ਇੱਕ ਜਣੇ ਨਾਲ ਸੰਪਰਕ ਕੀਤਾ ਸੀ, ਜੋ ਅਸਲ ਵਿਚ ਅਮਰੀਕੀ ਏਜੰਸੀਆਂ ਦਾ ਇੱਕ ਅੰਡਰਕਵਰ ਏਜੰਟ ਨਿਕਲਿਆ। ਨਿਖਿਲ ਨੇ ਜੂਨ 2023 ਵਿਚ ਇਸ ਕੰਮ ਲਈ 15,000 ਡਾਲਰ ਦੀ ਐਡਵਾਂਸ ਰਕਮ ਵੀ ਅਦਾ ਕੀਤੀ ਸੀ।

ਨਿਖਿਲ ਗੁਪਤਾ 'ਤੇ ਮਰਡਰ-ਫਾਰ-ਹਾਇਰ (ਭਾੜੇ 'ਤੇ ਕਤਲ ਕਰਵਾਉਣਾ) ਪੰਨੂ ਨੂੰ ਮਾਰਨ ਲਈ ਪੈਸਿਆਂ ਦਾ ਲੈਣ-ਦੇਣ ਕਰਨਾ, ਇੱਕ ਅਮਰੀਕੀ ਨਾਗਰਿਕ ਦੀ ਜਾਨ ਲੈਣ ਦੀ ਯੋਜਨਾ ਵਿਚ ਸ਼ਾਮਲ ਹੋਣ, ਮਨੀ ਲਾਂਡਰਿੰਗ ਦੀ ਸਾਜ਼ਿਸ਼: ਕਤਲ ਦੇ ਕੰਮ ਲਈ ਪੈਸੇ ਦੀ ਗੈਰ-ਕਾਨੂੰਨੀ ਹੇਰਾਫੇਰੀ ਕਰਨ ਦੇ ਦੋਸ਼ ਆਇਦ ਕੀਤੇ ਗਏ ਹਨ।

ਨਿਖਿਲ ਗੁਪਤਾ ਨੂੰ 30 ਜੂਨ, 2023 ਨੂੰ ਚੈੱਕ ਗਣਰਾਜ ਤੋਂ ਗ੍ਰਿਫਤਾਰ ਕੀਤਾ ਗਿਆ ਸੀ। ਲੰਬੀ ਕਾਨੂੰਨੀ ਲੜਾਈ ਤੋਂ ਬਾਅਦ ਜੂਨ 2024 ਵਿਚ ਉਸ ਨੂੰ ਅਮਰੀਕਾ ਹਵਾਲੇ ਕਰ ਦਿੱਤਾ ਗਿਆ ਸੀ। ਉਦੋਂ ਤੋਂ ਉਹ ਬਰੂਕਲਿਨ ਦੀ ਜੇਲ੍ਹ ਵਿਚ ਸੀ। ਸ਼ੁਰੂ ਵਿਚ ਉਸ ਨੇ ਖੁਦ ਨੂੰ ਬੇਕਸੂਰ ਦੱਸਿਆ ਸੀ ਪਰ ਹੁਣ ਅਦਾਲਤ ਵਿਚ ਸਾਰੇ ਦੋਸ਼ ਸਵੀਕਾਰ ਕਰ ਲਏ ਹਨ।

ਭਾਰਤ ਸਰਕਾਰ ਨੇ ਇਸ ਮਾਮਲੇ ਵਿਚ ਕਿਸੇ ਵੀ ਤਰ੍ਹਾਂ ਦੀ ਸਰਕਾਰੀ ਸ਼ਮੂਲੀਅਤ ਤੋਂ ਇਨਕਾਰ ਕੀਤਾ ਹੈ। ਹਾਲਾਂਕਿ, ਅਮਰੀਕਾ ਵੱਲੋਂ ਸਬੂਤ ਸਾਂਝੇ ਕੀਤੇ ਜਾਣ ਤੋਂ ਬਾਅਦ ਭਾਰਤ ਨੇ ਇੱਕ ਉੱਚ-ਪੱਧਰੀ ਜਾਂਚ ਕਮੇਟੀ ਬਣਾਈ ਸੀ। ਜਨਵਰੀ 2025 ਵਿਚ ਕਮੇਟੀ ਨੇ ਆਪਣੀ ਰਿਪੋਰਟ ਸੌਂਪੀ, ਜਿਸ ਵਿਚ ਦੱਸਿਆ ਗਿਆ ਕਿ ਇਸ ਮਾਮਲੇ ਵਿਚ ਸ਼ਾਮਲ ਵਿਅਕਤੀ (ਵਿਕਾਸ ਯਾਦਵ) ਹੁਣ ਸਰਕਾਰੀ ਨੌਕਰੀ ਵਿਚ ਨਹੀਂ ਹੈ ਅਤੇ ਉਸ ਵਿਰੁੱਧ ਕਾਨੂੰਨੀ ਕਾਰਵਾਈ ਦੀ ਸਿਫ਼ਾਰਸ਼ ਕੀਤੀ ਗਈ ਹੈ।

ਅਮਰੀਕੀ ਅਟਾਰਨੀ ਜੇਅ ਕਲੇਟਨ ਨੇ ਕਿਹਾ ਕਿ ਇਹ ਸਜ਼ਾ ਉਨ੍ਹਾਂ ਸਾਰੇ ਵਿਦੇਸ਼ੀ ਅਨਸਰਾਂ ਲਈ ਇੱਕ ਸਖ਼ਤ ਸੰਦੇਸ਼ ਹੈ, ਜੋ ਅਮਰੀਕੀ ਨਾਗਰਿਕਾਂ ਨੂੰ ਨੁਕਸਾਨ ਪਹੁੰਚਾਉਣ ਦੀ ਕੋਸ਼ਿਸ਼ ਕਰਦੇ ਹਨ।

# ਭਾਰਤੀ ਨਾਗਰਿਕ ਨਿਖਿਲ ਗੁਪਤਾ ਦਾ ਇੱਕ ਹੋਰ ਕਬੂਲਨਾਮਾ; ਹਰਦੀਪ ਨਿੱਝਰ ਵੀ ਸੀ ਨਿਸ਼ਾਨੇ 'ਤੇ

**ਨਵੀਂ ਦਿੱਲੀ, (ਪੰਜਾਬ ਮੇਲ)-** ਅਮਰੀਕਾ ਵਿਚ ਸਿੱਖ ਵੱਖਵਾਦੀ ਗੁਰਪਤਵੰਤ ਸਿੰਘ ਪੰਨੂ ਦੇ ਕਤਲ ਦੀ ਨਾਕਾਮ ਸਾਜ਼ਿਸ਼ ਵਿਚ ਭੂਮਿਕਾ ਦਾ ਦੋਸ਼ ਕਬੂਲਣ ਵਾਲੇ ਭਾਰਤੀ ਨਾਗਰਿਕ ਨਿਖਿਲ ਗੁਪਤਾ ਨੇ ਅਮਰੀਕੀ ਡਰੱਗ ਐੱਨਫੋਰਸਮੈਂਟ ਪ੍ਰਸ਼ਾਸਨ (ਡੀ.ਈ.ਏ.) ਦੇ ਅੰਡਰਕਵਰ ਏਜੰਟ ਕੋਲ ਮੰਨਿਆ ਸੀ ਕਿ ਹਰਦੀਪ ਸਿੰਘ ਨਿੱਝਰ ਵੀ 'ਨਿਸ਼ਾਨੇ' ਉੱਤੇ ਸੀ। ਗੁਪਤਾ ਨੇ ਇਹ ਦਾਅਵਾ ਨਿੱਝਰ ਦੀ ਕੈਨੇਡਾ ਵਿਚ ਅਣਪਛਾਤੇ ਹਥਿਆਰਬੰਦਾਂ ਵੱਲੋਂ ਹੱਤਿਆ ਤੋਂ ਇਕ ਦਿਨ ਬਾਅਦ ਕੀਤਾ ਸੀ।

ਕੈਨੇਡੀਅਨ ਨਾਗਰਿਕ ਨਿੱਝਰ ਨੂੰ 18 ਜੂਨ 2023 ਨੂੰ ਬ੍ਰਿਟਿਸ਼ ਕੋਲੰਬੀਆ ਦੇ ਸਰੀ ਵਿਚ ਗੁਰਦੁਆਰੇ ਦੀ ਪਾਰਕਿੰਗ 'ਚ ਗੋਲੀਆਂ ਮਾਰ ਕੇ ਕਤਲ ਕੀਤਾ ਗਿਆ ਸੀ। ਨਿਆਂ ਵਿਭਾਗ ਨੇ ਕੋਰਟ ਦਸਤਾਵੇਜ਼ਾਂ ਦੇ ਹਵਾਲੇ ਨਾਲ ਕਿਹਾ ਕਿ ਨਿੱਝਰ ਦੇ ਕਤਲ ਤੋਂ ਅਗਲੇ ਦਿਨ 19 ਜੂਨ 2023 ਨੂੰ ਗੁਪਤਾ ਨੇ ਅੰਡਰਕਵਰ ਕੋਲ ਉਪਰੋਕਤ ਗੱਲ ਕਬੂਲੀ ਸੀ। ਨਿਆਂ ਵਿਭਾਗ ਨੇ ਕਿਹਾ ਕਿ ਨਿੱਝਰ ਪਾਬੰਦੀਸ਼ੁਦਾ ਜਥੇਬੰਦੀ ਸਿੱਖਸ ਫਾਰ ਜਸਟਿਸ (ਐੱਸ.ਐੱਫ.ਜੇ.) ਦੇ ਮੁਖੀ ਪੰਨੂ ਦਾ ਨੇੜਲਾ ਸਾਥੀ ਸੀ।

ਅਮਰੀਕੀ ਵਕੀਲਾਂ ਅਨੁਸਾਰ ਗੁਪਤਾ ਨੇ ਅੰਡਰਕਵਰ ਏਜੰਟ ਨੂੰ ਨਿਰਦੇਸ਼ ਦਿੱਤੇ ਸਨ ਕਿ ਉਹ ਜੂਨ 2023 ਵਿਚ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਵਾਸ਼ਿੰਗਟਨ ਫੇਰੀ ਮੌਕੇ ਪੰਨੂ ਦੀ ਹੱਤਿਆ ਨੂੰ ਅੰਜਾਮ ਨਾ ਦੇਵੇ। ਨਿਆਂ ਵਿਭਾਗ ਨੇ ਦੋਸ਼ ਲਗਾਇਆ ਹੈ ਕਿ ਗੁਪਤਾ ਨੇ ਭਾਰਤ ਅਤੇ ਕੇਸ ਦੇ ਸਹਿ ਮੁਲਜ਼ਮ ਵਿਕਾਸ ਯਾਦਵ ਸਣੇ ਹੋਰਨਾਂ ਨਾਲ ਮਿਲ ਕੇ ਕੰਮ ਕੀਤਾ। ਯਾਦਵ ਨੂੰ ਚਾਰਜਸ਼ੀਟ ਵਿਚ ਭਾਰਤ



ਸਰਕਾਰ ਦੇ ਕੈਬਨਿਟ ਸਕੱਤਰੇਤ ਦਾ ਕਰਮਚਾਰੀ ਦੱਸਿਆ ਗਿਆ ਹੈ, ਜਿਸ ਵਿਚ ਦੇਸ਼ ਦੀ ਬਾਹਰੀ ਖੁਫੀਆ ਏਜੰਸੀ, ਖੋਜ ਅਤੇ ਵਿਸ਼ਲੇਸ਼ਣ ਵਿੰਗ ਹੈ।

ਸਰਕਾਰੀ ਵਕੀਲਾਂ ਦਾ ਦਾਅਵਾ ਹੈ ਕਿ ਯਾਦਵ ਦੇ ਨਿਰਦੇਸ਼ਾਂ 'ਤੇ ਗੁਪਤਾ ਨੇ ਨਿਊਯਾਰਕ ਸਿਟੀ ਵਿਚ ਭਾੜੇ 'ਤੇ ਕਤਲ ਦਾ ਪ੍ਰਬੰਧ ਕਰਨ ਲਈ ਇੱਕ ਵਿਅਕਤੀ ਨਾਲ ਸੰਪਰਕ ਕੀਤਾ, ਜਿਸ ਨੂੰ ਉਹ ਅਪਰਾਧਿਕ ਸਹਿਯੋਗੀ ਮੰਨਦਾ ਸੀ। ਉਹ ਵਿਅਕਤੀ ਅਸਲ ਵਿਚ ਡੀ.ਈ.ਏ. ਨਾਲ ਕੰਮ ਕਰਨ ਵਾਲਾ ਗੁਪਤ ਸਰੋਤ ਸੀ। ਉਸ ਨੇ ਗੁਪਤਾ ਨੂੰ ਕਥਿਤ ਹਿੱਟਮੈਨ, ਜੋ ਅੰਡਰਕਵਰ ਡੀ.ਈ.ਏ. ਅਧਿਕਾਰੀ ਸੀ, ਨਾਲ ਮਿਲਾਇਆ ਸੀ। ਅਮਰੀਕੀ ਅਧਿਕਾਰੀਆਂ ਨੇ ਦੋਸ਼ ਲਗਾਇਆ ਹੈ ਕਿ ਯਾਦਵ ਨੇ ਗੁਪਤਾ ਰਾਹੀਂ ਕਤਲ ਲਈ 1,00,000 ਡਾਲਰ ਦਾ ਭੁਗਤਾਨ ਕਰਨ ਲਈ ਸਹਿਮਤੀ ਦਿੱਤੀ ਸੀ ਅਤੇ ਜੂਨ 2023 ਵਿਚ ਐਡਵਾਂਸ ਵਜੋਂ 15,000 ਡਾਲਰ ਨਕਦ ਦੀ ਅਦਾਇਗੀ ਕੀਤੀ ਗਈ। ਤਫ਼ਤੀਸ਼ਕਾਰਾਂ ਦਾ ਕਹਿਣਾ ਹੈ ਕਿ ਅੰਡਰਕਵਰ ਏਜੰਟ ਨੂੰ ਸੰਭਾਵੀ ਨਿਸ਼ਾਨੇ ਦੇ ਨਿੱਜੀ ਵੇਰਵੇ; ਜਿਸ ਵਿਚ ਘਰ ਦਾ ਪਤਾ, ਫੋਨ ਨੰਬਰ ਅਤੇ ਰੋਜ਼ਾਨਾ ਦੀਆਂ ਸਰਗਰਮੀਆਂ ਸ਼ਾਮਲ ਹਨ, ਦੇ ਨਾਲ ਸਮੇਂ-ਸਮੇਂ 'ਤੇ ਅਪਡੇਟਸ ਅਤੇ ਨਿਗਰਾਨੀ ਫੋਟੋਆਂ ਵੀ ਮੁਹੱਈਆ ਕੀਤੀਆਂ ਗਈਆਂ।

# ਓਨਟਾਰੀਓ 'ਚ ਵਾਪਰੇ ਇੱਕ ਸੜਕ ਹਾਦਸੇ 'ਚ ਪੰਜਾਬੀ ਨੌਜਵਾਨ ਨੇ ਕਬੂਲਿਆ ਗੁਨਾਹ

**ਓਨਟਾਰੀਓ, (ਪੰਜਾਬ ਮੇਲ)-** ਸਾਲ 2023 ਵਿਚ ਕੈਨੇਡਾ ਦੇ ਓਨਟਾਰੀਓ ਵਿੱਚ ਵਾਪਰੇ ਇੱਕ ਭਿਆਨਕ ਸੜਕ ਹਾਦਸੇ ਵਿੱਚ, ਜਿਸ ਵਿੱਚ ਓਲੰਪਿਕ ਫਿਗਰ ਸਕੇਟਰ ਅਲੈਗਜ਼ੈਂਡਰਾ ਪੌਲ ਦੀ ਮੌਤ ਹੋ ਗਈ ਸੀ, ਭਾਰਤੀ ਮੂਲ ਦੇ ਟਰੱਕ ਡਰਾਈਵਰ ਸੁਖਵਿੰਦਰ ਸਿੱਧੂ ਨੇ ਆਪਣਾ ਗੁਨਾਹ ਕਬੂਲ ਕਰ ਲਿਆ ਹੈ। 31 ਸਾਲਾ ਸੁਖਵਿੰਦਰ ਸਿੱਧੂ 'ਤੇ ਖ਼ਤਰਨਾਕ ਡਰਾਈਵਿੰਗ ਰਾਹੀਂ ਮੌਤ ਦਾ ਕਾਰਨ ਬਣਨ ਦੇ ਦੋਸ਼ ਲੱਗੇ ਸਨ।



ਜਾਂਚ ਵਿਚ ਸਾਹਮਣੇ ਆਇਆ ਕਿ ਹਾਦਸੇ ਦੇ ਸਮੇਂ ਸੁਖਵਿੰਦਰ ਸਿੱਧੂ ਲਗਾਤਾਰ 26 ਘੰਟਿਆਂ ਤੋਂ ਟਰੱਕ ਚਲਾ ਰਿਹਾ ਸੀ, ਜੋ ਕਿ ਕਾਨੂੰਨੀ ਨਿਯਮਾਂ ਦੀ ਉਲੰਘਣਾ ਹੈ। ਇਸ ਦੌਰਾਨ ਉਨ੍ਹਾਂ ਦੇ ਟਰੱਕ ਦੀ ਇਕ ਕਾਰ ਨਾਲ ਜ਼ਬਰਦਸਤ ਟੱਕਰ ਹੋ

**■ 26 ਘੰਟੇ ਟਰੱਕ ਚਲਾਉਣ ਕਾਰਨ ਵਾਪਰਿਆ ਸੀ ਹਾਦਸਾ!**

ਗਈ, ਜਿਸ 'ਚ 31 ਸਾਲਾ ਅਲੈਗਜ਼ੈਂਡਰਾ ਪੌਲ ਦੀ ਮੌਤ ਹੋ ਗਈ ਸੀ, ਜੋ ਕਿ ਸਾਬਕਾ ਓਲੰਪਿਕ ਫਿਗਰ ਸਕੇਟਰ ਸੀ। ਹਾਦਸੇ ਵੇਲੇ ਉਸ ਦਾ ਛੋਟਾ ਬੱਚਾ ਵੀ ਕਾਰ ਵਿਚ ਸੀ, ਜੋ ਕਿ ਚਮਤਕਾਰੀ ਢੰਗ ਨਾਲ ਬਚ ਗਿਆ।

ਸੁਖਵਿੰਦਰ ਸਿੱਧੂ ਨੇ ਇਸ ਮਹੀਨੇ ਸ਼ੁਰੂ ਹੋਣ ਵਾਲੀ ਸੁਣਵਾਈ ਤੋਂ ਪਹਿਲਾਂ ਹੀ ਆਪਣੀ ਗ਼ਲਤੀ ਮੰਨ ਲਈ ਹੈ। ਕੈਨੇਡਾ ਦੇ ਕਾਨੂੰਨ ਮੁਤਾਬਕ ਵਪਾਰਕ ਵਾਹਨ ਚਲਾਉਣ ਵਾਲਿਆਂ ਲਈ ਆਰਾਮ ਦੇ ਨਿਯਮ ਬਹੁਤ ਸਖ਼ਤ ਹਨ। ਲਗਾਤਾਰ 26 ਘੰਟੇ ਬਿਨਾਂ ਆਰਾਮ ਕੀਤੇ ਗੱਡੀ ਚਲਾਉਣਾ ਇਸ ਘਾਤਕ ਹਾਦਸੇ ਦਾ ਮੁੱਖ ਕਾਰਨ ਬਣਿਆ। ਸਿੱਧੂ ਵੱਲੋਂ ਗੁਨਾਹ ਕਬੂਲਣ ਤੋਂ ਬਾਅਦ ਹੁਣ ਅਦਾਲਤ ਵੱਲੋਂ ਉਸ ਨੂੰ ਸਖ਼ਤ ਸਜ਼ਾ ਸੁਣਾਈ ਜਾ ਸਕਦੀ ਹੈ।

# ਕੈਨੇਡਾ 'ਚ ਵਧਦਾ ਕ੍ਰਾਈਮ; ਸਰੀ ਪੁਲਿਸ ਵੱਲੋਂ ਪੰਜਾਬੀ ਨੌਜਵਾਨਾਂ ਨੂੰ ਪੰਜਾਬੀ ਭਾਸ਼ਾ ਵਿਚ ਖਾਸ ਅਪੀਲ

**ਸਰੀ, (ਪੰਜਾਬ ਮੇਲ)-** ਕੈਨੇਡਾ 'ਚ ਲਗਾਤਾਰ ਵਾਪਰ ਰਹੀਆਂ ਹਿੰਸਕ ਘਟਨਾਵਾਂ ਤੇ ਵਾਰਦਾਤਾਂ 'ਚ ਪੰਜਾਬੀ ਨੌਜਵਾਨਾਂ ਦਾ ਨਾਂ ਸਾਹਮਣੇ ਆਉਣ ਦੇ ਸਿਲਸਿਲੇ ਦੌਰਾਨ ਸਰੀ ਪੁਲਿਸ ਨੇ ਇਕ ਵੀਡੀਓ ਸਾਂਝੀ ਕੀਤੀ ਹੈ। ਇਸ ਵੀਡੀਓ 'ਚ ਸਰੀ ਪੁਲਿਸ ਦੇ ਕਾਂਸਟੇਬਲ ਅਮਤਿਜੋਤ ਮਾਨ ਨੇ ਪੰਜਾਬੀ ਭਾਸ਼ਾ 'ਚ ਨੌਜਵਾਨਾਂ ਨੂੰ ਖ਼ਾਸ ਅਪੀਲ ਕੀਤੀ ਹੈ ਕਿ ਉਹ ਇੱਥੇ ਆਪਣਾ ਭਵਿੱਖ ਬਣਾਉਣ ਲਈ ਆਏ ਹਨ ਤੇ ਕੁਝ ਪੈਸਿਆਂ ਦੇ ਲਾਲਚ 'ਚ ਆ ਕੇ ਅਜਿਹੇ ਮਾੜੇ ਕੰਮ ਨਾ ਕਰਨ।

ਉਨ੍ਹਾਂ ਨੇ ਖਾਸ ਤੌਰ 'ਤੇ ਨੌਜਵਾਨਾਂ ਅਤੇ ਨਵੇਂ ਆਏ ਪ੍ਰਵਾਸੀਆਂ ਨੂੰ ਅਪਰਾਧਿਕ ਗਤੀਵਿਧੀਆਂ, ਜਿਵੇਂ ਕਿ ਪੈਸੇ ਦੀ ਵਸੂਲੀ ਲਈ ਕਿਸੇ ਦੇ ਘਰ ਜਾਂ ਕਾਰੋਬਾਰ 'ਤੇ ਗੋਲੀਆਂ ਚਲਾਉਣ ਜਾਂ ਧਮਕੀ ਭਰੇ ਸੁਨੇਹੇ ਮੈਸੇਜ ਭੇਜਣ ਵਰਗੇ ਜਾਲ ਵਿਚ ਨਾ ਫਸਣ ਦੀ ਅਪੀਲ ਕੀਤੀ ਹੈ। ਉਨ੍ਹਾਂ ਨੇ ਪੁਲਿਸ ਵੱਲੋਂ ਚਿਤਾਵਨੀ ਦਿੱਤੀ ਹੈ ਕਿ ਨੌਜਵਾਨਾਂ ਨੂੰ ਥੋੜ੍ਹੇ ਜਿਹੇ ਪੈਸਿਆਂ ਦੇ ਬਦਲੇ ਬਹੁਤ ਵੱਡਾ ਖ਼ਤਰਾ ਮੁੱਲ ਲੈਣ ਲਈ ਕਿਹਾ ਜਾਂਦਾ ਹੈ, ਜੋ ਨਾ ਸਿਰਫ਼ ਆਮ ਲੋਕਾਂ ਨੂੰ ਨੁਕਸਾਨ ਪਹੁੰਚਾਉਂਦਾ ਹੈ, ਸਗੋਂ ਅਪਰਾਧ ਕਰਨ ਵਾਲੇ ਲਈ ਜੇਲ੍ਹ ਜਾਣ ਅਤੇ ਕੈਨੇਡਾ ਤੋਂ ਕੱਢੇ ਜਾਣ ਤੱਕ ਦਾ ਕਾਰਨ ਵੀ ਬਣ ਸਕਦਾ ਹੈ।

**■ ਕਿਹਾ; ਪੈਸਿਆਂ ਦੇ ਲਾਲਚ 'ਚ ਆ ਕੇ ਮਾੜੇ ਕੰਮ ਨਾ ਕਰੋ**

ਪੁਲਿਸ ਅਨੁਸਾਰ, ਪ੍ਰਵਾਸੀ ਕੈਨੇਡਾ ਵਿਚ ਬਿਹਤਰ ਜ਼ਿੰਦਗੀ ਅਤੇ ਪੜ੍ਹਾਈ ਲਈ ਆਏ ਹਨ, ਗੈਂਗਸਟਰ ਬਣਨ ਜਾਂ ਵਾਰਦਾਤਾਂ ਕਰਨ ਨਹੀਂ। ਅਪਰਾਧਿਕ ਕੰਮਾਂ ਵਿਚ ਸ਼ਾਮਲ ਹੋਣਾ ਉਨ੍ਹਾਂ ਦੇ ਪਰਿਵਾਰਾਂ ਅਤੇ ਸਪਾਂਸਰਾਂ ਲਈ ਵੱਡੀ ਬੇਇੱਜ਼ਤੀ ਅਤੇ ਨਿਰਾਸ਼ਾ ਦਾ ਸਬੱਬ ਬਣਦਾ ਹੈ, ਜਿਨ੍ਹਾਂ ਨੇ ਉਨ੍ਹਾਂ ਦੇ ਸੁਪਨਿਆਂ ਲਈ ਕੁਰਬਾਨੀਆਂ ਕੀਤੀਆਂ ਹਨ।

ਉਨ੍ਹਾਂ ਅੱਗੇ ਦੱਸਿਆ ਕਿ ਸਰੀ ਵਿਚ ਐਕਸਟਾਰਸ਼ਨ ਫੋਨ ਕਾਲਜ਼ ਨੂੰ ਰੋਕਣ 'ਚ ਮਦਦ ਕਰਨ ਵਾਲੀ ਜਾਣਕਾਰੀ ਸਾਂਝੀ ਕਰਨ ਲਈ ਢਾਈ ਲੱਖ ਡਾਲਰ (250,000 ਡਾਲਰ) ਦਾ ਇਨਾਮੀ ਫੰਡ ਉਪਲਬਧ ਕਰਵਾਇਆ ਗਿਆ ਹੈ। ਜੇਕਰ ਕਿਸੇ ਨੂੰ ਮਦਦ ਦੀ ਲੋੜ ਹੈ ਜਾਂ ਉਹ ਗੁਪਤ ਜਾਣਕਾਰੀ ਸਾਂਝੀ ਕਰਨਾ ਚਾਹੁੰਦਾ ਹੈ, ਤਾਂ ਉਹ ਸਰੀ ਐਕਸਟੋਰਸ਼ਨ ਟਿਪਲਾਈਨ 236-485-1891 'ਤੇ ਕਾਲ ਕਰ ਸਕਦਾ ਹੈ। ਪੁਲਿਸ ਨੇ ਸਪੱਸ਼ਟ ਕੀਤਾ ਹੈ ਕਿ ਅਪਰਾਧ ਦੇ ਇਸ ਰਸਤੇ 'ਤੇ ਚੱਲਣਾ ਕਿਸੇ ਵੀ ਕੀਮਤ 'ਤੇ ਫਾਇਦੇਮੰਦ ਨਹੀਂ ਹੈ ਅਤੇ ਲੋਕਾਂ ਨੂੰ ਇਸ ਜਾਲ 'ਚ ਨਹੀਂ ਫਸਣਾ ਚਾਹੀਦਾ।

## ਯੂ.ਕੇ. ਤੇ ਕੈਨੇਡੀਅਨ ਨਾਗਰਿਕਾਂ ਨੂੰ ਚੀਨ 'ਚ ਮਿਲੀ ਵੀਜ਼ਾ-ਮੁਕਤ ਐਂਟਰੀ

**ਬੀਜਿੰਗ/ਵੈਨਕੂਵਰ, (ਪੰਜਾਬ ਮੇਲ)-** ਚੀਨ ਸਰਕਾਰ ਨੇ ਦੇਸ਼ 'ਚ ਸੈਰ-ਸਪਾਟੇ ਤੇ ਵਪਾਰਕ ਗਤੀਵਿਧੀਆਂ ਨੂੰ ਵਧਾਉਣ ਲਈ ਇੱਕ ਅਹਿਮ ਕਦਮ ਚੁੱਕਿਆ ਹੈ। ਬ੍ਰਿਟੇਨ ਤੇ ਕੈਨੇਡਾ ਦੇ ਨਾਗਰਿਕ ਬਿਨਾਂ ਵੀਜ਼ਾ ਚੀਨ 'ਚ ਦਾਖਲ ਹੋ ਸਕਣਗੇ, ਜਿਸ ਨਾਲ ਹੁਣ ਵੀਜ਼ਾ-ਮੁਕਤ ਪਹੁੰਚ ਵਾਲੇ ਦੇਸ਼ਾਂ ਦੀ ਕੁੱਲ ਗਿਣਤੀ 79 ਹੋ ਗਈ ਹੈ। ਸਰੋਤਾਂ ਅਨੁਸਾਰ, ਇਨ੍ਹਾਂ ਦੇਸ਼ਾਂ ਦੇ ਯਾਤਰੀ ਵਪਾਰ, ਸੈਰ-ਸਪਾਟਾ, ਐਕਸਚੇਂਜ ਪ੍ਰੋਗਰਾਮਾਂ ਅਤੇ ਆਪਣੇ ਰਿਸ਼ਤੇਦਾਰਾਂ ਜਾਂ ਦੋਸਤਾਂ ਨੂੰ ਮਿਲਣ ਲਈ 30 ਦਿਨਾਂ ਤੱਕ ਚੀਨ ਵਿਚ ਰਹਿ ਸਕਦੇ ਹਨ। ਚੀਨ ਨੇ ਪਿਛਲੇ ਦੋ ਸਾਲਾਂ ਵਿਚ ਇਸ ਪ੍ਰੋਗਰਾਮ ਦਾ ਕਾਫ਼ੀ ਵਿਸਥਾਰ ਕੀਤਾ ਹੈ, ਜਿਸ ਵਿਚ ਜ਼ਿਆਦਾਤਰ ਯੂਰਪੀਅਨ ਦੇਸ਼ਾਂ ਦੇ ਨਾਲ-ਨਾਲ ਲਾਤੀਨੀ ਅਮਰੀਕਾ, ਦੱਖਣ-ਪੂਰਬੀ ਏਸ਼ੀਆ ਅਤੇ ਮੱਧ ਪੂਰਬ ਦੇ ਚੋਣਵੇਂ ਦੇਸ਼ਾਂ ਨੂੰ ਸ਼ਾਮਲ ਕੀਤਾ ਗਿਆ ਹੈ। ਜਿੱਥੇ 79 ਦੇਸ਼ਾਂ ਨੂੰ ਪੂਰਨ ਵੀਜ਼ਾ-ਮੁਕਤ ਐਂਟਰੀ ਮਿਲੀ ਹੈ, ਉੱਥੇ ਹੀ ਅਮਰੀਕਾ ਅਤੇ ਇੰਡੋਨੇਸ਼ੀਆ ਵਰਗੇ ਦੇਸ਼ਾਂ ਦੇ ਨਾਗਰਿਕਾਂ ਨੂੰ 10 ਦਿਨਾਂ ਲਈ ਟ੍ਰਾਂਜ਼ਿਟ ਐਂਟਰੀ ਦੀ ਸਹੂਲਤ ਦਿੱਤੀ ਗਈ ਹੈ। ਇਹ ਸਹੂਲਤ ਉਨ੍ਹਾਂ ਯਾਤਰੀਆਂ ਲਈ ਹੈ, ਜਿਨ੍ਹਾਂ ਕੋਲ ਕਿਸੇ ਅਜਿਹੇ ਦੇਸ਼ ਦੀ ਵਾਪਸੀ ਜਾਂ ਅਗਲੀ ਯਾਤਰਾ ਦੀ ਟਿਕਟ ਹੈ, ਜਿੱਥੋਂ ਉਹ ਨਹੀਂ ਆਏ ਹਨ।



# ਅਕਾਲੀ ਦਲ ਵੱਲੋਂ 2027 ਵਿਧਾਨ ਸਭਾ ਚੋਣਾਂ ਦੀ ਤਿਆਰੀ

**■ ਦੋਆਬੇ ਦੀ ਇਕ ਹੋਰ ਸੀਟ ਤੋਂ ਥਾਪਿਆ ਨਵਾਂ ਹਲਕਾ ਇੰਚਾਰਜ**



**ਚੰਡੀਗੜ੍ਹ/ਨਵਾਂਸ਼ਹਿਰ, (ਪੰਜਾਬ ਮੇਲ)**- ਸ਼੍ਰੋਮਣੀ ਅਕਾਲੀ ਦਲ ਨੇ ਅਗਲੇ ਸਾਲ ਹੋਣ ਵਾਲੀਆਂ ਵਿਧਾਨ ਸਭਾ ਚੋਣਾਂ ਲਈ ਤਿਆਰੀ ਜ਼ੋਰਾਂ-ਸ਼ੋਰਾਂ ਨਾਲ ਸ਼ੁਰੂ ਕੀਤੀ ਹੋਈ ਹੈ। ਪਾਰਟੀ ਪ੍ਰਧਾਨ ਸੁਖਬੀਰ ਸਿੰਘ ਬਾਦਲ ਵੱਲੋਂ ਵੱਖ-ਵੱਖ ਹਲਕਿਆਂ ਵਿਚ ਨਵੇਂ ਹਲਕਾ ਇੰਚਾਰਜ ਥਾਪੇ ਜਾ ਰਹੇ ਹਨ। ਇਸੇ ਲੜੀ ਤਹਿਤ ਹੁਣ ਸੁਖਬੀਰ ਸਿੰਘ ਬਾਦਲ ਨੇ ਕਰਤਾਰਪੁਰ ਤੋਂ ਬਾਅਦ ਨਵਾਂਸ਼ਹਿਰ ਤੋਂ ਵੀ ਨਵਾਂ ਹਲਕਾ ਇੰਚਾਰਜ ਥਾਪਿਆ ਹੈ।

ਸੁਖਬੀਰ ਸਿੰਘ ਬਾਦਲ ਨੇ ਨਵਾਂਸ਼ਹਿਰ ਵਿਧਾਨ ਸਭਾ ਹਲਕੇ ਤੋਂ ਸੁਖਦੀਪ ਸਿੰਘ ਸੁਕਾਰ ਨੂੰ ਹਲਕਾ ਇੰਚਾਰਜ ਨਿਯੁਕਤ ਕੀਤਾ ਹੈ। ਸੁਖਦੀਪ ਸਿੰਘ ਸੁਕਾਰ ਸ਼੍ਰੋਮਣੀ ਅਕਾਲੀ ਦਲ ਦੇ ਨਵਾਂਸ਼ਹਿਰ ਦੇ ਜ਼ਿਲ੍ਹਾ ਪ੍ਰਧਾਨ ਵੀ ਹਨ। ਸੁਖਬੀਰ ਸਿੰਘ ਬਾਦਲ ਨੇ ਕਿਹਾ ਕਿ ਸੁਖਦੀਪ ਸਿੰਘ ਸੁਕਾਰ ਨੇ ਨਵਾਂਸ਼ਹਿਰ ਦੇ ਜ਼ਿਲ੍ਹਾ ਪ੍ਰਧਾਨ ਵਜੋਂ ਸਖ਼ਤ ਮਿਹਨਤ ਨਾਲ ਪਾਰਟੀ ਨੂੰ ਜ਼ਮੀਨੀ ਪੱਧਰ 'ਤੇ ਕਾਫ਼ੀ ਮਜ਼ਬੂਤ ਕੀਤਾ ਹੈ ਤੇ ਉਨ੍ਹਾਂ ਨੂੰ ਭਰੋਸਾ ਹੈ ਕਿ ਉਹ ਨਵੀਂ ਜ਼ਿੰਮੇਵਾਰੀ ਨੂੰ ਵੀ ਪੂਰੀ ਤਨਦੇਹੀ ਨਾਲ ਨਿਭਾਉਣਗੇ ਅਤੇ ਹਲਕੇ ਵਿਚ ਅਕਾਲੀ ਦਲ ਨੂੰ ਹੋਰ ਮਜ਼ਬੂਤ ਕਰਨ ਲਈ ਪੂਰੀ ਸ਼ਿੱਦਤ ਨਾਲ ਮਿਹਨਤ ਕਰਨਗੇ। ਇਸ ਤੋਂ ਪਹਿਲਾਂ ਸੁਖਬੀਰ ਸਿੰਘ ਬਾਦਲ ਨੇ ਜਲੰਧਰ ਦੇ ਕਰਤਾਰਪੁਰ ਵਿਧਾਨ ਸਭਾ ਹਲਕੇ ਤੋਂ ਮਹਿੰਦਰ ਸਿੰਘ ਕੇ.ਪੀ. ਨੂੰ ਹਲਕਾ ਇੰਚਾਰਜ ਥਾਪਿਆ। ਸੁਖਬੀਰ ਸਿੰਘ ਬਾਦਲ ਨੇ ਭਰੋਸਾ ਜਤਾਇਆ ਕਿ ਉਹ ਆਪਣੀ ਟੀਮ ਦੇ ਨਾਲ ਦੋਆਬੇ ਵਿਚ ਸ਼੍ਰੋਮਣੀ ਅਕਾਲੀ ਦਲ ਦੀ ਮਜ਼ਬੂਤੀ ਲਈ ਪੂਰੀ ਤਨਦੇਹੀ ਨਾਲ ਕੰਮ ਕਰਨਗੇ।

# ਲਹਿੰਦੇ ਪੰਜਾਬ ਦੀ ਪੁਲਿਸ ਸਿੱਖੇਗੀ ਤਹਿਜ਼ੀਬ !

**■ ਲੋਕਾਂ ਨੂੰ 'ਸਰ' ਜਾਂ 'ਮੈਡਮ' ਕਹਿ ਕੇ ਬੁਲਾਏਗੀ ਲਹਿੰਦੇ ਪੰਜਾਬ ਦੀ ਪੁਲਿਸ**

**ਲਾਹੌਰ, (ਪੰਜਾਬ ਮੇਲ)**- ਪਾਕਿਸਤਾਨ ਦੀ ਪੰਜਾਬ ਪੁਲਿਸ ਨੂੰ ਆਪਣੀ ਵਿਵਸਥਾ ਵਿਚ ਸੁਧਾਰ ਦੇ ਤਹਿਤ ਲੋਕਾਂ ਨਾਲ ਸਤਿਕਾਰ ਨਾਲ ਗੱਲ ਕਰਨ ਅਤੇ ਉਨ੍ਹਾਂ ਨੂੰ 'ਸਰ ਜਾਂ ਮੈਡਮ' ਕਹਿ ਕੇ ਸੰਬੋਧਨ ਕਰਨ ਦਾ ਨਿਰਦੇਸ਼ ਦਿੱਤਾ ਗਿਆ ਹੈ। ਪੰਜਾਬ ਦੀ ਮੁੱਖ ਮੰਤਰੀ ਮਰੀਅਮ ਨਵਾਜ਼ ਨੇ ਐਤਵਾਰ ਨੂੰ ਇੱਥੇ ਪੁਲਿਸ ਵਿਵਸਥਾ 'ਚ ਸੁਧਾਰਾਂ ਬਾਰੇ ਇਕ ਮੀਟਿੰਗ ਦੌਰਾਨ ਕਿਹਾ ਕਿ ਪੰਜਾਬ 'ਚ ਪੁਲਿਸ ਅਕਸਰ ਜਨਤਕ ਥਾਵਾਂ 'ਤੇ ਨਾਗਰਿਕਾਂ ਨਾਲ ਨਿਮਰਤਾ ਨਾਲ ਗੱਲ ਕਰਨ ਦੀ ਬਜਾਏ ਉਨ੍ਹਾਂ ਨੂੰ 'ਓਏ' ਕਹਿ ਕੇ ਸੰਬੋਧਨ ਕਰਦੀ ਹੈ।

ਉਨ੍ਹਾਂ ਕਿਹਾ ਕਿ ਜਨਤਾ ਦੀ ਮਰਿਆਦਾ ਦੀ ਉਲੰਘਣਾ ਨਾ ਕਰੋ। ਜਵਾਬਦੇਹੀ ਦੀ ਲੋੜ ਹੈ ਅਤੇ ਗਲਤ ਰਵੱਈਏ ਨੂੰ ਤਿਆਗਣ ਦੀ ਲੋੜ ਹੈ। ਉਨ੍ਹਾਂ ਨਿਰਦੇਸ਼ ਦਿੱਤਾ ਕਿ ਸਾਰੇ ਥਾਣਿਆਂ, ਦਫ਼ਤਰਾਂ ਅਤੇ ਚੌਕੀਆਂ 'ਤੇ ਨਾਗਰਿਕਾਂ ਨੂੰ ਸਰ ਜਾਂ ਮੈਡਮ ਜਾਂ ਸਾਹਿਬ ਜਾਂ ਸਾਹਿਬਾ ਕਹਿ ਕੇ ਸੰਬੋਧਨ ਕੀਤਾ ਜਾਣਾ ਚਾਹੀਦਾ ਹੈ। ਮਰੀਅਮ ਨੇ ਕਿਹਾ ਕਿ ਪੁਲਿਸ ਮੁਲਾਜ਼ਮਾਂ ਨੂੰ ਸਿਖਲਾਈ ਦੇਣ ਲਈ ਤੁਰੰਤ ਕਦਮ ਚੁੱਕੇ ਜਾਣੇ ਚਾਹੀਦੇ ਹਨ।

## ਲੱਕੀ ਓਬਰਾਏ ਕਤਲ ਕੇਸ: ਮੁੱਖ ਦੋਸ਼ੀ ਸੰਖੇਪ ਮੁਕਾਬਲੇ ਤੋਂ ਬਾਅਦ ਅੰਮ੍ਰਿਤਸਰ ਤੋਂ ਗ੍ਰਿਫ਼ਤਾਰ; ਪਿਸਤੌਲ ਬਰਾਮਦ

**ਅੰਮ੍ਰਿਤਸਰ, (ਪੰਜਾਬ ਮੇਲ)**- ਅੰਮ੍ਰਿਤਸਰ ਦਿਹਾਤੀ ਪੁਲਿਸ ਨੇ ਅੰਮ੍ਰਿਤਸਰ ਦੇ ਖਾਸਾ ਖੇਤਰ ਵਿਚ ਇੱਕ ਸੰਖੇਪ ਮੁਕਾਬਲੇ ਤੋਂ ਬਾਅਦ ਲੱਕੀ ਓਬਰਾਏ ਉਨ੍ਹਾਂ ਦੱਸਿਆ ਕਿ ਪੁਲਿਸ ਨੂੰ ਭਰੋਸੇਯੋਗ ਸੂਤਰਭੱਜਣ ਦੀ ਕੋਸ਼ਿਸ਼ ਵਿਚ ਮੁਲਜ਼ਮ ਨੇ ਪੁਲਿਸ ਪਾਰਟੀ 'ਤੇ ਸ਼ਰ੍ਹੇਆਮ ਗੋਲੀਆਂ ਚਲਾ ਦਿੱਤੀਆਂ, ਜਿਸ ਦੇ ਚੱਲਦਿਆਂ ਸਵੈ-ਰੱਖਿਆ ਵਿਚ ਪੁਲਿਸ ਵੱਲੋਂ ਜਵਾਬੀ ਗੋਲੀਬਾਰੀ ਕੀਤੀ ਗਈ, ਜਿਸ ਦੌਰਾਨ ਮੁਲਜ਼ਮ ਗੋਲੀ ਲੱਗਣ ਕਾਰਨ ਜਖ਼ਮੀ ਹੋ ਗਿਆ, ਜਿਸ ਤੋਂ ਬਾਅਦ ਉਸਨੂੰ ਗ੍ਰਿਫ਼ਤਾਰ ਕਰਕੇ ਇਲਾਜ ਲਈ ਹਸਪਤਾਲ ਭੇਜ ਦਿੱਤਾ ਗਿਆ।

ਐੱਸ.ਐੱਸ.ਪੀ. ਨੇ ਕਿਹਾ ਕਿ ਮੁੱਢਲੀ ਪੁੱਛਗਿੱਛ ਦੌਰਾਨ ਮੁਲਜ਼ਮ ਨੇ ਲੱਕੀ ਓਬਰਾਏ ਕਤਲ ਕੇਸ ਵਿਚ ਇੱਕ ਹੋਰ ਵਿਅਕਤੀ ਦੀ ਸ਼ਮੂਲੀਅਤ ਬਾਰੇ ਵੀ ਮਹੱਤਵਪੂਰਨ ਖੁਲਾਸੇ ਕੀਤੇ ਹਨ। ਇਨ੍ਹਾਂ ਖੁਲਾਸਿਆਂ ਦੇ ਆਧਾਰ 'ਤੇ ਬਾਕੀ ਮੁਲਜ਼ਮਾਂ ਨੂੰ ਕਾਬੂ ਕਰਨ ਲਈ ਹੋਰ ਛਾਪੇਮਾਰੀਆਂ ਅਤੇ ਅਗਲੇਰੀ ਕਾਰਵਾਈ ਕੀਤੀ ਜਾ ਰਹੀ ਹੈ। ਇਸ ਸਬੰਧੀ ਪੁਲਿਸ ਥਾਣਾ ਜਲੰਧਰ ਕਮਿਸ਼ਨਰੇਟ ਡਿਵੀਜ਼ਨ 6 ਵਿਖੇ ਭਾਰਤੀ ਨਿਆਂ ਸੰਹਿਤਾ (ਬੀ.ਐੱਨ.ਐੱਸ.) ਦੀ ਧਾਰਾ 103(1), 3(5) ਅਤੇ 61(2) ਅਤੇ ਅਸਲਾ ਐਕਟ ਦੀ ਧਾਰਾ 25 ਅਤੇ 27 ਤਹਿਤ ਐੱਫ.ਆਈ.ਆਰ. ਨੰ. 25 ਮਿਤੀ 6/2/2026 ਪਹਿਲਾਂ ਹੀ ਦਰਜ ਹੈ।

# ਲੱਕੀ ਓਬਰਾਏ ਕਤਲ ਕਾਂਡ: ਕੇਸ 'ਚ ਨਾਮਜ਼ਦ ਦਲਬੀਰਾ ਨੇ ਆਪਣੇ-ਆਪ ਨੂੰ ਦੱਸਿਆ ਬੇਗੁਨਾਹ

**ਜਲੰਧਰ, (ਪੰਜਾਬ ਮੇਲ)** - ਮਾਡਲ ਟਾਊਨ ਸਥਿਤ ਗੁਰਦੁਆਰਾ ਸਿੰਘ ਸਭਾ ਦੇ ਬਾਹਰ ਆਮ ਆਦਮੀ ਪਾਰਟੀ ਦੇ ਆਗੂ ਲੱਕੀ ਓਬਰਾਏ ਦੇ ਕਤਲ ਮਾਮਲੇ ਵਿਚ ਨਵਾਂ ਮੋੜ ਸਾਹਮਣੇ ਆਇਆ ਹੈ। ਇਸ ਕੇਸ ਵਿਚ ਨਾਮਜ਼ਦ ਦਲਬੀਰ ਸਿੰਘ ਉਰਫ਼ ਦਲਬੀਰਾ ਨੇ ਜੇਲ੍ਹ ਵਿਚੋਂ ਮੀਡੀਆ ਅੱਗੇ ਆ ਕੇ ਆਪਣੇ-ਆਪ ਨੂੰ ਬੇਗੁਨਾਹ ਦੱਸਿਆ ਹੈ। ਦਲਬੀਰਾ ਨੇ ਇਕ ਮੀਡੀਆ ਚੈਨਲ ਨੂੰ ਦਿੱਤੇ ਇੰਟਰਵਿਊ ਵਿਚ ਕਿਹਾ ਕਿ ਉਸ ਦੀ ਲੱਕੀ ਓਬਰਾਏ ਨਾਲ ਕੋਈ ਨਿੱਜੀ ਦੁਸ਼ਮਣੀ ਜਾਂ ਲੈਣ-ਦੇਣ ਨਹੀਂ ਸੀ। ਉਹ ਪਿਛਲੇ ਦੋ ਸਾਲਾਂ ਤੋਂ ਵਿਦੇਸ਼ ਵਿਚ ਸੀ। ਉਸ ਦਾ ਝਗੜਾ ਸ਼ਸ਼ੀ ਸ਼ਰਮਾ ਉਰਫ਼ "ਬੋਦੀ ਵਾਲੇ" ਨਾਲ ਸੀ, ਨਾ ਕਿ ਲੱਕੀ ਓਬਰਾਏ ਨਾਲ। ਉਸ ਨੇ ਦਾਅਵਾ ਕੀਤਾ ਕਿ ਬੋਦੀ ਵਾਲੇ ਦੇ ਕਹਿਣ 'ਤੇ ਹੀ ਉਸ ਦਾ ਨਾਮ ਇਸ ਕਤਲ ਕੇਸ ਵਿਚ ਝੂਠੇ ਤੌਰ 'ਤੇ ਸ਼ਾਮਲ ਕਰਵਾਇਆ ਗਿਆ ਹੈ।

ਇਕ ਹੋਰ ਸਵਾਲ ਦੇ ਜਵਾਬ 'ਚ ਦਲਬੀਰਾ ਨੇ ਕਿਹਾ ਕਿ ਉਹ ਜੋਗਾ ਫੋਲੜੀਵਾਲ ਨੂੰ ਜਾਣਦਾ ਤੱਕ ਨਹੀਂ। ਉਸ ਨਾਲ ਸਿਰਫ਼ ਇਕ ਵਾਰ ਹੁਸ਼ਿਆਰਪੁਰ ਜੇਲ੍ਹ 'ਚ ਮੁਲਾਕਾਤ ਹੋਈ ਸੀ ਅਤੇ ਉਸ ਤੋਂ ਬਾਅਦ ਨਾ ਕੋਈ ਫ਼ੋਨ 'ਤੇ ਗੱਲਬਾਤ ਹੋਈ ਅਤੇ ਨਾ ਹੀ ਕੋਈ ਸੰਪਰਕ ਰਿਹਾ। ਦਲਬੀਰਾ ਅਨੁਸਾਰ ਲੱਕੀ ਓਬਰਾਏ, ਜੋਗਾ ਫੋਲੜੀਵਾਲ ਅਤੇ ਸ਼ਸ਼ੀ ਸ਼ਰਮਾ ਪਹਿਲਾਂ ਇਕੱਠੇ ਰਹਿੰਦੇ ਸਨ ਪਰ ਬਾਅਦ 'ਚ ਕਾਲਜ ਪ੍ਰਧਾਨਗੀ ਨੂੰ ਲੈ ਕੇ ਉਨ੍ਹਾਂ 'ਚ ਵਿਵਾਦ ਪੈਦਾ ਹੋ ਗਿਆ।

ਉਸ ਨੇ ਕਿਹਾ ਕਿ ਪਹਿਲਾਂ ਜੋਗਾ ਫੋਲੜੀਵਾਲ ਨੇ ਖਾਲਸਾ ਕਾਲਜ 'ਚ ਪ੍ਰਧਾਨਗੀ ਹਾਸਲ ਕੀਤੀ ਸੀ ਅਤੇ ਬਾਅਦ ਵਿਚ ਲੱਕੀ ਓਬਰਾਏ ਨੇ। ਲੱਕੀ ਓਬਰਾਏ ਵੱਲੋਂ ਪ੍ਰਧਾਨ ਬਣਨ ਮਗਰੋਂ ਇਹ ਐਲਾਨ ਕੀਤਾ ਗਿਆ ਸੀ ਕਿ ਵਿਦੇਸ਼ ਬੈਠ ਕੇ ਧਮਕੀਆਂ ਦੇਣ ਵਾਲੇ ਸਾਹਮਣੇ ਆ ਕੇ ਗੱਲ ਕਰਨ। ਦਲਬੀਰਾ ਦਾ ਕਹਿਣਾ ਹੈ ਕਿ ਇਹੀ ਰੰਜਿਸ਼ ਅੱਗੇ ਚੱਲ ਕੇ ਕਤਲ ਤੱਕ ਪਹੁੰਚ ਗਈ। ਦਲਬੀਰਾ ਨੇ ਇਹ ਵੀ ਕਿਹਾ ਕਿ ਉਹ ਖ਼ੁਦ ਵੀ ਕਾਲਜ ਪ੍ਰਧਾਨਗੀ ਦੀ ਰਾਜਨੀਤੀ ਦਾ ਸ਼ਿਕਾਰ ਰਿਹਾ ਹੈ ਅਤੇ ਇਸ ਸੰਸਕ੍ਰਿਤੀ ਨੂੰ ਖ਼ਤਮ ਕਰਨ ਲਈ ਸਰਕਾਰ ਨੂੰ ਗੰਭੀਰਤਾ ਨਾਲ ਕਦਮ ਚੁੱਕਣੇ ਚਾਹੀਦੇ ਹਨ। ਉਸ ਨੇ ਦਾਅਵਾ ਕੀਤਾ ਕਿ ਕੁਝ ਸਮਾਂ ਪਹਿਲਾਂ ਉਹ ਬੋਦੀ ਵਾਲੇ ਦੇ ਦਫ਼ਤਰ ਵਿਚ ਵਿਰੋਧ ਕਰਨ ਗਿਆ ਸੀ, ਜਿਸ ਤੋਂ ਬਾਅਦ ਝਗੜਾ ਵਧ ਗਿਆ ਅਤੇ ਮਾਮਲਾ ਹੱਥੋਪਾਈ ਤੱਕ ਪਹੁੰਚ ਗਿਆ।

ਉਸ ਮੁਤਾਬਕ ਇਸ ਘਟਨਾ ਤੋਂ ਬਾਅਦ ਬੋਦੀ ਵਾਲੇ ਨੇ ਆਪਣੇ ਦਫ਼ਤਰ ਵਿਚ ਬਾਊਂਸਰ ਰੱਖਣੇ ਸ਼ੁਰੂ ਕਰ ਦਿੱਤੇ ਸਨ। ਵਿਦੇਸ਼ ਬੈਠੇ ਦਲਬੀਰਾ ਨੇ ਕਿਹਾ ਕਿ ਉਸ ਦੀ ਲੱਕੀ ਓਬਰਾਏ ਨਾਲ ਸਿਰਫ਼ ਇਕ ਵਾਰ ਮੁਲਾਕਾਤ ਹੋਈ ਸੀ ਅਤੇ ਉਸ ਤੋਂ ਬਾਅਦ ਕੋਈ ਸੰਪਰਕ ਨਹੀਂ ਰਿਹਾ। "ਮੇਰੀ ਲੱਕੀ ਓਬਰਾਏ ਨਾਲ ਕੋਈ ਦੁਸ਼ਮਣੀ ਨਹੀਂ।




# ਸਰਬਜੀਤ ਕੌਰ ਉਰਫ ਨੂਰ ਹੁਸੈਨ ਮੁੜ ਪਾਕਿਸਤਾਨੀ ਪਤੀ ਦੇ ਘਰ ਪਹੁੰਚੀ; ਨਹੀਂ ਆਵੇਗੀ ਭਾਰਤ ਵਾਪਸ!

**ਚੰਡੀਗੜ੍ਹ, (ਪੰਜਾਬ ਮੇਲ)-** ਭਾਰਤ ਸਿੱਖ ਜਥੇ ਨਾਲ ਪਾਕਿਸਤਾਨ ਜਾ ਕੇ ਵਿਆਹ ਕਰਵਾਉਣ ਵਾਲੀ ਸਰਬਜੀਤ ਕੌਰ ਉਰਫ਼ ਨੂਰ ਫਾਤਿਮਾ ਹੁਸੈਨ ਬੀਤੇ ਦਿਨ ਆਪਣੇ ਪਾਕਿਸਤਾਨੀ ਪਤੀ ਨਾਸਿਰ ਹੁਸੈਨ ਦੇ ਘਰ ਪਹੁੰਚ ਗਈ ਹੈ। ਹਾਲਾਂਕਿ ਪਿਛਲੇ ਕੁੱਝ ਸਮੇਂ ਤੋਂ ਸਰਬਜੀਤ ਕੌਰ ਦੇ ਭਾਰਤ ਵਾਪਸ ਆਉਣ ਦੇ ਕਿਆਸ ਲਾਏ ਜਾ ਰਹੇ ਸਨ। ਪਾਕਿਸਤਾਨ ਦੇ ਮਹਿਲਾ ਸ਼ੈਲਟਰ ਹੋਮ ਤੋਂ ਰਿਹਾਈ ਤੋਂ ਬਾਅਦ ਸਾਹਮਣੇ ਆਈਆਂ ਵੀਡੀਓਜ਼ ਵਿਚ ਉਸ ਦੀ ਖ਼ੁਸ਼ੀ ਵੱਖਰੀ ਹੀ ਦਿਖਾਈ ਦੇ ਰਹੀ ਸੀ। ਉਸਨੇ ਪਾਕਿਸਤਾਨੀ ਮੀਡੀਆ ਨਾਲ ਗੱਲਬਾਤ ਕਰਦਿਆਂ ਆਪਣੀਆਂ ਭਾਵਨਾਵਾਂ ਸਾਂਝੀਆਂ ਕੀਤੀਆਂ। ਇਸ ਦੌਰਾਨ ਉਸਦੇ ਨਾਲ ਉਸਦਾ ਪਤੀ ਨਾਸਿਰ ਹੁਸੈਨ ਵੀ ਮੌਜੂਦ ਸੀ, ਜਿਸ ਨੇ ਕਿਹਾ ਕਿ ਉਹ ਬਹੁਤ ਖੁਸ਼ ਹਨ।



ਪਾਕਿਸਤਾਨੀ ਮੀਡੀਆ ਨਾਲ ਗੱਲਬਾਤ ਕਰਦਿਆਂ ਸਰਬਜੀਤ ਕੌਰ ਉਰਫ਼ ਨੂਰ ਫਾਤਿਮਾ ਨੇ ਕਿਹਾ ਕਿ ਜੇ ਸੱਚਾ ਪਿਆਰ ਹੋਵੇ ਤਾਂ ਦਿਲ ਵਿਚ ਇਹ ਅਹਿਸਾਸ ਰਹਿੰਦਾ ਹੈ ਕਿ ਅਸੀਂ ਇਕ-ਦੂਜੇ ਨੂੰ ਜ਼ਰੂਰ ਮਿਲਾਂਗੇ। ਉਸ ਨੇ ਕਿਹਾ ਕਿ ਉਨ੍ਹਾਂ ਦਾ ਪਿਆਰ ਅੱਜ ਦਾ ਨਹੀਂ, ਸਗੋਂ ਪਿਛਲੇ ਅੱਠ ਸਾਲਾਂ ਤੋਂ ਕਾਇਮ ਹੈ। ਉਸ ਨੇ ਕਿਹਾ, "ਜੇ ਉਸ ਦੇ ਮੂੰਹ ਵਿਚ ਦੰਦ ਵੀ ਨਾ ਰਹਿੰਦੇ, ਤਾਂ ਵੀ ਉਹ ਪਾਕਿਸਤਾਨ ਜ਼ਰੂਰ ਆਉਂਦੀ।" ਸਰਬਜੀਤ ਕੌਰ ਉਰਫ਼ ਨੂਰ ਹੁਸੈਨ ਨੇ ਕਿਹਾ ਕਿ ਹੁਣ ਉਹ ਆਪਣੀ ਬਾਕੀ ਜ਼ਿੰਦਗੀ ਪਾਕਿਸਤਾਨ ਵਿਚ ਖੁਸ਼ੀ-ਖੁਸ਼ੀ ਬਿਤਾਉਣੀ ਚਾਹੁੰਦੀ ਹੈ। ਇਸ ਤੋਂ ਸਾਫ਼ ਜ਼ਾਹਿਰ ਹੈ ਕਿ ਹੁਣ ਸਰਬਜੀਤ ਕੌਰ ਉਰਫ਼ ਨੂਰ ਹੁਸੈਨ ਭਾਰਤ ਵਾਪਸ ਨਹੀਂ ਆਵੇਗੀ। ਹਾਲਾਂਕਿ ਕੁੱਝ ਸਮਾਂ ਪਹਿਲਾਂ ਇੱਕ ਵੀਡੀਓ ਵਾਇਰਲ ਹੋਈ ਸੀ, ਜਿਸ ਵਿਚ ਕਥਿਤ ਤੌਰ 'ਤੇ ਉਕਤ ਮਹਿਲਾ ਆਪਣੇ ਭਾਰਤੀ ਪਤੀ ਨਾਲ ਗੱਲ ਕਰਦਿਆਂ ਭਾਰਤ ਆਉਣ ਲਈ ਅਪੀਲ ਕਰ ਰਹੀ ਸੀ।

ਇਸ ਤੋਂ ਪਹਿਲਾਂ ਰਿਪੋਰਟਾਂ ਵਿਚ ਕਿਹਾ ਜਾ ਰਿਹਾ ਸੀ ਕਿ ਸਰਬਜੀਤ ਕੌਰ ਨੂੰ ਭਾਰਤ ਡਿਪੋਰਟ ਕੀਤਾ ਜਾ ਸਕਦਾ ਹੈ ਪਰ ਅਖੀਰ ਉਸ ਨੂੰ ਪਾਕਿਸਤਾਨੀ ਪਤੀ ਦੇ ਘਰ ਜਾਣ ਦੀ ਇਜਾਜ਼ਤ ਦਿੱਤੀ ਗਈ ਹੈ। ਇੱਥੇ ਦੱਸਣਾ ਬਣਦਾ ਹੈ ਕਿ ਕਪੂਰਥਲਾ ਦੀ ਰਹਿਣ ਵਾਲੀ 52 ਸਾਲਾ ਸਰਬਜੀਤ ਨਵੰਬਰ 2025 ਵਿਚ ਗੁਰੂ ਨਾਨਕ ਦੇਵ ਦੇ ਪ੍ਰਕਾਸ਼ ਪੁਰਬ ਮੌਕੇ 1,900 ਤੋਂ ਵੱਧ ਸਿੱਖ ਸ਼ਰਧਾਲੂਆਂ ਨਾਲ ਵਾਹਗਾ-ਅਟਾਰੀ ਸਰਹੱਦ ਪਾਰ ਕਰਕੇ ਪਾਕਿਸਤਾਨ ਗਈ ਸੀ। ਇਹ ਜਥਾ 10 ਦਿਨਾਂ ਦੇ ਦੌਰੇ ਮਗਰੋਂ 13 ਨਵੰਬਰ ਨੂੰ ਭਾਰਤ ਪਰਤਿਆ ਸੀ, ਪਰ ਸਰਬਜੀਤ ਕੌਰ ਉਨ੍ਹਾਂ ਦੇ ਨਾਲ ਵਾਪਸ ਨਹੀਂ ਆਈ ਸੀ।

# ਪੰਜਾਬ 'ਚ 'ਆਪ' ਦੇ ਵਿਧਾਇਕ ਹੀ ਨਹੀਂ ਸੁਰੱਖਿਅਤ; ਮਿਲ ਰਹੀਆਂ ਧਮਕੀਆਂ

**ਲੁਧਿਆਣਾ, (ਪੰਜਾਬ ਮੇਲ)-** ਪੰਜਾਬ 'ਚ ਆਮ ਆਦਮੀ ਪਾਰਟੀ ਦੀ ਸਰਕਾਰ ਵਲੋਂ ਗੈਂਗਸਟਰਾਂ ਅਤੇ ਅਪਰਾਧੀਆਂ ਖ਼ਿਲਾਫ਼ ਆਪਰੇਸ਼ਨ ਪਰਹਾਰ ਦਾ ਦੂਜਾ ਪੜਾਅ ਚਲਾਇਆ ਜਾ ਰਿਹਾ ਹੈ। ਸਰਕਾਰ ਦਾ ਦਾਅਵਾ ਹੈ ਕਿ ਬਹੁਤ ਵੱਡੀ ਗਿਣਤੀ 'ਚ ਗੈਂਗਸਟਰ ਅਤੇ ਅਪਰਾਧੀਆਂ ਨੂੰ ਕਾਬੂ ਕੀਤਾ ਗਿਆ ਹੈ ਅਤੇ ਅਸਲਾ ਫੜ੍ਹਿਆ ਗਿਆ ਹੈ ਪਰ ਇਸ ਆਪਰੇਸ਼ਨ ਪਰਹਾਰ ਦੀ ਅਸਲੀਅਤ ਸਰਕਾਰ ਦੇ ਦਾਅਵਿਆਂ ਦੇ ਬਿਲਕੁਲ ਉਲਟ ਹੈ, ਜਿਸ ਦਾ ਸਬੂਤ ਹੈ ਕਿ ਪੰਜਾਬ 'ਚ ਆਮ ਆਦਮੀ ਪਾਰਟੀ ਦੇ ਵਿਧਾਇਕ ਹੀ ਸੁਰੱਖਿਅਤ ਨਹੀਂ। ਪਹਿਲਾਂ ਲੁਧਿਆਣਾ ਤੋਂ ਆਮ ਆਦਮੀ ਪਾਰਟੀ ਦੇ ਵਿਧਾਇਕ ਅਸ਼ੋਕ ਪਰਾਸ਼ਰ ਪੱਪੀ ਨੂੰ ਬੁਲਟ ਪਰੂਫ ਗੱਡੀ ਦਿੱਤੀ ਗਈ ਅਤੇ ਸੁਰੱਖਿਆ ਵਧਾਈ ਗਈ। ਦੱਸਿਆ ਗਿਆ ਕਿ ਉਨ੍ਹਾਂ ਨੂੰ ਧਮਕੀਆਂ ਮਿਲੀਆਂ ਹਨ। ਇਸ ਤੋਂ ਬਾਅਦ ਹੁਣ ਲੁਧਿਆਣਾ ਦੇ ਆਤਮ ਨਗਰ ਤੋਂ ਵਿਧਾਇਕ ਕੁਲਵੰਤ ਸਿੰਘ ਸਿੱਧੂ ਨੂੰ ਧਮਕੀਆਂ ਮਿਲਣ ਪਿੱਛੋਂ ਉਨ੍ਹਾਂ ਦੇ ਘਰ ਦੀ ਰੇਕੀ ਕੀਤੀ ਗਈ ਹੈ।

ਵਿਧਾਇਕ ਦੇ ਘਰ ਬਾਹਰ ਕਾਲੇ ਸ਼ੀਸ਼ੇ ਵਾਲੀ ਇਕ ਸ਼ੱਕੀ ਕਾਰ ਦੇਖੀ ਗਈ, ਜਿਸ ਨੇ ਪੁਲਿਸ ਪ੍ਰਸ਼ਾਸਨ ਦੀ ਨੀਂਦ ਉਡਾ ਦਿੱਤੀ। ਕੁਲਵੰਤ ਸਿੰਘ ਸਿੱਧੂ ਮੁਤਾਬਕ ਰਾਤ ਕਰੀਬ 9 ਵਜੇ ਉਹ ਆਪਣੇ ਘਰ ਅੰਦਰ ਕਾਰਕੁੰਨਾਂ ਨਾਲ ਮੀਟਿੰਗ ਕਰ ਰਹੇ ਸਨ। ਇਸੇ ਦੌਰਾਨ ਇਕ ਕਾਲੇ ਸ਼ੀਸ਼ਿਆਂ ਵਾਲੀ ਸ਼ੱਕੀ ਕਾਰ ਉਨ੍ਹਾਂ ਦੇ ਘਰ ਬਾਹਰ ਆ ਕੇ ਰੁਕੀ। ਕਰੀਬ ਦੋ ਮਿੰਟ ਤੱਕ ਗੱਡੀ ਉੱਥੇ ਖੜ੍ਹੀ ਰਹੀ ਅਤੇ ਅਜਿਹਾ ਲੱਗਾ, ਜਿਵੇਂ ਕਾਰ ਸਵਾਰ ਲੋਕ ਘਰ ਦੀ ਪਛਾਣ ਕਰ ਰਹੇ ਹੋਣ ਜਾਂ ਫਿਰ ਰੇਕੀ ਕਰ ਰਹੇ ਹੋਣ। ਜਿਵੇਂ ਹੀ ਗੰਨਮੈਨ ਨੇ ਹਲਚਲ ਦੇਖੀ ਅਤੇ ਗੱਡੀ ਰੋਕਣ ਦੀ ਕੋਸ਼ਿਸ਼ ਕੀਤੀ, ਤਾਂ ਉਹ ਗੱਡੀ ਤੇਜ਼ ਰਫ਼ਤਾਰ ਨਾਲ ਭਜਾ ਕੇ ਲੈ ਗਏ। ਇਸ ਦੀ ਸੂਚਨਾ ਮਿਲਦੇ ਹੀ ਪੁਲਿਸ ਟੀਮਾਂ ਮੌਕੇ 'ਤੇ ਪੁੱਜੀਆਂ ਅਤੇ ਜਾਂਚ ਕਰਨੀ ਸ਼ੁਰੂ ਕਰ ਦਿੱਤੀ। ਵਿਧਾਇਕ ਕੁਲਵੰਤ ਸਿੰਘ ਸਿੱਧੂ ਦਾ ਕਹਿਣਾ ਹੈ ਕਿ ਉਹ ਗਿੱਦੜ ਧਮਕੀਆਂ ਤੋਂ ਡਰਨ ਵਾਲੇ ਨਹੀਂ ਹਨ। ਉਨ੍ਹਾਂ 'ਤੇ ਧੰਨ-ਧੰਨ ਬਾਬਾ ਦੀਪ ਸਿੰਘ ਜੀ ਦਾ ਆਸ਼ੀਰਵਾਦ ਹੈ। ਉਨ੍ਹਾਂ ਨੇ ਸਾਫ਼ ਕੀਤਾ ਕਿ ਉਹ ਜਨਤਾ ਦੀ ਸੇਵਾ ਲਈ ਚੁਣੇ ਗਏ ਹਨ ਅਤੇ ਜਨਹਿੱਤ ਕੰਮਾਂ ਤੋਂ ਪਿੱਛੇ ਨਹੀਂ ਹਟਣਗੇ।

ਪਾਬੰਦੀਸ਼ੁਦਾ ਸੰਗਠਨ ਦੇ ਵੱਖਵਾਦੀ ਗੁਰਪਤਵੰਤ ਸਿੰਘ ਪੰਨੂ ਨੇ ਕੁੱਝ ਸਮਾਂ ਪਹਿਲਾਂ ਕੁਲਵੰਤ ਸਿੰਘ ਸਿੱਧੂ ਨੂੰ ਜਾਨੋਂ ਮਾਰਨ ਦੀ ਧਮਕੀ ਦਿੱਤੀ ਸੀ। ਹੁਣ ਪਿਛਲੇ ਇਕ ਹਫ਼ਤੇ ਤੋਂ ਵਿਧਾਇਕ ਨੂੰ ਲਗਾਤਾਰ ਅੰਤਰਰਾਸ਼ਟਰੀ ਨੰਬਰਾਂ ਤੋਂ ਸ਼ੱਕੀ ਕਾਲਾਂ ਆ ਰਹੀਆਂ ਹਨ। ਖ਼ਤਰੇ ਨੂੰ ਦੇਖਦੇ ਹੋਏ ਪ੍ਰਸ਼ਾਸਨ ਨੇ ਉਨ੍ਹਾਂ ਨੂੰ ਪਹਿਲਾਂ ਹੀ ਸਾਵਧਾਨ ਰਹਿਣ ਅਤੇ ਅਣਪਛਾਤੀ ਵਿਦੇਸ਼ੀ ਕਾਲ ਨਾ ਚੁੱਕਣ ਦੀ ਹਦਾਇਤ ਦਿੱਤੀ ਸੀ।

# ਕੈਪਟਨ ਅਮਰਿੰਦਰ ਸਿੰਘ ਨੂੰ ਸੰਮਨ ਭੇਜਣ ਵਾਲੇ ਈ.ਡੀ. ਅਧਿਕਾਰੀ ਦਾ ਤਬਾਦਲਾ

**ਜਲੰਧਰ, (ਪੰਜਾਬ ਮੇਲ)-** ਕੈਪਟਨ ਅਮਰਿੰਦਰ ਸਿੰਘ ਨੂੰ ਸੰਮਨ ਭੇਜਣ ਵਾਲੇ ਈ. ਡੀ. ਅਧਿਕਾਰੀ ਰਵੀ ਤਿਵਾਰੀ ਦਾ ਤਬਾਦਲਾ ਕਰ ਦਿੱਤਾ ਗਿਆ ਹੈ। ਜਲੰਧਰ ਸਥਿਤ ਇਨਫੋਰਸਮੈਂਟ ਡਾਇਰੈਕਟੋਰੇਟ (ਈ.ਡੀ.) ਨੇ ਸੰਯੁਕਤ ਨਿਰਦੇਸ਼ਕ ਰਵੀ ਤਿਵਾੜੀ ਦਾ ਤਬਾਦਲਾ ਚੇਨਈ ਕੀਤਾ। ਸੂਤਰਾਂ ਤੋਂ ਮਿਲੀ ਜਾਣਕਾਰੀ ਮੁਤਾਬਕ ਕਲੋਜ਼ਰ ਰਿਪੋਰਟ ਲੀਕ ਹੋਣ ਦੇ ਮਾਮਲੇ 'ਚ ਇਹ ਵੱਡੀ ਕਾਰਵਾਈ ਕੀਤੀ ਗਈ ਹੈ। ਇਹ ਉਹੀ ਆਈ.ਆਰ.ਐੱਸ. ਅਧਿਕਾਰੀ ਹਨ, ਜਿਨ੍ਹਾਂ ਨੇ ਵਿਦੇਸ਼ਾਂ ਵਿਚ ਜਾਇਦਾਦ ਦੇ ਮਾਮਲੇ ਵਿਚ ਸਾਬਕਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਅਤੇ ਉਨ੍ਹਾਂ ਦੇ ਪੁੱਤਰ ਰਣਇੰਦਰ ਸਿੰਘ ਨੂੰ ਸੰਮਨ ਜਾਰੀ ਕਰਕੇ ਈ.ਡੀ. ਦਫ਼ਤਰ ਵਿਚ ਪੇਸ਼ ਹੋਣ ਲਈ ਕਿਹਾ ਸੀ। ਇਥੇ ਇਹ ਵੀ ਦੱਸਣਯੋਗ ਬਣਦਾ ਹੈ ਕਿ ਕਾਂਗਰਸ ਨੇ 2027 ਦੀਆਂ ਵਿਧਾਨ ਸਭਾ ਚੋਣਾਂ ਤੋਂ ਪਹਿਲਾਂ ਸਾਬਕਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਦੀ ਯਾਦ ਆ ਗਈ ਹੈ। ਪੰਜਾਬ ਕਾਂਗਰਸ ਦੇ ਇੰਚਾਰਜ ਭੁਪੇਸ਼ ਬਘੇਲ ਨੇ ਵੀਰਵਾਰ ਨੂੰ ਕਿਹਾ ਕਿ ਜੇਕਰ ਕੈਪਟਨ ਅਮਰਿੰਦਰ ਸਿੰਘ ਕਾਂਗਰਸ ਵਿਚ ਸ਼ਾਮਲ ਹੋਣਾ ਚਾਹੁੰਦੇ ਹਨ, ਤਾਂ ਹਾਈ ਕਮਾਂਡ ਇਸ 'ਤੇ ਵਿਚਾਰ ਕਰ ਸਕਦੀ ਹੈ। ਬਘੇਲ ਦੇ ਇਸ ਬਿਆਨ ਨੇ ਇਕ ਪਾਸੇ ਰਾਜਨੀਤਿਕ ਹਲਕਿਆਂ ਵਿਚ ਹਲਚਲ ਮਚਾ ਦਿੱਤੀ, ਉੱਥੇ ਹੀ ਦੂਜੇ ਪਾਸੇ ਇਸ ਨੇ ਕਾਂਗਰਸ ਦੀ ਸੀਨੀਅਰ ਲੀਡਰਸ਼ਿਪ ਵਿਚ ਹਲਚਲ ਪੈਦਾ ਕਰ ਦਿੱਤੀ ਹੈ, ਜੋ ਮੁੱਖ ਮੰਤਰੀ ਦੀ ਕੁਰਸੀ 'ਤੇ ਨਜ਼ਰਾਂ ਟਿਕਾਈ ਬੈਠੇ ਸਨ।




# ਦੇਸ਼ 'ਚ ਸਾਲ 2023 ਤੇ 2024 ਦਰਮਿਆਨ ਕੁੱਲ ਸੜਕ ਹਾਦਸਿਆਂ 'ਚ ਗਈਆਂ ਸਾਢੇ ਤਿੰਨ ਲੱਖ ਤੋਂ ਵੱਧ ਜਾਨਾਂ

**ਪੰਜਾਬ 'ਚ ਟੋਇਆਂ ਕਾਰਨ ਹੋਈਆਂ ਸਭ ਤੋਂ ਵੱਧ ਮੌਤਾਂ, ਅੰਕੜਾ ਚਿੰਤਾਜਨਕ**




**ਨਵੀਂ ਦਿੱਲੀ, (ਪੰਜਾਬ ਮੇਲ)**- ਸਾਲ 2020 ਤੋਂ 2024 ਦਰਮਿਆਨ ਪੂਰੇ ਉੱਤਰੀ ਭਾਰਤ 'ਚ ਸੜਕਾਂ ਦੇ ਟੋਇਆਂ ਕਾਰਨ ਹੋਏ ਹਾਦਸਿਆਂ ਵਿਚ 743 ਲੋਕਾਂ ਦੀ ਮੌਤ ਹੋ ਚੁੱਕੀ ਹੈ, ਜਿਨ੍ਹਾਂ ਵਿਚੋਂ ਪੰਜਾਬ ਸਭ ਤੋਂ ਵੱਧ ਪ੍ਰਭਾਵਿਤ ਸੂਬੇ ਵਜੋਂ ਉਭਰਿਆ ਹੈ, ਜਿੱਥੇ ਰਿਕਾਰਡ 414 ਮੌਤਾਂ ਦਰਜ ਕੀਤੀਆਂ ਗਈਆਂ ਹਨ। ਲੋਕ ਸਭਾ ਵਿਚ ਇੱਕ ਲਿਖਤੀ ਜਵਾਬ ਵਿਚ ਕੇਂਦਰੀ ਸੜਕ ਅਤੇ ਆਵਾਜਾਈ ਮੰਤਰੀ ਨਿਤਿਨ ਗਡਕਰੀ ਨੇ ਦੱਸਿਆ ਕਿ ਇਸ ਖੇਤਰ ਵਿਚ ਟੋਇਆਂ ਕਾਰਨ ਹੋਏ 1,556 ਹਾਦਸਿਆਂ ਵਿਚੋਂ ਲਗਪਗ 48 ਫੀਸਦੀ ਜਾਨਲੇਵਾ ਸਾਬਤ ਹੋਏ ਹਨ, ਜੋ ਸੜਕਾਂ ਦੀ ਮਾੜੀ ਹਾਲਤ ਦੇ ਘਾਤਕ ਪ੍ਰਭਾਵ ਨੂੰ ਦਰਸਾਉਂਦੇ ਹਨ।

ਇਹ ਅੰਕੜਾ 2020 ਤੋਂ 2024 ਤੱਕ ਹਰਿਆਣਾ, ਹਿਮਾਚਲ ਪ੍ਰਦੇਸ਼, ਪੰਜਾਬ, ਉੱਤਰਾਖੰਡ, ਦਿੱਲੀ, ਲੱਦਾਖ ਅਤੇ ਜੰਮੂ-ਕਸ਼ਮੀਰ ਵਿਚ ਹੋਏ ਹਾਦਸਿਆਂ ਨੂੰ ਕਵਰ ਕਰਦਾ ਹੈ। ਇਨ੍ਹਾਂ ਵਿਚੋਂ ਹਰਿਆਣਾ ਵਿਚ 255, ਦਿੱਲੀ ਵਿਚ 50, ਹਿਮਾਚਲ ਪ੍ਰਦੇਸ਼ ਵਿਚ 19, ਲੱਦਾਖ ਵਿਚ ਤਿੰਨ ਅਤੇ ਉੱਤਰਾਖੰਡ ਵਿਚ ਦੋ ਮੌਤਾਂ ਹੋਈਆਂ। ਖਾਸ ਗੱਲ ਇਹ ਹੈ ਕਿ ਚੰਡੀਗੜ੍ਹ ਵਿਚ 2022 ਵਿਚ ਟੋਏ ਕਾਰਨ ਸਿਰਫ਼ ਇੱਕ ਜਾਨਲੇਵਾ ਹਾਦਸਾ ਦਰਜ ਕੀਤਾ ਗਿਆ ਸੀ। ਇਸ ਤੋਂ ਇਲਾਵਾ, ਇਨ੍ਹਾਂ ਹਾਦਸਿਆਂ ਵਿਚ 438 ਲੋਕ ਗੰਭੀਰ ਰੂਪ ਵਿਚ ਜ਼ਖਮੀ ਹੋਏ ਹਨ। ਦੂਜੇ ਪਾਸੇ, ਪਿਛਲੇ ਪੰਜ ਸਾਲਾਂ ਵਿਚ ਦੇਸ਼ ਭਰ ਵਿਚ ਟੋਇਆਂ ਨਾਲ ਸਬੰਧਤ 23,056 ਹਾਦਸਿਆਂ ਵਿਚ 9,438 ਲੋਕਾਂ ਨੇ ਆਪਣੀ ਜਾਨ ਗਵਾਈ ਹੈ। ਉੱਤਰ ਪ੍ਰਦੇਸ਼ 10,000 ਤੋਂ ਵੱਧ ਹਾਦਸਿਆਂ ਵਿਚ 5,127 ਮੌਤਾਂ ਦੇ ਨਾਲ ਸੂਚੀ ਵਿਚ ਸਭ ਤੋਂ ਉੱਪਰ ਹੈ।

ਇੱਕ ਹੋਰ ਜਵਾਬ ਵਿਚ ਮੰਤਰੀ ਨੇ ਸਦਨ ਨੂੰ ਦੱਸਿਆ ਕਿ ਕੈਲੰਡਰ ਸਾਲ 2023 ਅਤੇ 2024 ਵਿਚ ਕੁੱਲ ਸੜਕ ਹਾਦਸਿਆਂ ਵਿਚ ਕ੍ਰਮਵਾਰ 1,72,890 ਅਤੇ 1,77,177 ਜਾਨਾਂ ਗਈਆਂ ਸਨ।

ਮੰਤਰੀ ਨੇ ਕਿਹਾ ਕਿ ਰਾਜਾਂ, ਕੇਂਦਰ ਸ਼ਾਸਤ ਪ੍ਰਦੇਸ਼ਾਂ ਅਤੇ ਹੋਰ ਭਾਈਵਾਲਾਂ ਦੇ ਤਾਲਮੇਲ ਨਾਲ ਕੇਂਦਰ ਸੜਕ ਉਪਭੋਗਤਾਵਾਂ ਦੀ ਸੁਰੱਖਿਆ ਵਿਚ ਸੁਧਾਰ ਲਈ ਕਈ ਉਪਾਅ ਕਰ ਰਿਹਾ ਹੈ। ਉਨ੍ਹਾਂ ਅੱਗੇ ਕਿਹਾ ਕਿ ਸਰਕਾਰ ਨੇ ਸਿੱਖਿਆ, ਇੰਜੀਨੀਅਰਿੰਗ, ਲਾਗੂਕਰਨ ਅਤੇ ਐਮਰਜੈਂਸੀ ਦੇਖਭਾਲ (4ਈ.ਐੱਸ.) 'ਤੇ ਆਧਾਰਿਤ ਇੱਕ ਬਹੁ-ਪੱਖੀ ਸੜਕ ਸੁਰੱਖਿਆ ਰਣਨੀਤੀ ਵਿਕਸਿਤ ਕੀਤੀ ਹੈ।

# ਦਿੱਲੀ ਅਦਾਲਤ ਵੱਲੋਂ ਭ੍ਰਿਸ਼ਟਾਚਾਰ ਮਾਮਲੇ 'ਚ ਦੋਸ਼ ਤੈਅ ਕਰਨ ਸੰਬੰਧੀ ਫੈਸਲਾ ਸੁਰੱਖਿਅਤ ਰੱਖਿਆ

**ਨਵੀਂ ਦਿੱਲੀ, (ਪੰਜਾਬ ਮੇਲ)**- ਦਿੱਲੀ ਦੀ ਰਾਊਜ਼ ਐਵੇਨਿਊ ਅਦਾਲਤ ਨੇ ਵੀਰਵਾਰ ਨੂੰ ਦਿੱਲੀ ਆਬਕਾਰੀ ਨੀਤੀ ਭ੍ਰਿਸ਼ਟਾਚਾਰ ਮਾਮਲੇ 'ਚ ਦੋਸ਼ ਤੈਅ ਕਰਨ ਸਬੰਧੀ ਆਪਣਾ ਫੈਸਲਾ ਸੁਰੱਖਿਅਤ ਰੱਖ ਲਿਆ ਹੈ। ਵਿਸ਼ੇਸ਼ ਜੱਜ ਜਤਿੰਦਰ ਸਿੰਘ ਨੇ ਸੀ.ਬੀ.ਆਈ. ਅਤੇ ਅਰਵਿੰਦ ਕੇਜਰੀਵਾਲ, ਮਨੀਸ਼ ਸਿਸੋਦੀਆ ਸਮੇਤ 21 ਹੋਰ ਮੁਲਜ਼ਮਾਂ ਦੀਆਂ ਦਲੀਲਾਂ ਸੁਣਨ ਤੋਂ ਬਾਅਦ ਇਹ ਫੈਸਲਾ ਰਾਖਵਾਂ ਰੱਖਿਆ। ਅਦਾਲਤ ਵੱਲੋਂ ਇਸ ਮਾਮਲੇ 'ਚ 27 ਫਰਵਰੀ ਨੂੰ ਫੈਸਲਾ ਸੁਣਾਏ ਜਾਣ ਦੀ ਸੰਭਾਵਨਾ ਹੈ।

ਸੀ.ਬੀ.ਆਈ. ਨੇ ਦੋਸ਼ ਲਾਇਆ ਹੈ ਕਿ ਸ਼ਰਾਬ ਕਾਰੋਬਾਰੀਆਂ ਦੇ ਇਕ ਗਰੁੱਪ 'ਦੱਖਣੀ ਲਾਬੀ' ਵੱਲੋਂ ਦਿੱਲੀ ਦੀ ਆਬਕਾਰੀ ਨੀਤੀ ਨੂੰ ਆਪਣੇ ਪੱਖ 'ਚ ਕਰਵਾਉਣ ਲਈ 100 ਕਰੋੜ ਰੁਪਏ ਦਿੱਤੇ ਗਏ ਸਨ। ਇਸ ਮਾਮਲੇ 'ਚ ਸੀ.ਬੀ.ਆਈ. ਵੱਲੋਂ ਚਾਰਜਸ਼ੀਟ ਕੀਤੇ ਗਏ 23 ਮੁਲਜ਼ਮਾਂ 'ਚ ਅਰਵਿੰਦ ਕੇਜਰੀਵਾਲ, ਮਨੀਸ਼ ਸਿਸੋਦੀਆ, ਕੇ. ਕਵਿਤਾ, ਵਿਜੇ ਨਾਇਰ ਅਤੇ ਹੋਰ ਕਈ ਨਾਂ ਸ਼ਾਮਲ ਹਨ। ਸੁਣਵਾਈ ਦੌਰਾਨ ਸੀ.ਬੀ.ਆਈ. ਨੇ ਅਦਾਲਤ 'ਚ ਕਿਹਾ ਕਿ ਮੁਲਜ਼ਮਾਂ ਖ਼ਿਲਾਫ਼ ਦੋਸ਼ ਤੈਅ ਕਰਨ ਲਈ ਕਾਫੀ ਸਬੂਤ ਮੌਜੂਦ ਹਨ ਅਤੇ ਸਾਜ਼ਿਸ਼ ਦੇ ਅਪਰਾਧ ਨੂੰ ਪੂਰੀ ਤਰ੍ਹਾਂ ਦੇਖਣ ਦੀ ਲੋੜ ਹੈ।

ਦੂਜੇ ਪਾਸੇ, ਅਰਵਿੰਦ ਕੇਜਰੀਵਾਲ ਦੇ ਸੀਨੀਅਰ ਵਕੀਲ ਐੱਨ. ਹਰੀਹਰਨ ਨੇ ਦਲੀਲ ਦਿੱਤੀ ਕਿ ਕੇਜਰੀਵਾਲ ਖ਼ਿਲਾਫ਼ ਕੋਈ ਵੀ ਇਤਰਾਜ਼ਯੋਗ ਸਮੱਗਰੀ ਨਹੀਂ ਮਿਲੀ ਹੈ। ਉਨ੍ਹਾਂ ਕਿਹਾ ਕਿ ਕੇਜਰੀਵਾਲ ਸਿਰਫ਼ ਮੁੱਖ ਮੰਤਰੀ ਵਜੋਂ ਆਪਣੀ ਸਰਕਾਰੀ ਡਿਊਟੀ ਨਿਭਾ ਰਹੇ ਸਨ। ਵਕੀਲ ਨੇ ਇਹ ਵੀ ਦਾਅਵਾ ਕੀਤਾ ਕਿ ਕੇਜਰੀਵਾਲ ਦਾ ਨਾਂ ਪਹਿਲੀ ਚਾਰਜਸ਼ੀਟ ਜਾਂ ਤਿੰਨ ਸਪਲੀਮੈਂਟਰੀ ਚਾਰਜਸ਼ੀਟਾਂ ਵਿਚ ਨਹੀਂ ਸੀ, ਸਗੋਂ ਉਨ੍ਹਾਂ ਦਾ ਨਾਂ ਚੌਥੀ ਚਾਰਜਸ਼ੀਟ 'ਚ 'ਕੱਟ-ਐਂਡ-ਪੇਸਟ' ਕਰਕੇ ਸ਼ਾਮਲ ਕੀਤਾ ਗਿਆ ਹੈ।

# ਚੋਣ ਕਮਿਸ਼ਨ ਵੱਲੋਂ ਪੱਛਮੀ ਬੰਗਾਲ ਦੇ 7 ਅਧਿਕਾਰੀ ਮੁਅੱਤਲ

**ਨਵੀਂ ਦਿੱਲੀ, (ਪੰਜਾਬ ਮੇਲ)**- ਨਵੀਂ ਦਿੱਲੀ ਵਿਚ ਚੋਣ ਕਮਿਸ਼ਨ ਨੇ ਪੱਛਮੀ ਬੰਗਾਲ ਦੇ 7 ਅਧਿਕਾਰੀਆਂ ਨੂੰ ਮੁਅੱਤਲ ਕਰ ਦਿੱਤਾ ਹੈ। ਇਨ੍ਹਾਂ ਅਧਿਕਾਰੀਆਂ 'ਤੇ ਡਿਊਟੀ ਵਿੱਚ ਲਾਪ੍ਰਵਾਹੀ, ਦੁਰਵਿਹਾਰ ਅਤੇ ਆਪਣੀਆਂ ਸੰਵਿਧਾਨਕ ਸ਼ਕਤੀਆਂ ਦੀ ਦੁਰਵਰਤੋਂ ਕਰਨ ਦੇ ਦੋਸ਼ ਲੱਗੇ ਹਨ। ਇਹ ਸਾਰੇ ਮੁਅੱਤਲ ਅਧਿਕਾਰੀ ਚੋਣ ਕਮਿਸ਼ਨ ਲਈ ਸਹਾਇਕ ਚੋਣ ਰਜਿਸਟ੍ਰੇਸ਼ਨ ਅਫ਼ਸਰਾਂ ਵਜੋਂ ਕੰਮ ਕਰ ਰਹੇ ਸਨ। ਦੱਸ ਦੇਈਏ ਕਿ ਬੂਥ ਪੱਧਰ ਦੇ ਅਧਿਕਾਰੀ ਅਤੇ ਰਜਿਸਟ੍ਰੇਸ਼ਨ ਅਫ਼ਸਰ ਅਸਲ ਵਿਚ ਰਾਜ ਸਰਕਾਰ ਦੇ ਕਰਮਚਾਰੀ ਹੁੰਦੇ ਹਨ, ਜੋ ਵੋਟਰ ਸੂਚੀਆਂ ਨੂੰ ਅਪਡੇਟ ਕਰਨ ਅਤੇ ਚੋਣਾਂ ਕਰਵਾਉਣ ਲਈ ਚੋਣ ਕਮਿਸ਼ਨ ਅਧੀਨ ਡੈਪੂਟੇਸ਼ਨ 'ਤੇ ਕੰਮ ਕਰਦੇ ਹਨ।

# ਆਤਿਸ਼ੀ ਮਾਮਲੇ 'ਚ ਦਿੱਲੀ ਵਿਧਾਨ ਸਭਾ ਦਾ ਪੰਜਾਬ ਦੇ ਉੱਚ ਅਧਿਕਾਰੀਆਂ ਖਿਲਾਫ ਸਖ਼ਤ ਰੁਖ਼



**ਪੰਜਾਬ ਦੇ ਗ੍ਰਹਿ ਸਕੱਤਰ ਨੂੰ ਲਿਖਤੀ ਜਵਾਬ ਦਾਖਲ ਕਰਨ ਲਈ ਦਿੱਤਾ 20 ਫਰਵਰੀ ਤੱਕ ਦਾ ਸਮਾਂ**

**ਨਵੀਂ ਦਿੱਲੀ/ਚੰਡੀਗੜ੍ਹ, (ਪੰਜਾਬ ਮੇਲ)**- ਦਿੱਲੀ ਵਿਧਾਨ ਸਭਾ ਦੀ ਵਿਸ਼ੇਸ਼ ਅਧਿਕਾਰ ਕਮੇਟੀ ਨੇ ਆਮ ਆਦਮੀ ਪਾਰਟੀ ਦੀ ਆਗੂ ਅਤੇ ਵਿਰੋਧੀ ਧਿਰ ਦੀ ਨੇਤਾ ਆਤਿਸ਼ੀ ਨਾਲ ਸਬੰਧਤ ਇਕ ਮਾਮਲੇ 'ਚ ਪੰਜਾਬ ਦੇ ਉੱਚ ਅਧਿਕਾਰੀਆਂ ਵਿਰੁੱਧ ਸਖ਼ਤ ਰੁਖ਼ ਅਖਤਿਆਰ ਕਰ ਲਿਆ ਹੈ। ਕਮੇਟੀ ਨੇ ਪੰਜਾਬ ਦੇ ਵਧੀਕ ਮੁੱਖ ਸਕੱਤਰ (ਗ੍ਰਹਿ), ਪੁਲਿਸ ਡਾਇਰੈਕਟਰ ਜਨਰਲ (ਡੀ.ਜੀ.ਪੀ.) ਅਤੇ ਜਲੰਧਰ ਦੇ ਪੁਲਿਸ ਕਮਿਸ਼ਨਰ ਨੂੰ ਨਿਰਦੇਸ਼ ਦਿੱਤੇ ਹਨ ਕਿ ਉਹ 20 ਫਰਵਰੀ, 2026 ਤੱਕ ਇਸ ਮਾਮਲੇ 'ਚ ਆਪਣੇ ਲਿਖਤੀ ਜਵਾਬ ਦਾਖਲ ਕਰਨ।

ਕਮੇਟੀ ਨੇ ਸਪੱਸ਼ਟ ਕੀਤਾ ਹੈ ਕਿ ਇਹ ਜਵਾਬ ਦੇਣ ਦਾ ਆਖਰੀ ਅਤੇ ਅੰਤਿਮ ਮੌਕਾ ਹੋਵੇਗਾ। ਜੇਕਰ ਤੈਅ ਸਮੇਂ ਦੇ ਅੰਦਰ ਜਵਾਬ ਨਹੀਂ ਦਿੱਤਾ ਜਾਂਦਾ, ਤਾਂ ਇਸ ਨੂੰ ਸਦਨ ਦੇ ਵਿਸ਼ੇਸ਼ ਅਧਿਕਾਰ ਦੀ ਉਲੰਘਣਾ ਅਤੇ ਮਾਣਹਾਨੀ ਵਜੋਂ ਦੇਖਿਆ ਜਾਵੇਗਾ। ਇਸ ਤੋਂ ਇਲਾਵਾ, ਕਮੇਟੀ ਨੇ ਵਧੀਕ ਮੁੱਖ ਸਕੱਤਰ (ਗ੍ਰਹਿ) ਤੋਂ ਕਈ ਅਹਿਮ ਦਸਤਾਵੇਜ਼ ਵੀ ਮੰਗੇ ਹਨ, ਜਿਨ੍ਹਾਂ 'ਚ ਐੱਫ.ਆਈ.ਆਰ. ਦੀ ਕਾਪੀ, ਸੋਸ਼ਲ ਮੀਡੀਆ ਐਕਸਪਰਟ (ਤਕਨੀਕੀ ਸੈੱਲ) ਦੀ ਰਿਪੋਰਟ ਅਤੇ ਪੰਜਾਬ ਦੀ ਫੋਰੈਂਸਿਕ ਸਾਇੰਸ ਲੈਬਾਰਟਰੀ (ਐੱਫ.ਐੱਸ.ਐੱਲ.) ਦੀ ਰਿਪੋਰਟ ਸ਼ਾਮਲ ਹੈ।

ਇਹ ਵਿਵਾਦ 6 ਜਨਵਰੀ ਨੂੰ ਦਿੱਲੀ ਵਿਧਾਨ ਸਭਾ ਦੀ ਕਾਰਵਾਈ ਦੌਰਾਨ ਆਤਿਸ਼ੀ ਵੱਲੋਂ ਸਿੱਖ ਗੁਰੂਆਂ ਬਾਰੇ ਦਿੱਤੀਆਂ ਗਈਆਂ ਕਥਿਤ ਟਿੱਪਣੀਆਂ ਤੋਂ ਸ਼ੁਰੂ ਹੋਇਆ ਸੀ। ਇਸ ਮਾਮਲੇ 'ਚ ਪੰਜਾਬ ਪੁਲਿਸ ਨੇ ਇਕ ਨਿੱਜੀ ਵਿਅਕਤੀ ਦੀ ਸ਼ਿਕਾਇਤ 'ਤੇ ਐੱਫ.ਆਈ.ਆਰ. ਦਰਜ ਕੀਤੀ ਸੀ। ਪੰਜਾਬ ਪੁਲਿਸ ਦਾ ਦਾਅਵਾ ਸੀ ਕਿ ਵਿਧਾਨ ਸਭਾ ਦੀ ਕਾਰਵਾਈ ਦੀ ਵੀਡੀਓ ਕਲਿੱਪ ਨਾਲ ਛੇੜਛਾੜ ਕੀਤੀ ਗਈ ਹੈ। ਦੂਜੇ ਪਾਸੇ, ਦਿੱਲੀ ਵਿਧਾਨ ਸਭਾ ਦਾ ਮੰਨਣਾ ਹੈ ਕਿ ਸਦਨ ਦੇ ਅੰਦਰ ਹੋਈ ਕਾਰਵਾਈ 'ਤੇ ਪੁਲਿਸ ਕਾਰਵਾਈ ਕਰਨਾ ਵਿਸ਼ੇਸ਼ ਅਧਿਕਾਰਾਂ ਦੀ ਉਲੰਘਣਾ ਹੈ।




# 350ਵਾਂ ਸ਼ਹੀਦੀ ਪੁਰਬ: ਅੰਮ੍ਰਿਤਸਰ-ਨਾਂਦੇੜ ਉਡਾਣ ਜਲਦ ਸ਼ੁਰੂ ਕਰਵਾਉਣ ਦੀ ਅਪੀਲ

**▪ ਪ੍ਰਵਾਸੀਆਂ ਅਤੇ ਵੱਖ-ਵੱਖ ਸੰਸਥਾਵਾਂ ਨੇ ਪ੍ਰਧਾਨ ਮੰਤਰੀ ਮੋਦੀ ਨੂੰ ਪੱਤਰ ਲਿਖ ਕੇ ਕੀਤੀ ਮੰਗ**







**ਅੰਮ੍ਰਿਤਸਰ, (ਪੰਜਾਬ ਮੇਲ)**- ਫਲਾਈ ਅੰਮ੍ਰਿਤਸਰ ਇਨੀਸ਼ੀਏਟਿਵ, ਅੰਮ੍ਰਿਤਸਰ ਵਿਕਾਸ ਮੰਚ, ਗੁਰੂ ਰਾਮ ਦਾਸ ਫਾਊਂਡੇਸ਼ਨ (ਯੂਐਸਏ) ਅਤੇ ਸੇਵਾ ਟਰੱਸਟ ਯੂ.ਕੇ. ਨੇ ਸਾਂਝੇ ਤੌਰ 'ਤੇ ਭਾਰਤ ਦੇ ਪ੍ਰਧਾਨ ਮੰਤਰੀ ਸ਼੍ਰੀ ਨਰਿੰਦਰ ਮੋਦੀ ਜੀ ਨੂੰ ਪੱਤਰ ਲਿਖ ਕੇ ਅੰਮ੍ਰਿਤਸਰ ਅਤੇ ਨਾਂਦੇੜ ਦਰਮਿਆਨ ਸਿੱਧੀ ਉਡਾਣ ਜਲਦ ਸ਼ੁਰੂ ਕਰਨ ਲਈ ਦਖਲ ਦੇਣ ਦੀ ਮੰਗ ਕੀਤੀ ਹੈ।

ਇਸ ਸਾਂਝੇ ਪੱਤਰ ਨੂੰ ਅੰਮ੍ਰਿਤਸਰ ਵਿਕਾਸ ਮੰਚ ਦੇ ਸਰਪ੍ਰਸਤ ਮਨਮੋਹਨ ਸਿੰਘ ਬਰਾੜ, ਕੈਨੇਡਾ ਤੋਂ ਮੰਚ ਦੇ ਓਵਰਸੀਜ਼ ਸਕੱਤਰ ਅਨੰਤਦੀਪ ਸਿੰਘ ਢਿੱਲੋਂ, ਅਮਰੀਕਾ ਤੋਂ ਫਲਾਈ ਅੰਮ੍ਰਿਤਸਰ ਇਨੀਸ਼ੀਏਟਿਵ ਦੇ ਗਲੋਬਲ ਕਨਵੀਨਰ ਸਮੀਪ ਸਿੰਘ ਗੁਮਟਾਲਾ, ਗੁਰੂ ਰਾਮਦਾਸ ਫਾਊਂਡੇਸ਼ਨ (ਅਮਰੀਕਾ) ਦੇ ਡਾਇਰੈਕਟਰ ਅਤੇ ਹਰਿਮੰਦਰ ਸਾਹਿਬ ਅੰਮ੍ਰਿਤਸਰ ਦੇ ਹਜ਼ੂਰੀ ਰਾਗੀ ਭਾਈ ਸਵਿੰਦਰ ਸਿੰਘ ਜੀ ਅਤੇ ਸੇਵਾ ਟਰੱਸਟ ਯੂ.ਕੇ. ਅਤੇ ਇੰਡੀਆ ਦੇ ਚੇਅਰਮੈਨ ਚਰਨ ਕੰਵਲ ਸਿੰਘ ਸੇਖੋਂ ਐੱਮ.ਬੀ.ਈ. ਵੱਲੋਂ ਪੰਜਾਬ ਅਤੇ ਵਿਸ਼ਵ ਭਰ ਵਿਚ ਵੱਸਦੇ ਸਿੱਖ ਅਤੇ ਪੰਜਾਬੀ ਭਾਈਚਾਰੇ ਦੀ ਸਾਂਝੀ ਅਵਾਜ਼ ਦੀ ਤਰਜਮਾਨੀ ਕਰਦੇ ਹੋਏ ਜਾਰੀ ਕੀਤਾ ਗਿਆ ਹੈ।

ਪੱਤਰ ਵਿਚ ਇਨ੍ਹਾਂ ਸੰਸਥਾਵਾਂ ਨੇ ਪ੍ਰਧਾਨ ਮੰਤਰੀ ਦੇ ਕਾਰਜਕਾਲ ਦੌਰਾਨ ਪੰਜਾਬ ਦੇ ਹਵਾਈ ਸੰਪਰਕ ਵਿਚ ਹੋਏ ਮਹੱਤਵਪੂਰਨ ਸੁਧਾਰਾਂ ਲਈ ਧੰਨਵਾਦ ਪ੍ਰਗਟਾਇਆ ਹੈ।

ਇਸ ਪੱਤਰ ਵਿਚ ਨਵੰਬਰ 2024 'ਚ ਮਹਾਰਾਸ਼ਟਰ ਚੋਣ ਰੈਲੀ ਦੌਰਾਨ ਪ੍ਰਧਾਨ ਮੰਤਰੀ ਵੱਲੋਂ ਦਿੱਤੇ ਭਰੋਸੇ ਦਾ ਹਵਾਲਾ ਦਿੱਤਾ ਗਿਆ ਹੈ। ਉਸ ਸਮੇਂ ਪ੍ਰਧਾਨ ਮੰਤਰੀ ਮੋਦੀ ਨੇ ਜ਼ਿਕਰ ਕੀਤਾ ਸੀ ਕਿ ਜਿੱਥੇ ਨਾਂਦੇੜ-ਆਦਮਪੁਰ ਉਡਾਣਾਂ ਸ਼ੁਰੂ ਹੋ ਚੁੱਕੀਆਂ ਹਨ, ਉੱਥੇ ਹੀ ਸਿੱਖ ਸੰਗਤ ਜਲਦ ਹੀ ਨਾਂਦੇੜ ਅਤੇ ਅੰਮ੍ਰਿਤਸਰ ਵਿਚਕਾਰ ਸਿੱਧੀ ਉਡਾਣ ਲੈ ਸਕੇਗੀ। ਇਸ ਭਰੋਸੇ ਨੇ ਭਾਰਤ ਅਤੇ ਦੁਨੀਆਂ ਭਰ ਦੇ ਸ਼ਰਧਾਲੂਆਂ ਵਿਚ ਭਾਰੀ ਉਮੀਦ ਜਗਾਈ ਸੀ।

ਇਹ ਪ੍ਰਸਤਾਵਿਤ ਉਡਾਣ ਡੂੰਘੀ ਅਧਿਆਤਮਿਕ ਮਹੱਤਤਾ ਰੱਖਦੀ ਹੈ, ਕਿਉਂਕਿ ਇਹ ਸਿੱਖ ਕੌਮ ਦੇ ਦੋ ਸਭ ਤੋਂ ਪਵਿੱਤਰ ਤਖ਼ਤ ਸਾਹਿਬਾਨ—ਸ੍ਰੀ ਅਕਾਲ ਤਖ਼ਤ ਸਾਹਿਬ (ਅੰਮ੍ਰਿਤਸਰ) ਅਤੇ ਤਖ਼ਤ ਸ੍ਰੀ ਅਬਚਲਨਗਰ ਹਜ਼ੂਰ ਸਾਹਿਬ (ਨਾਂਦੇੜ) ਨੂੰ ਜੋੜਦੀ ਹੈ। ਮੌਜੂਦਾ ਸਮੇਂ ਵਿਚ, ਸ਼ਰਧਾਲੂਆਂ, ਖਾਸ ਕਰਕੇ ਬਜ਼ੁਰਗਾਂ ਅਤੇ ਪਰਿਵਾਰਾਂ ਨੂੰ ਸਿੱਧੀ ਹਵਾਈ ਸੇਵਾ ਨਾ ਹੋਣ ਕਾਰਨ ਭਾਰੀ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈਂਦਾ ਹੈ। ਏਅਰ ਇੰਡੀਆ ਦੀ ਸਾਲ 2018 'ਚ ਸ਼ੁਰੂ ਹੋਈ ਸਿੱਧੀ ਉਡਾਣ ਸਾਲ 2021 'ਚ ਨਾਂਦੇੜ ਦਾ ਹਵਾਈ ਅੱਡਾ ਬੰਦ ਹੋਣ ਕਰਕੇ ਰੱਦ ਕਰ ਦਿੱਤੀ ਗਈ ਸੀ। ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ 350ਵੇਂ ਸ਼ਹੀਦੀ ਪੁਰਬ ਦੇ ਦੇਸ਼ ਵਿਆਪੀ ਸਮਾਗਮਾਂ ਕਾਰਨ ਇਸ ਮੰਗ ਦੀ ਅਹਿਮੀਅਤ ਹੋਰ ਵੀ ਵਧ ਗਈ ਹੈ।

## ਵਿਸਾਖੀ ਮੌਕੇ 10 ਅਪ੍ਰੈਲ ਨੂੰ ਸਿੱਖ ਸ਼ਰਧਾਲੂਆਂ ਦਾ ਜੱਥਾ ਪਾਕਿਸਤਾਨ ਜਾਵੇਗਾ

**ਅੰਮ੍ਰਿਤਸਰ, (ਪੰਜਾਬ ਮੇਲ)**- ਵਿਸਾਖੀ ਦੇ ਪਵਿੱਤਰ ਮੌਕੇ 'ਤੇ ਸਿੱਖ ਸੰਗਤ ਦਾ ਇੱਕ ਵਿਸ਼ੇਸ਼ ਜਥਾ ਪਾਕਿਸਤਾਨ ਵਿਚ ਸਥਿਤ ਇਤਿਹਾਸਕ ਗੁਰਧਾਮਾਂ ਦੇ ਦਰਸ਼ਨਾਂ ਲਈ ਰਵਾਨਾ ਹੋਵੇਗਾ। ਇਹ ਜਥਾ 10 ਅਪ੍ਰੈਲ 2026 ਨੂੰ ਪਾਕਿਸਤਾਨ ਪਹੁੰਚੇਗਾ ਤੇ 19 ਅਪ੍ਰੈਲ ਨੂੰ ਵਾਪਸ ਭਾਰਤ ਪਰਤੇਗਾ। ਦਿੱਲੀ ਸਿੱਖ ਗੁਰਦੁਆਰਾ ਕਮੇਟੀ ਵੱਲੋਂ ਸ਼ਰਧਾਲੂਆਂ ਦੇ ਪਾਸਪੋਰਟ ਇਕੱਠੇ ਕਰ ਲਏ ਗਏ ਹਨ ਅਤੇ ਭਾਰਤ ਸਰਕਾਰ ਤੋਂ ਯਾਤਰਾ ਸ਼ਡਿਊਲ ਨੂੰ ਅੰਤਿਮ ਮਨਜ਼ੂਰੀ ਮਿਲਣ ਦੀ ਉਡੀਕ ਕੀਤੀ ਜਾ ਰਹੀ ਹੈ। ਜਾਣਕਾਰੀ ਮੁਤਾਬਕ 10 ਅਪ੍ਰੈਲ ਨੂੰ ਪਾਕਿਸਤਾਨ ਪਹੁੰਚ ਕੇ ਸਿੱਧੇ ਗੁਰਦੁਆਰਾ ਨਨਕਾਣਾ ਸਾਹਿਬ ਦੇ ਦਰਸ਼ਨ ਕੀਤੇ ਜਾਣਗੇ। 11 ਅਪ੍ਰੈਲ ਨੂੰ ਨਨਕਾਣਾ ਸਾਹਿਬ ਦੇ ਸਥਾਨਕ ਗੁਰਦੁਆਰਿਆਂ ਦੇ ਦਰਸ਼ਨ ਹੋਣਗੇ। 12 ਅਪ੍ਰੈਲ ਨੂੰ ਗੁਰਦੁਆਰਾ ਪੰਜਾ ਸਾਹਿਬ ਪਹੁੰਚ ਕੇ ਰਾਤ ਠਹਿਰਨਗੇ ਅਤੇ 13 ਅਪ੍ਰੈਲ ਨੂੰ ਉੱਥੇ ਬਾਬਾ ਵੱਲੀ ਕੰਧਾਰੀ ਦੇ ਮੁਸਲਿਮ ਧਾਰਮਿਕ ਸਥਾਨ ਦੇ ਦਰਸ਼ਨ ਕਰਨਗੇ। 14 ਅਪ੍ਰੈਲ ਨੂੰ ਸ੍ਰੀ ਅਖੰਡ ਪਾਠ ਦੇ ਭੋਗ ਤੋਂ ਬਾਅਦ ਧਾਰਮਿਕ ਇਕੱਠ ਵਿਚ ਹਿੱਸਾ ਲੈਣਗੇ, ਜੋ ਪਾਕਿਸਤਾਨ ਵਿਚ ਵਿਸਾਖੀ (ਖਾਲਸਾ ਸਾਜਨਾ ਦਿਵਸ) ਦਾ ਮੁੱਖ ਸਮਾਗਮ ਹੋਵੇਗਾ। 15 ਅਪ੍ਰੈਲ ਨੂੰ ਗੁਰਦੁਆਰਾ ਕਰਤਾਰਪੁਰ ਸਾਹਿਬ ਦੇ ਦਰਸ਼ਨਾਂ ਲਈ ਜਾਣਗੇ ਅਤੇ 16 ਅਪ੍ਰੈਲ ਨੂੰ ਉੱਥੇ ਰਾਤ ਰਹਿਣ ਤੋਂ ਬਾਅਦ 17 ਅਪ੍ਰੈਲ ਨੂੰ ਗੁਜਰਾਂਵਾਲਾ ਦੇ ਗੁਰਦੁਆਰਾ ਰੋੜੀ ਸਾਹਿਬ ਪਹੁੰਚਣਗੇ। 18 ਅਪ੍ਰੈਲ ਨੂੰ ਲਾਹੌਰ ਦੇ ਗੁਰਦੁਆਰਾ ਡੇਰਾ ਸਾਹਿਬ ਦੇ ਦਰਸ਼ਨ ਕਰਨਗੇ ਅਤੇ 19 ਅਪ੍ਰੈਲ ਨੂੰ ਵਾਪਸੀ ਹੋਵੇਗੀ।

## ਵਿਦੇਸ਼ ਮੰਤਰਾਲੇ ਨੇ ਵਿਦੇਸ਼ ਯਾਤਰਾ ਦੇ ਮਾਮਲੇ 'ਚ 110 ਕੇਸਾਂ ਨੂੰ ਨਹੀਂ ਦਿੱਤੀ ਸਿਆਸੀ ਪ੍ਰਵਾਨਗੀ

**ਚੰਡੀਗੜ੍ਹ, (ਪੰਜਾਬ ਮੇਲ)**- ਕੇਂਦਰੀ ਵਿਦੇਸ਼ ਮੰਤਰਾਲੇ ਵੱਲੋਂ ਬੀਤੇ ਸਾਲ 'ਚ ਵਿਦੇਸ਼ ਯਾਤਰਾ ਦੇ ਮਾਮਲੇ 'ਚ ਕਰੀਬ 110 ਕੇਸਾਂ 'ਚ ਸਿਆਸੀ ਪ੍ਰਵਾਨਗੀ ਨਹੀਂ ਦਿੱਤੀ ਗਈ। ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਦਾ ਦੌਰਾ ਰੱਦ ਹੋਣ ਮਗਰੋਂ ਹੁਣ ਵਿਦੇਸ਼ ਮੰਤਰਾਲੇ ਨੇ ਪ੍ਰਵਾਨਗੀ ਦੇ ਦਿੱਤੀ ਹੈ, ਜਦੋਂ ਕਿ ਮੁੱਖ ਮੰਤਰੀ ਨੇ ਹਫ਼ਤਾ ਪਹਿਲਾਂ 25 ਮੈਂਬਰੀ ਵਫ਼ਦ ਨਾਲ ਨੈਦਰਲੈਂਡਜ਼ ਅਤੇ ਚੈੱਕ ਗਣਰਾਜ ਦੇ ਵਿਦੇਸ਼ ਦੌਰੇ 'ਤੇ ਜਾਣਾ ਸੀ। ਸਮੇਂ ਸਿਰ ਪ੍ਰਵਾਨਗੀ ਨਾ ਮਿਲਣ ਕਰਕੇ ਮੁੱਖ ਮੰਤਰੀ ਨੂੰ ਆਪਣਾ ਦੌਰਾ ਰੱਦ ਕਰਨਾ ਪਿਆ। ਕਰੀਬ ਹਫ਼ਤੇ ਮਗਰੋਂ ਹੁਣ ਕੇਂਦਰ ਨੇ ਸਿਆਸੀ ਪ੍ਰਵਾਨਗੀ ਦੇ ਦਿੱਤੀ ਹੈ।

ਕੇਂਦਰੀ ਵਿਦੇਸ਼ ਮੰਤਰਾਲੇ ਨੇ ਇਸ ਤੋਂ ਪਹਿਲਾਂ ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ਵਾਲੇ ਵਫ਼ਦ ਨੂੰ ਬਰਤਾਨੀਆ ਅਤੇ ਇਜ਼ਰਾਈਲ ਦੌਰੇ ਲਈ ਸਿਆਸੀ ਪ੍ਰਵਾਨਗੀ ਦੇਣ ਤੋਂ ਇਨਕਾਰ ਹੀ ਕਰ ਦਿੱਤਾ ਸੀ। ਇਸ ਵਫ਼ਦ ਨੇ ਫਰਵਰੀ ਦੇ ਪਹਿਲੇ ਹਫ਼ਤੇ ਰਵਾਨਾ ਹੋਣਾ ਸੀ। ਮੁੱਖ ਮੰਤਰੀ ਕੋਲ ਤਾਂ ਡਿਪਲੋਮੈਟਿਕ ਪਾਸਪੋਰਟ ਹੈ ਅਤੇ ਉਹ ਸਰਕਾਰ ਵੱਲੋਂ ਮਾਰਚ ਮਹੀਨੇ ਵਿਚ ਕਰਾਏ ਜਾਣ ਵਾਲੇ ਨਿਵੇਸ਼ਕ ਸੰਮੇਲਨ ਲਈ ਕੌਮਾਂਤਰੀ ਕਾਰੋਬਾਰੀਆਂ ਨੂੰ ਸੱਦਾ ਦੇਣ ਲਈ ਜਾਣਾ ਚਾਹੁੰਦੇ ਸਨ। ਇਸ ਤੋਂ ਪਹਿਲਾਂ ਮੁੱਖ ਮੰਤਰੀ ਜਪਾਨ ਅਤੇ ਦੱਖਣੀ ਕੋਰੀਆ ਦਾ ਦੌਰਾ ਵੀ ਕਰ ਚੁੱਕੇ ਹਨ। ਪਿਛਲੇ ਸਾਲ ਵੀ ਕੇਂਦਰ ਨੇ ਮੁੱਖ ਮੰਤਰੀ ਨੂੰ ਪੈਰਿਸ ਜਾਣ ਦੀ ਪ੍ਰਵਾਨਗੀ ਨਹੀਂ ਦਿੱਤੀ ਸੀ। ਕੇਂਦਰੀ ਵਿਦੇਸ਼ ਮੰਤਰਾਲੇ ਨੇ ਸੰਸਦ 'ਚ ਸੁਆਲ ਦੇ ਜੁਆਬ 'ਚ ਦੱਸਿਆ ਕਿ ਮਾਰਚ 2025 ਤੋਂ ਸਿਆਸੀ ਪ੍ਰਵਾਨਗੀ ਲਈ 'ਕਾਨਫ਼ਰੰਸ ਕਲੀਅਰੈਂਸ ਸਿਸਟਮ' ਪੋਰਟਲ ਸਥਾਪਤ ਕੀਤਾ ਗਿਆ ਹੈ, ਜਿਸ ਤਹਿਤ 3-5 ਦਿਨਾਂ 'ਚ ਸਿਆਸੀ ਪ੍ਰਵਾਨਗੀ ਬਾਰੇ ਫ਼ੈਸਲਾ ਲੈ ਲਿਆ ਜਾਂਦਾ ਹੈ ਅਤੇ ਖ਼ਾਸ ਮਾਮਲਿਆਂ 'ਚ ਇਹ ਸਮਾਂ ਵੱਧ ਵੀ ਲੱਗ ਸਕਦਾ ਹੈ। ਵਿਦੇਸ਼ ਮੰਤਰਾਲੇ ਨੇ ਦੱਸਿਆ ਕਿ ਮਾਰਚ 2025 ਤੋਂ ਆਨਲਾਈਨ ਪੋਰਟਲ ਜ਼ਰੀਏ ਸਿਆਸੀ ਪ੍ਰਵਾਨਗੀ ਲਈ 4948 ਦਰਖਾਸਤਾਂ ਪ੍ਰਾਪਤ ਹੋਈਆਂ ਹਨ, ਜਿਨ੍ਹਾਂ 'ਚੋਂ 4022 ਕੇਸ ਪਾਸ ਕਰ ਦਿੱਤੀਆਂ ਗਈਆਂ ਅਤੇ 435 ਕੇਸਾਂ 'ਚ ਅੱਧ-ਪਚੱਦੀ ਪ੍ਰਵਾਨਗੀ ਦਿੱਤੀ ਗਈ ਹੈ। 110 ਕੇਸਾਂ 'ਚ ਪ੍ਰਵਾਨਗੀ ਨਹੀਂ ਦਿੱਤੀ ਗਈ ਹੈ।



# ਕੌਮੀ ਗਰੀਨ ਟ੍ਰਿਬਿਊਨਲ ਵੱਲੋਂ ਪੰਜਾਬ 'ਚ ਸਾਰੀਆਂ 85 ਥਾਵਾਂ 'ਤੇ ਖਣਨ 'ਤੇ ਰੋਕ

**ਗੁਰਦਾਸਪੁਰ, (ਪੰਜਾਬ ਮੇਲ)-** ਗੁਰਦਾਸਪੁਰ ਜ਼ਿਲ੍ਹੇ ਦੇ ਪਿੰਡ ਗਾਹਲੜੀ ਦੀ ਪੰਚਾਇਤ ਵੱਲੋਂ ਦਾਇਰ ਅਰਜ਼ੀ 'ਤੇ ਸੁਣਵਾਈ ਕਰਦਿਆਂ ਕੌਮੀ ਗਰੀਨ ਟ੍ਰਿਬਿਊਨਲ (ਐੱਨ.ਜੀ.ਟੀ.) ਨੇ ਸੂਬੇ ਭਰ ਦੀਆਂ ਸਾਰੀਆਂ 85 ਥਾਵਾਂ 'ਤੇ ਖਣਨ ਕਰਨ 'ਤੇ ਪਾਬੰਦੀ ਲਗਾ ਦਿੱਤੀ ਹੈ। ਐੱਨ.ਜੀ.ਟੀ. ਦੇ ਨਵੀਂ ਦਿੱਲੀ ਸਥਿਤ ਪ੍ਰਮੁੱਖ ਬੈਂਚ ਨੇ ਇਹ ਹੁਕਮ ਜਾਰੀ ਕੀਤੇ ਹਨ। ਇਹ ਪਾਬੰਦੀ ਅਗਲੇ ਹੁਕਮਾਂ ਤੱਕ ਜਾਰੀ ਰਹੇਗੀ। ਉੱਧਰ, ਇਸ ਸਬੰਧੀ ਖਣਨ ਵਿਭਾਗ ਦੇ ਅਧਿਕਾਰੀ ਨੇ ਕਿਹਾ ਕਿ ਵਿਭਾਗ ਇਸ ਮਾਮਲੇ ਵਿਚ ਕੋਈ ਵੀ ਟਿੱਪਣੀ ਸਿਰਫ਼ ਐੱਨ.ਜੀ.ਟੀ. ਦੇ ਲਿਖਤੀ ਹੁਕਮਾਂ ਨੂੰ ਚੰਗੀ ਤਰ੍ਹਾਂ ਪੜ੍ਹਨ ਅਤੇ ਸਮਝਣ ਤੋਂ ਬਾਅਦ ਹੀ ਕਰੇਗਾ।



*ਪਿੰਡ ਮੀਆਂਪੁਰ ਵਿਚ ਗੋਲਡਨ ਫੋਰੈਸਟ ਜ਼ਮੀਨ ਵਿਚ ਪਏ ਟੋਏ।*

ਪੰਜਾਬ ਸਰਕਾਰ ਦੇ ਜਲ ਸਰੋਤ ਵਿਭਾਗ ਨੇ ਪਿਛਲੇ ਸਾਲ ਇਨ੍ਹਾਂ 85 ਥਾਵਾਂ ਦੀ ਨਿਸ਼ਾਨਦੇਹੀ ਕੀਤੀ ਸੀ ਅਤੇ ਹਾਲ ਹੀ ਵਿਚ ਇਨ੍ਹਾਂ ਥਾਵਾਂ ਤੋਂ ਰੇਤਾ-ਬਜਰੀ ਕੱਢਣ ਲਈ ਟੈਂਡਰ ਨੋਟਿਸ ਜਾਰੀ ਕੀਤੇ ਸਨ। ਗਾਹਲੜੀ ਦੀ ਪੰਚਾਇਤ ਦੇ ਵਕੀਲ ਨੇ ਦਲੀਲ ਦਿੱਤੀ ਕਿ ਕਿਉਂਕਿ ਇਹ ਸਾਰਾ ਕੰਮ ਵਪਾਰਕ ਉਦੇਸ਼ਾਂ ਲਈ ਕੀਤਾ ਜਾ ਰਿਹਾ ਹੈ, ਇਸ ਲਈ ਕਾਨੂੰਨ ਅਨੁਸਾਰ ਵਾਤਾਵਰਨ ਸਬੰਧੀ ਮਨਜ਼ੂਰੀਆਂ ਲੈਣੀਆਂ ਲਾਜ਼ਮੀ ਹਨ। ਪੰਚਾਇਤ ਨੇ ਇਹ ਵੀ ਕਿਹਾ ਕਿ ਉਨ੍ਹਾਂ ਦਾ ਪਿੰਡ ਦਰਿਆ ਦੇ ਹੇਠਲੇ ਪਾਸੇ ਸਥਿਤ ਹੈ ਅਤੇ ਜੇਕਰ ਇੱਥੇ ਖੁਦਾਈ ਕੀਤੀ ਗਈ, ਤਾਂ ਪਿੰਡ ਵਾਸੀਆਂ ਦੀਆਂ ਜ਼ਮੀਨਾਂ 'ਤੇ ਮਾੜਾ ਅਸਰ ਪਵੇਗਾ। ਐੱਨ.ਜੀ.ਟੀ. ਨੇ ਬਹੁਤ ਹੀ ਸੰਤੁਲਿਤ ਪਰ ਸਖ਼ਤ ਰੁਖ਼ ਅਪਣਾਉਂਦੇ ਹੋਏ ਕਿਹਾ, "ਭਾਵੇਂ ਟੈਂਡਰ ਦਾ ਕੰਮ ਅੱਗੇ ਵਧੇਗਾ, ਪਰ ਦਰਿਆਈ ਸਮੱਗਰੀ ਕੱਢਣ ਦਾ ਕੰਮ ਸ਼ੁਰੂ ਨਹੀਂ ਹੋਵੇਗਾ।"

ਪੰਚਾਇਤ ਦੇ ਵਕੀਲ ਨੇ ਅਦਾਲਤ ਵਿਚ ਜ਼ੋਰ ਦੇ ਕੇ ਕਿਹਾ ਕਿ ਖਣਨ ਦੀ ਆੜ ਹੇਠ ਵਾਤਾਵਰਨ ਨੇਮਾਂ ਦੀ ਅਣਦੇਖੀ ਕੀਤੀ ਜਾ ਰਹੀ ਹੈ। ਵਪਾਰਕ ਪੱਧਰ 'ਤੇ ਕੀਤੀ ਜਾਣ ਵਾਲੀ ਖੁਦਾਈ ਲਈ ਜ਼ਰੂਰੀ ਮਨਜ਼ੂਰੀਆਂ ਲੈਣੀਆਂ ਲਾਜ਼ਮੀ ਹਨ। ਇਹ ਹੁਕਮ ਪਿੰਡ ਵਾਸੀਆਂ ਲਈ ਬਹੁਤ ਮਹੱਤਵ ਰੱਖਦਾ ਹੈ। ਪਿਛਲੇ ਸਾਲ (ਅਗਸਤ ਤੇ ਸਤੰਬਰ 2025) ਵਿਚ ਪੰਜਾਬ ਦੇ ਕਈ ਇਲਾਕਿਆਂ 'ਚ ਆਏ ਭਿਆਨਕ ਹੜ੍ਹਾਂ ਕਾਰਨ ਵੱਡੇ ਪੱਧਰ 'ਤੇ ਜ਼ਮੀਨਾਂ ਬਰਬਾਦ ਹੋ ਗਈਆਂ ਸਨ। ਪਿੰਡ ਵਾਸੀਆਂ ਦਾ ਮੰਨਣਾ ਹੈ ਕਿ ਕੁਝ ਸ਼ਰਾਰਤੀ ਅਨਸਰਾਂ ਵੱਲੋਂ ਕੀਤੀ ਗੈਰ-ਕਾਨੂੰਨੀ ਮਾਈਨਿੰਗ ਕਾਰਨ ਦਰਿਆਵਾਂ ਦੇ ਬੰਨ੍ਹ ਕਮਜ਼ੋਰ ਹੋ ਗਏ ਸਨ, ਜਿਸ ਕਾਰਨ ਹੜ੍ਹਾਂ ਨੇ ਭਾਰੀ ਤਬਾਹੀ ਮਚਾਈ ਸੀ।

## ਭ੍ਰਿਸ਼ਟਾਚਾਰ ਧਾਰਨਾ ਸੂਚਕ ਅੰਕ 2025 'ਚ ਭਾਰਤ ਪੰਜ ਸਥਾਨ ਉੱਪਰ ਚੜ੍ਹ ਕੇ 91ਵੇਂ ਸਥਾਨ 'ਤੇ ਪੁੱਜਾ

**ਨਵੀਂ ਦਿੱਲੀ, (ਪੰਜਾਬ ਮੇਲ)-** ਭ੍ਰਿਸ਼ਟਾਚਾਰ ਧਾਰਨਾ ਸੂਚਕ ਅੰਕ (ਸੀ.ਪੀ.ਆਈ.) 2025 'ਚ ਭਾਰਤ 182 ਦੇਸ਼ਾਂ ਤੇ ਪ੍ਰਦੇਸ਼ਾਂ 'ਚੋਂ ਪੰਜ ਸਥਾਨ ਉੱਪਰ ਚੜ੍ਹ ਕੇ 91ਵੇਂ ਸਥਾਨ 'ਤੇ ਪਹੁੰਚ ਗਿਆ ਹੈ। ਗਲੋਬਲ ਐੱਨ.ਜੀ.ਓ. ਟਰਾਂਸਪੇਰੈਂਸੀ ਇੰਟਰਨੈਸ਼ਨਲ ਦੇ ਤਾਜ਼ਾ ਸੀ. ਪੀ. ਆਈ. ਅਨੁਸਾਰ ਭਾਰਤ ਦਾ ਸਕੋਰ ਪਿਛਲੇ ਸਾਲ ਨਾਲੋਂ ਇਕ ਅੰਕ ਵਧਿਆ ਹੈ, ਜਿਸ ਨਾਲ ਇਸ ਦਾ ਦਰਜਾ 96ਵੇਂ ਸਥਾਨ ਤੋਂ ਸੁਧਰ ਗਿਆ ਹੈ। ਬਰਲਿਨ ਸਥਿਤ ਭ੍ਰਿਸ਼ਟਾਚਾਰ ਵਿਰੋਧੀ ਨਿਗਰਾਨੀ ਸੰਸਥਾ ਦੀ ਰਿਪੋਰਟ 'ਚ ਕਿਹਾ ਗਿਆ ਹੈ ਕਿ ਏਸ਼ੀਆ ਪ੍ਰਸ਼ਾਂਤ 'ਚ ਭ੍ਰਿਸ਼ਟਾਚਾਰ ਵਿਰੋਧੀ ਤਰੱਕੀ ਹੌਲੀ ਹੋ ਗਈ ਹੈ ਕਿਉਂਕਿ ਪਿਛਲੇ ਸਾਲ ਕਈ ਦੇਸ਼ਾਂ 'ਚ ਜਨਤਕ ਗੁੱਸਾ ਦੇਖਿਆ ਗਿਆ ਸੀ। 2025 ਭ੍ਰਿਸ਼ਟਾਚਾਰ ਧਾਰਨਾ ਸੂਚਕ ਅੰਕ ਦਰਸਾਉਂਦਾ ਹੈ ਕਿ ਦੁਨੀਆਂ ਦੇ ਹਰ ਹਿੱਸੇ 'ਚ ਭ੍ਰਿਸ਼ਟਾਚਾਰ ਇਕ ਗੰਭੀਰ ਖ਼ਤਰਾ ਬਣਿਆ ਹੋਇਆ ਹੈ, ਹਾਲਾਂਕਿ ਤਰੱਕੀ ਦੇ ਸੀਮਤ ਸੰਕੇਤ ਹਨ। ਰਿਪੋਰਟ ਭਾਰਤ ਨੂੰ 'ਭ੍ਰਿਸ਼ਟਾਚਾਰ ਦੀ ਰਿਪੋਰਟ ਕਰਨ ਵਾਲੇ ਪੱਤਰਕਾਰਾਂ ਲਈ ਖ਼ਤਰਨਾਕ' ਦੇਸ਼ਾਂ ਵਿਚ ਵੀ ਸੂਚੀਬੱਧ ਕਰਦੀ ਹੈ। ਡੈਨਮਾਰਕ ਨੇ ਆਪਣੀ ਸਥਿਤੀ ਸੂਚਕ ਅੰਕ ਦੇ ਸਿਖਰ 'ਤੇ ਬਰਕਰਾਰ ਰੱਖੀ, ਫਿਨਲੈਂਡ ਅਤੇ ਸਿੰਗਾਪੁਰ ਤੋਂ ਅੱਗੇ, 89 ਅੰਕ ਪ੍ਰਾਪਤ ਕਰਕੇ ਅਮਰੀਕਾ 29ਵੇਂ ਸਥਾਨ 'ਤੇ ਹੈ, ਜਦੋਂ ਕਿ ਯੂ.ਕੇ. 20ਵੇਂ ਸਥਾਨ 'ਤੇ ਹੈ।

# ਪੰਜਾਬ ਸਰਕਾਰ ਵੱਲੋਂ ਪੰਚਾਇਤ ਸਮਿਤੀਆਂ ਦੇ ਚੇਅਰਮੈਨਾਂ ਲਈ ਰਾਖਵਾਂਕਰਨ ਜਾਰੀ

**ਚੰਡੀਗੜ੍ਹ, (ਪੰਜਾਬ ਮੇਲ)-** ਪੰਜਾਬ ਸਰਕਾਰ ਨੇ ਚੋਣ ਨਤੀਜਿਆਂ ਤੋਂ ਦੋ ਮਹੀਨੇ ਬਾਅਦ ਪੰਚਾਇਤ ਸਮਿਤੀਆਂ ਦੇ ਚੇਅਰਮੈਨਾਂ ਅਤੇ ਵਾਈਸ ਚੇਅਰਮੈਨਾਂ ਦਾ ਰਾਖਵਾਂਕਰਨ ਜਾਰੀ ਕਰ ਦਿੱਤਾ ਹੈ; ਜ਼ਿਲ੍ਹਾ ਪ੍ਰੀਸ਼ਦ ਦੇ ਚੇਅਰਮੈਨਾਂ ਅਤੇ ਵਾਈਸ ਚੇਅਰਮੈਨਾਂ ਦਾ ਰਾਖਵਾਂਕਰਨ ਅਗਲੇ ਹਫ਼ਤੇ ਐਲਾਨੇ ਜਾਣ ਦੀ ਸੰਭਾਵਨਾ ਹੈ। ਪੇਂਡੂ ਵਿਕਾਸ ਤੇ ਪੰਚਾਇਤ ਵਿਭਾਗ ਨੇ 154 ਪੰਚਾਇਤ ਸਮਿਤੀਆਂ ਦੇ ਚੇਅਰਮੈਨਾਂ ਅਤੇ ਵਾਈਸ ਚੇਅਰਮੈਨਾਂ ਦੇ ਰਾਖਵੇਂਕਰਨ ਦਾ ਨੋਟੀਫਿਕੇਸ਼ਨ ਜਾਰੀ ਕਰ ਦਿੱਤਾ ਹੈ। ਨੋਟੀਫਿਕੇਸ਼ਨ ਦੇ ਨਾਲ ਹੀ ਹੁਣ ਚੇਅਰਮੈਨੀ ਦੇ ਚਾਹਵਾਨਾਂ ਲਈ ਰਾਹ ਖੁੱਲ੍ਹ ਗਿਆ ਹੈ।

**■ ਜ਼ਿਲ੍ਹਾ ਪ੍ਰੀਸ਼ਦ ਦੇ ਚੇਅਰਮੈਨਾਂ ਦੇ ਰਾਖਵੇਂਕਰਨ ਦਾ ਨੋਟੀਫਿਕੇਸ਼ਨ ਅਗਲੇ ਹਫ਼ਤੇ**

ਪੇਂਡੂ ਵਿਕਾਸ ਤੇ ਪੰਚਾਇਤ ਵਿਭਾਗ ਵੱਲੋਂ ਜਾਰੀ ਨੋਟੀਫਿਕੇਸ਼ਨ ਅਨੁਸਾਰ 35 ਪੰਚਾਇਤ ਸਮਿਤੀਆਂ ਦੀ ਚੇਅਰਮੈਨੀ ਐੱਸ.ਸੀ. ਵਰਗ ਲਈ ਅਤੇ 22 ਸਮਿਤੀਆਂ ਦੀ ਚੇਅਰਮੈਨੀ ਐੱਸ.ਸੀ. (ਔਰਤਾਂ) ਲਈ ਰਾਖਵੀਂ ਕੀਤੀ ਗਈ ਹੈ। ਇਸੇ ਤਰ੍ਹਾਂ 47 ਸਮਿਤੀਆਂ ਦੀ ਚੇਅਰਮੈਨੀ ਜਨਰਲ ਵਰਗ ਲਈ ਅਤੇ 50 ਸਮਿਤੀਆਂ ਦੀ ਚੇਅਰਮੈਨੀ ਜਨਰਲ (ਔਰਤਾਂ) ਲਈ ਰਾਖਵੀਂ ਹੋਵੇਗੀ। ਇਸ ਲਿਹਾਜ਼ ਨਾਲ 72 ਸਮਿਤੀਆਂ ਦੀ ਚੇਅਰਮੈਨੀ ਦੀ ਕੁਰਸੀ 'ਤੇ ਔਰਤਾਂ ਬੈਠਣਗੀਆਂ।

ਪੰਚਾਇਤ ਵਿਭਾਗ ਨੇ ਵਾਈਸ ਚੇਅਰਮੈਨੀ ਲਈ ਵੀ ਰਾਖਵਾਂਕਰਨ ਜਾਰੀ ਕੀਤਾ ਹੈ। ਪੰਜਾਬ ਸਰਕਾਰ ਵੱਲੋਂ ਐਤਕੀਂ ਬਲਾਕਾਂ ਦਾ ਪੁਨਰਗਠਨ ਕੀਤਾ ਗਿਆ ਸੀ ਅਤੇ ਜ਼ਿਆਦਾ ਬਲਾਕ ਵਿਧਾਨ ਸਭਾ ਹਲਕਾ ਵਾਈਜ਼ ਬਣ ਗਏ ਹਨ। ਜਦੋਂ ਬਲਾਕਾਂ ਦਾ ਪੁਨਰਗਠਨ ਹੋ ਗਿਆ ਹੈ, ਤਾਂ ਸੂਬਾ ਸਰਕਾਰ ਨੂੰ ਸਮਿਤੀਆਂ ਦੇ ਚੇਅਰਮੈਨਾਂ ਦਾ ਰਾਖਵਾਂਕਰਨ ਨਵੇਂ ਸਿਰਿਓਂ ਕਰਨ ਦਾ ਮੌਕਾ ਮਿਲ ਗਿਆ ਹੈ। ਇਸ ਦੇ ਨਾਲ ਹੀ ਚੇਅਰਮੈਨੀ ਲਈ ਰੋਟੇਸ਼ਨ ਦਾ ਸਿਧਾਂਤ ਅਪਨਾਉਣ ਦੀ ਕਾਨੂੰਨੀ ਬੰਦਿਸ਼ ਵੀ ਖ਼ਤਮ ਹੋ ਗਈ ਹੈ।

**ਰੋਜ਼ਾਨਾਂ ਤਾਜ਼ੀਆਂ ਖਬਰਾਂ ਪੜ੍ਹਨ ਲਈ ਪੰਜਾਬ ਮੇਲ ਦੀ ਵੈੱਬਸਾਇਟ 'ਤੇ ਕਲਿੱਕ ਕਰੋ : www.punjabmailusa.com**



# ਭਾਜਪਾ ਸੂਬਾ ਉਪ ਪ੍ਰਧਾਨ ਅਰਵਿੰਦ ਖੰਨਾ ਅਕਾਲੀ ਦਲ 'ਚ ਹੋਏ ਸ਼ਾਮਲ



**ਸੰਗਰੂਰ/ਚੰਡੀਗੜ੍ਹ, (ਪੰਜਾਬ ਮੇਲ)**- ਪੰਜਾਬ ਦੀ ਸਿਆਸਤ 'ਚ ਉਸ ਵੇਲੇ ਵੱਡੀ ਹਲਚਲ ਦੇਖਣ ਨੂੰ ਮਿਲੀ, ਜਦੋਂ ਭਾਜਪਾ ਦੇ ਸੂਬਾ ਉਪ ਪ੍ਰਧਾਨ ਅਰਵਿੰਦ ਖੰਨਾ ਅਕਾਲੀ ਦਲ 'ਚ ਸ਼ਾਮਲ ਹੋ ਗਏ। ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਬਾਦਲ ਸੰਗਰੂਰ ਵਿਖੇ ਅਰਵਿੰਦ ਖੰਨਾ ਦੇ ਘਰ ਪਹੁੰਚੇ ਸਨ, ਜਿੱਥੇ ਉਨ੍ਹਾਂ ਨੇ ਅਰਵਿੰਦ ਖੰਨਾ ਨੂੰ ਪਾਰਟੀ 'ਚ ਸ਼ਾਮਲ ਕਰਵਾਇਆ। ਸੁਖਬੀਰ ਬਾਦਲ ਨੇ ਅਰਵਿੰਦ ਖੰਨਾ ਅਤੇ ਉਨ੍ਹਾਂ ਦੇ ਸਾਥੀਆਂ ਨੂੰ ਜੀ ਆਇਆਂ ਕਹਿੰਦਿਆਂ ਸਿਰੋਪਾਓ ਦਿੱਤਾ ਅਤੇ ਅਕਾਲੀ ਦਲ 'ਚ ਬਣਦਾ ਮਾਣ-ਸਤਿਕਾਰ ਦੇਣ ਦੀ ਗੱਲ ਕਹੀ। ਦੱਸਣਯੋਗ ਹੈ ਕਿ ਅਰਵਿੰਦ ਖੰਨਾ ਅਤੇ ਸੁਖਬੀਰ ਬਾਦਲ ਪੁਰਾਣੇ ਦੋਸਤ ਹਨ।

ਅਰਵਿਦ ਖੰਨਾ ਨੂੰ ਪਾਰਟੀ 'ਚ ਸ਼ਾਮਲ ਕਰਨ ਲਈ ਸੁਖਬੀਰ ਬਾਦਲ ਨਿੱਜੀ ਤੌਰ 'ਤੇ ਧੂਰੀ ਆਏ ਸਨ। ਅਰਵਿੰਦ ਖੰਨਾ ਸਾਬਕਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਦੇ ਕਰੀਬੀ ਸਾਥੀ ਸਨ। ਅਰਵਿੰਦ ਖੰਨਾ ਨੰ ਇਸ ਖੇਤਰ 'ਚ ਇਕ ਪ੍ਰਮੁੱਖ ਉਦਯੋਗਪਤੀ ਵਜੋਂ ਜਾਣਿਆ ਜਾਂਦਾ ਹੈ। ਉਨ੍ਹਾਂ ਨੇ ਪਹਿਲੀ ਵਾਲ 2002 'ਚ ਕਾਂਗਰਸ ਦੀ ਟਿਕਟ 'ਤੇ ਸੰਗਰੂਰ ਵਿਧਾਨ ਸਭਾ ਹਲਕਾ ਜਿੱਤਿਆ ਸੀ ਅਤੇ ਵਿਧਾਇਕ ਬਣੇ ਸਨ।

ਉਹ 2004 ਦੀਆਂ ਲੋਕ ਸਭਾ ਚੋਣਾਂ 'ਚ ਪਾਰਟੀ ਦੇ ਉਮੀਦਵਾਰ ਸਨ ਪਰ ਸੁਖਦੇਵ ਸਿੰਘ ਢੀਂਡਸਾ ਤੋਂ ਹਾਰ ਗਏ। ਫਿਰ ਉਨ੍ਹਾਂ ਨੇ ਸਾਲ 2012 'ਚ ਧੂਰੀ ਹਲਕੇ ਤੋਂ ਚੋਣ ਲੜੀ ਸੀ। ਇਸ ਭਾਰੀ ਜਿੱਤ ਨੇ ਉਨ੍ਹਾਂ ਨੂੰ ਇਕ ਵੱਡੇ ਨੇਤਾ ਵਜੋਂ ਸਥਾਪਿਤ ਕੀਤਾ। ਫਿਲਹਾਲ ਇਸ ਮਾਮਲੇ 'ਚ ਭਾਜਪਾ ਵਲੋਂ ਕੋਈ ਪ੍ਰਤੀਕਿਰਿਆ ਸਾਹਮਣੇ ਨਹੀਂ ਆਈ ਹੈ ਪਰ ਸੂਬੇ ਦੀ ਸਿਆਸਤ 'ਚ ਇਸ ਘਟਨਾ ਨੂੰ ਅਹਿਮ ਮੰਨਿਆ ਜਾ ਰਿਹਾ ਹੈ। ਆਉਣ ਵਾਲੇ ਸਮੇਂ 'ਚ ਇਹ ਸਿਆਸੀ ਪਲਟਵਾਰ ਚਰਚਾ ਦਾ ਕੇਂਦਰ ਬਣ ਸਕਦਾ ਹੈ।

# ਕੈਨੇਡਾ 'ਚ 'ਸਿੱਖਸ ਫਾਰ ਜਸਟਿਸ' ਸੰਗਠਨ 'ਤੇ ਲੱਗੀ ਪਾਬੰਦੀ

**ਓਟਾਵਾ/ਨਵੀਂ ਦਿੱਲੀ (ਪੰਜਾਬ ਮੇਲ)**- ਭਾਰਤ ਨੂੰ ਕੈਨੇਡਾ 'ਚ ਵੱਡੀ ਕੂਟਨੀਤਕ ਕਾਮਯਾਬੀ ਮਿਲੀ ਹੈ। ਭਾਰਤ ਵਿਚ ਪਾਬੰਦੀਸ਼ੁਦਾ ਅੱਤਵਾਦੀ ਸੰਗਠਨ 'ਸਿੱਖਸ ਫਾਰ ਜਸਟਿਸ' (ਐੱਸ.ਐੱਫ.ਜੇ.) 'ਤੇ ਹੁਣ ਕੈਨੇਡਾ ਵਿਚ ਵੀ ਪਾਬੰਦੀ ਲੱਗ ਗਈ ਹੈ। ਕੈਨੇਡਾ ਨੇ ਐੱਸ.ਐੱਫ.ਜੇ. ਨੂੰ ਅੱਤਵਾਦੀ ਸੰਗਠਨ ਐਲਾਨ ਦਿੱਤਾ ਹੈ। ਭਾਰਤ ਦੇ ਰਾਸ਼ਟਰੀ ਸੁਰੱਖਿਆ ਸਲਾਹਕਾਰ (ਐੱਨ.ਐੱਸ.ਏ.) ਅਜੀਤ ਡੋਭਾਲ ਦੀ ਯਾਤਰਾ ਦੇ ਮਹਿਜ਼ ਤਿੰਨ ਦਿਨਾਂ ਦੇ ਅੰਦਰ ਹੀ ਕੈਨੇਡਾ ਨੇ ਗੁਰਪਤਵੰਤ ਸਿੰਘ ਪੰਨੂ ਦੇ 'ਸਿੱਖਸ ਫਾਰ ਜਸਟਿਸ' (ਐੱਸ.ਐੱਫ.ਜੇ.) ਸੰਗਠਨ ਨੂੰ ਅੱਤਵਾਦੀ ਸ਼੍ਰੇਣੀ ਵਿਚ ਪਾ ਦਿੱਤਾ ਹੈ।

ਕੈਨੇਡਾ 'ਚ ਅੱਤਵਾਦੀ ਸ਼੍ਰੇਣੀ 'ਚ ਆਉਣ ਦਾ ਮਤਲਬ ਹੈ ਕਿ ਐੱਸ.ਐੱਫ.ਜੇ. ਦੀਆਂ ਸਾਰੀਆਂ ਜਾਇਦਾਦਾਂ ਜ਼ਬਤ ਕੀਤੀਆਂ ਜਾਣਗੀਆਂ ਅਤੇ ਉਸ ਦੀਆਂ ਕਿਸੇ ਵੀ ਤਰ੍ਹਾਂ ਦੀਆਂ ਗਤੀਵਿਧੀਆਂ 'ਤੇ ਪੂਰੀ ਤਰ੍ਹਾਂ ਪਾਬੰਦੀ ਲੱਗ ਜਾਵੇਗੀ। ਭਾਰਤ ਲੰਬੇ ਸਮੇਂ ਤੋਂ ਐੱਸ.ਐੱਫ.ਜੇ. ਨੂੰ ਵਿਨਾਸ਼ਕਾਰੀ ਅਤੇ ਵੱਖਵਾਦੀ ਸੰਗਠਨ ਦੱਸਦਾ ਆ ਰਿਹਾ ਹੈ, ਜੋ ਪੰਜਾਬ ਵਿਚ ਵੱਖਰੇ ਦੇਸ਼ ਦੀ ਮੰਗ ਨੂੰ ਲੈ ਕੇ ਸਰਗਰਮ ਹੈ। ਭਾਰਤ ਦਾ ਕਹਿਣਾ ਸੀ ਕਿ ਇਸ ਸੰਗਠਨ ਦੀਆਂ ਗਤੀਵਿਧੀਆਂ ਦੋਵਾਂ ਦੇਸ਼ਾਂ ਵਿਚਾਲੇ ਵਿਸ਼ਵਾਸ ਨੂੰ ਪ੍ਰਭਾਵਿਤ ਕਰਦੀਆਂ ਹਨ।

# ਅਕਾਲੀ ਦਲ ਵੱਲੋਂ ਹੋਲਾ-ਮਹੱਲਾ 'ਤੇ ਸਿਆਸੀ ਕਾਨਫਰੰਸਾਂ ਮੁੜ ਸ਼ੁਰੂ ਕਰਨ ਦਾ ਐਲਾਨ

**ਰੂਪਨਗਰ, (ਪੰਜਾਬ ਮੇਲ)**- ਸਾਲ 2018 ਤੋਂ ਚੱਲੀ ਆ ਰਹੀ ਪ੍ਰੰਪਰਾ ਨੂੰ ਤੋੜਦਿਆਂ ਸ਼੍ਰੋਮਣੀ ਅਕਾਲੀ ਦਲ (ਪੁਨਰ ਸੁਰਜੀਤ) ਨੇ ਇਸ ਵਾਰ ਸ੍ਰੀ ਅਨੰਦਪੁਰ ਸਾਹਿਬ ਵਿਖੇ ਹੋਲਾ-ਮਹੱਲਾ ਦੌਰਾਨ ਸਿਆਸੀ ਕਾਨਫਰੰਸ ਕਰਨ ਦਾ ਫੈਸਲਾ ਕੀਤਾ ਹੈ। ਪਾਰਟੀ ਦੇ ਬੁਲਾਰੇ ਪ੍ਰੇਮ ਸਿੰਘ ਚੰਦੂਮਾਜਰਾ ਨੇ ਪੁਸ਼ਟੀ ਕਰਦਿਆਂ ਕਿਹਾ ਕਿ ਅਕਾਲੀ ਦਲ (ਬਾਦਲ) ਤੋਂ ਵੱਖ ਹੋਏ ਇਸ ਧੜੇ ਨੇ ਤਿੰਨ ਰੋਜ਼ਾ ਧਾਰਮਿਕ ਸਮਾਗਮ ਦੌਰਾਨ ਰੈਲੀ ਕਰਨ ਦੀ ਯੋਜਨਾ ਬਣਾਈ ਹੈ ਅਤੇ ਆਨੰਦਪੁਰ ਸਾਹਿਬ-ਕੀਰਤਪੁਰ ਸਾਹਿਬ ਮੁੱਖ ਮਾਰਗ 'ਤੇ ਇਸ ਲਈ ਥਾਂ ਦੀ ਚੋਣ ਵੀ ਕਰ ਲਈ ਹੈ।

ਜ਼ਿਕਰਯੋਗ ਹੈ ਕਿ 2018 ਵਿਚ ਸਿੱਖ ਜਥੇਦਾਰਾਂ ਨੇ ਸਿਆਸੀ ਪਾਰਟੀਆਂ ਨੂੰ ਅਪੀਲ ਕੀਤੀ ਸੀ ਕਿ ਉਹ ਇਸ ਪਵਿੱਤਰ ਦਿਹਾੜੇ ਦੌਰਾਨ ਇੱਕ-ਦੂਜੇ 'ਤੇ ਦੂਸ਼ਣਬਾਜ਼ੀ ਅਤੇ ਸਿਆਸੀ ਹਮਲਿਆਂ ਤੋਂ ਗੁਰੇਜ਼ ਕਰਨ। ਉਦੋਂ ਤੋਂ ਪੰਜਾਬ ਦੀਆਂ ਪ੍ਰਮੁੱਖ ਪਾਰਟੀਆਂ ਨੇ ਇੱਥੇ ਰੈਲੀਆਂ ਕਰਨੀਆਂ ਬੰਦ ਕਰ ਦਿੱਤੀਆਂ ਸਨ। ਹਾਲਾਂਕਿ, ਚੰਦੂਮਾਜਰਾ ਦਾ ਕਹਿਣਾ ਹੈ ਕਿ ਜਥੇਦਾਰਾਂ ਨੇ ਸਿਰਫ ਨਿੱਜੀ ਦੂਸ਼ਣਬਾਜ਼ੀ ਤੋਂ ਮਨ੍ਹਾ ਕੀਤਾ ਸੀ, ਕਾਨਫਰੰਸਾਂ 'ਤੇ ਕੋਈ ਰੋਕ ਨਹੀਂ ਲਗਾਈ ਸੀ। ਉਨ੍ਹਾਂ ਦਲੀਲ ਦਿੱਤੀ ਕਿ ਹੋਲਾ-ਮਹੱਲਾ ਦੀਆਂ ਜੜ੍ਹਾਂ ਖੁਦ ਸਿੱਖ ਇਤਿਹਾਸ ਦੀ ਸਿਆਸਤ

**ਸਾਲ 2018 ਤੋਂ ਬਾਅਦ ਪਹਿਲੀ ਵਾਰ ਅਨੰਦਪੁਰ ਸਾਹਿਬ ਵਿਖੇ ਸਜੇਗੀ ਸਿਆਸੀ ਸਟੇਜ**



ਨਾਲ ਜੁੜੀਆਂ ਹੋਈਆਂ ਹਨ।

ਹੁਣ ਤੱਕ ਕਿਸੇ ਹੋਰ ਪਾਰਟੀ (ਆਪ, ਕਾਂਗਰਸ ਜਾਂ ਬਾਦਲ ਦਲ) ਨੇ ਅਜਿਹੀ ਕੋਈ ਰੈਲੀ ਕਰਨ ਦਾ ਐਲਾਨ ਨਹੀਂ ਕੀਤਾ ਹੈ। ਇਸ ਸਾਲ ਹੋਲਾ-ਮਹੱਲਾ 27 ਫਰਵਰੀ ਤੋਂ 3 ਮਾਰਚ ਤੱਕ ਮਨਾਇਆ ਜਾਵੇਗਾ, ਜਿਸ ਵਿਚ ਲੱਖਾਂ ਦੀ ਗਿਣਤੀ ਵਿਚ ਸ਼ਰਧਾਲੂ ਪਹੁੰਚਦੇ ਹਨ। ਦਹਾਕਿਆਂ ਤੋਂ ਪਾਰਟੀਆਂ ਇਸ ਇਕੱਠ ਦੀ ਵਰਤੋਂ ਪੰਥਕ ਅਤੇ ਸੂਬੇ ਦੇ ਮੁੱਦਿਆਂ 'ਤੇ ਆਪਣੇ ਏਜੰਡੇ ਸਾਂਝੇ ਕਰਨ ਲਈ ਕਰਦੀਆਂ ਆਈਆਂ ਹਨ। ਹੁਣ ਇਹ ਦੇਖਣਾ ਦਿਲਚਸਪ ਹੋਵੇਗਾ ਕਿ ਅਕਾਲੀ ਦਲ (ਪੁਨਰ ਸੁਰਜੀਤ) ਦੇ ਇਸ ਕਦਮ ਤੋਂ ਬਾਅਦ ਕੀ ਬਾਕੀ ਪਾਰਟੀਆਂ ਵੀ ਆਪਣਾ ਫੈਸਲਾ ਬਦਲਦੀਆਂ ਹਨ ਜਾਂ ਨਹੀਂ।

# ਮੋਗਾ 'ਚ ਨਸ਼ਾ ਵਿਰੋਧੀ ਮੁਹਿੰਮ ਦੇ ਨਾਂ 'ਤੇ 'ਆਪ' ਨੇ ਕਰਵਾਈ ਸਿਆਸੀ ਰੈਲੀ : ਸੁਖਜਿੰਦਰ ਰੰਧਾਵਾ ਵੱਲੋਂ ਦੋਸ਼



**ਚੰਡੀਗੜ੍ਹ, (ਪੰਜਾਬ ਮੇਲ)**- ਗੁਰਦਾਸਪੁਰ ਤੋਂ ਲੋਕ ਸਭਾ ਮੈਂਬਰ ਅਤੇ ਪੰਜਾਬ ਦੇ ਸਾਬਕਾ ਉਪ ਮੁੱਖ ਮੰਤਰੀ ਸੁਖਜਿੰਦਰ ਸਿੰਘ ਰੰਧਾਵਾ ਨੇ ਮੋਗਾ ਵਿਚ ਹੋਏ ਇਕ ਸਰਕਾਰੀ ਸਮਾਗਮ ਦੇ ਸਿਆਸੀਕਰਨ ਨੂੰ ਲੈ ਕੇ ਕੇਂਦਰੀ ਰਾਜ ਮੰਤਰੀ ਡਾ. ਜਿਤੇਂਦਰ ਸਿੰਘ ਨੂੰ ਇਕ ਸ਼ਿਕਾਇਤ ਪੱਤਰ ਲਿਖਿਆ ਹੈ। ਰੰਧਾਵਾ ਨੇ ਦੋਸ਼ ਲਾਇਆ ਹੈ ਕਿ ਨਸ਼ਾ ਵਿਰੋਧੀ ਮੁਹਿੰਮ ਦੇ ਨਾਂ 'ਤੇ ਕਰਵਾਇਆ ਗਿਆ ਇਹ ਪ੍ਰੋਗਰਾਮ ਅਸਲ ਵਿਚ ਆਮ ਆਦਮੀ ਪਾਰਟੀ ਦੀ ਇੱਕ ਸਿਆਸੀ ਰੈਲੀ ਸੀ।

ਰੰਧਾਵਾ ਨੇ ਆਪਣੀ ਚਿੱਠੀ ਵਿਚ ਲਿਖਿਆ ਹੈ ਕਿ ਸਮਾਗਮ ਦੌਰਾਨ ਆਮ ਆਦਮੀ ਪਾਰਟੀ ਦੇ ਝੰਡਿਆਂ ਅਤੇ ਚਿੰਨ੍ਹਾਂ ਦੀ ਰੱਜ ਕੇ ਵਰਤੋਂ ਕੀਤੀ ਗਈ ਅਤੇ ਪਾਰਟੀ ਦੇ ਰਾਸ਼ਟਰੀ ਕਨਵੀਨਰ ਅਰਵਿੰਦ ਕੇਜਰੀਵਾਲ ਮੁੱਖ ਮਹਿਮਾਨ ਵਜੋਂ ਸ਼ਾਮਲ ਹੋਏ। ਉਨ੍ਹਾਂ ਕਿਹਾ ਕਿ ਸਟੇਜ 'ਤੇ ਮਨੀਸ਼ ਸਿਸੋਦੀਆ ਵਰਗੇ ਸੀਨੀਅਰ ਸਿਆਸੀ ਆਗੂਆਂ ਦੀ ਮੌਜੂਦਗੀ ਅਤੇ ਕੇਜਰੀਵਾਲ ਦੇ ਸਿਆਸੀ ਭਾਸ਼ਣ ਨੇ ਇਸ ਸਰਕਾਰੀ ਪ੍ਰੋਗਰਾਮ ਨੂੰ ਪੂਰੀ ਤਰ੍ਹਾਂ ਸਿਆਸੀ ਰੰਗਤ ਦੇ ਦਿੱਤੀ।

ਸਭ ਤੋਂ ਗੰਭੀਰ ਚਿੰਤਾ ਪ੍ਰਗਟ ਕਰਦਿਆਂ ਰੰਧਾਵਾ ਨੇ ਸਟੇਜ 'ਤੇ ਪੰਜਾਬ ਦੇ ਮੁੱਖ ਸਕੱਤਰ ਅਤੇ ਡੀ.ਜੀ.ਪੀ. ਦੀ ਮੌਜੂਦਗੀ 'ਤੇ ਸਵਾਲ ਚੁੱਕੇ ਹਨ। ਉਨ੍ਹਾਂ ਕਿਹਾ ਕਿ ਆਲ ਇੰਡੀਆ ਸਰਵਿਸਿਜ਼ (ਕੰਡਕਟ) ਨਿਯਮ, 1968 ਦਾ ਨਿਯਮ 5 ਅਧਿਕਾਰੀਆਂ ਨੂੰ ਸਿਆਸੀ ਗਤੀਵਿਧੀਆਂ ਵਿਚ ਸ਼ਾਮਲ ਹੋਣ ਤੋਂ ਰੋਕਦਾ ਹੈ। ਉਨ੍ਹਾਂ ਅਨੁਸਾਰ, ਸੀਨੀਅਰ ਅਧਿਕਾਰੀਆਂ ਦੀ ਅਜਿਹੀ ਮੌਜੂਦਗੀ ਪ੍ਰਸ਼ਾਸਨਿਕ ਨਿਰਪੱਖਤਾ ਦੇ ਸਿਧਾਂਤਾਂ ਦੇ ਖਿਲਾਫ਼ ਹੈ ਅਤੇ ਜਨਤਾ ਦੇ ਵਿਸ਼ਵਾਸ ਨੂੰ ਠੇਸ ਪਹੁੰਚਾਉਂਦੀ ਹੈ।

ਕਾਂਗਰਸੀ ਆਗੂ ਨੇ ਮੰਗ ਕੀਤੀ ਹੈ ਕਿ ਪੰਜਾਬ ਸਰਕਾਰ ਤੋਂ ਇਸ ਸਮਾਗਮ ਦੀ ਪ੍ਰਕਿਰਤੀ ਅਤੇ ਇਸ ਵਿਚ ਅਧਿਕਾਰੀਆਂ ਦੀ ਭੂਮਿਕਾ ਬਾਰੇ ਰਿਪੋਰਟ ਮੰਗੀ ਜਾਵੇ। ਇਹ ਜਾਂਚ ਕੀਤੀ ਜਾਵੇ ਕਿ ਕੀ ਅਧਿਕਾਰੀਆਂ ਨੇ ਨਿਯਮਾਂ ਦੀ ਉਲੰਘਣਾ ਕੀਤੀ ਹੈ ਅਤੇ ਜੇਕਰ ਲੋੜ ਹੋਵੇ, ਤਾਂ ਅਨੁਸ਼ਾਸਨੀ ਕਾਰਵਾਈ ਕੀਤੀ ਜਾਵੇ। ਰੰਧਾਵਾ ਨੇ ਜ਼ੋਰ ਦੇ ਕੇ ਕਿਹਾ ਕਿ ਲੋਕਤੰਤਰ ਦੀ ਮਜ਼ਬੂਤੀ ਲਈ ਸਿਵਲ ਸੇਵਾਵਾਂ ਅਤੇ ਸਿਆਸੀ ਪਲੇਟਫਾਰਮਾਂ ਵਿਚਕਾਰ ਸਪੱਸ਼ਟ ਪਾੜਾ ਹੋਣਾ ਲਾਜ਼ਮੀ ਹੈ। ਇਸ ਚਿੱਠੀ ਦੀ ਇਕ ਕਾਪੀ ਭਾਰਤ ਸਰਕਾਰ ਦੇ ਕੈਬਨਿਟ ਸਕੱਤਰ ਨੂੰ ਵੀ ਭੇਜੀ ਗਈ ਹੈ।

# ਕਾਰੋਬਾਰੀ ਕਤਲ ਮਾਮਲਾ: ਲਾਰੈਂਸ ਬਿਸ਼ਨੋਈ ਗਰੋਹ ਦੇ 5 ਮੈਂਬਰ ਗ੍ਰਿਫਤਾਰ

**ਨਵੀਂ ਦਿੱਲੀ, (ਪੰਜਾਬ ਮੇਲ)**- ਉੱਤਰੀ ਦਿੱਲੀ ਦੇ ਬਾਹਰਵਾਰ ਸਥਿਤ ਬਵਾਨਾ ਉਦਯੋਗਿਕ ਖੇਤਰ ਵਿਚ ਹਾਲ ਹੀ ਵਿਚ ਇੱਕ 35 ਸਾਲਾ ਕਾਰੋਬਾਰੀ ਦੇ ਕਤਲ ਦੇ ਸਿਲਸਿਲੇ ਵਿਚ ਲਾਰੈਂਸ ਬਿਸ਼ਨੋਈ ਗਿਰੋਹ ਦੇ ਪੰਜ ਮੈਂਬਰਾਂ ਨੂੰ ਗ੍ਰਿਫਤਾਰ ਕੀਤਾ ਗਿਆ ਹੈ। ਅਧਿਕਾਰੀ ਮੁਤਾਬਕ ਖੁਫੀਆ ਜਾਣਕਾਰੀ ਦੇ ਆਧਾਰ 'ਤੇ ਪੁਲਿਸ ਨੇ ਕੁਝ ਸ਼ੱਕੀਆਂ ਨੂੰ ਰੋਕਿਆ। ਚਿਤਾਵਨੀ ਦਿੱਤੇ ਜਾਣ 'ਤੇ ਮੁਲਜ਼ਮਾਂ ਨੇ ਕਥਿਤ ਤੌਰ 'ਤੇ ਭੱਜਣ ਦੀ ਕੋਸ਼ਿਸ਼ ਵਿਚ ਪੁਲਿਸ ਟੀਮ 'ਤੇ ਗੋਲੀ ਚਲਾ ਦਿੱਤੀ, ਜਿਸ ਦੇ ਜਵਾਬ ਵਿਚ ਪੁਲਿਸ ਮੁਲਾਜ਼ਮਾਂ ਨੇ ਆਤਮ ਰੱਖਿਆ ਵਿਚ ਜਵਾਬੀ ਕਾਰਵਾਈ ਕੀਤੀ।

ਗੋਲੀਬਾਰੀ ਦੌਰਾਨ ਇੱਕ ਮੁਲਜ਼ਮ ਦੀ ਲੱਤ ਵਿਚ ਗੋਲੀ ਲੱਗੀ ਅਤੇ ਉਸ ਨੂੰ ਕਾਬੂ ਕਰ ਲਿਆ ਗਿਆ। ਪੁਲਿਸ ਨੇ ਦੱਸਿਆ ਕਿ ਮੁਕਾਬਲੇ ਦੌਰਾਨ ਤਿੰਨ ਮੁਲਜ਼ਮਾਂ ਨੂੰ ਗ੍ਰਿਫਤਾਰ ਕਰ ਲਿਆ ਗਿਆ, ਜਦਕਿ ਦੋ ਹੋਰਾਂ ਨੂੰ ਬਾਅਦ ਵਿਚ ਗ੍ਰਿਫਤਾਰ ਕੀਤਾ ਗਿਆ, ਜਿਸ ਨਾਲ ਇਸ ਮਾਮਲੇ ਵਿਚ ਗ੍ਰਿਫਤਾਰ ਕੀਤੇ ਗਏ ਲੋਕਾਂ ਦੀ ਕੁੱਲ ਸੰਖਿਆ ਪੰਜ ਹੋ ਗਈ ਹੈ।

ਜ਼ਿਕਰਯੋਗ ਹੈ ਕਿ ਪਲਾਸਟਿਕ ਦਾਣਾ ਨਿਰਮਾਤਾ ਵੈਭਵ ਗਾਂਧੀ ਦੀ 9 ਫਰਵਰੀ ਨੂੰ ਦੁਪਹਿਰ ਕਰੀਬ 12:50 ਵਜੇ ਡੀ.ਐੱਸ.ਆਈ.ਡੀ.ਸੀ. ਉਦਯੋਗਿਕ ਖੇਤਰ ਦੇ ਸੈਕਟਰ ਚਾਰ ਵਿਚ ਸਥਿਤ ਉਨ੍ਹਾਂ ਦਾ ਫੈਕਟਰੀ ਨੇੜੇ ਗੋਲੀ ਮਾਰ ਕੇ ਕਤਲ ਕਰ ਦਿੱਤਾ ਗਿਆ ਸੀ।

ਜਾਂਚਕਰਤਾਵਾਂ ਨੇ ਦੱਸਿਆ ਸੀ ਕਿ ਹਮਲੇ ਵਿਚ ਚਾਰ ਲੋਕ ਸ਼ਾਮਲ ਸਨ। ਹਮਲਾਵਰਾਂ ਨੇ ਕਥਿਤ ਤੌਰ 'ਤੇ ਪਹਿਲਾਂ ਪੀੜਤ ਦੀ ਕਾਰ ਦੀਆਂ ਚਾਬੀਆਂ ਖੋਹਣ ਦੀ ਕੋਸ਼ਿਸ਼ ਕੀਤੀ ਅਤੇ ਜਦੋਂ ਉਸ ਨੇ ਵਿਰੋਧ ਕੀਤਾ, ਤਾਂ ਉਸ ਦਾ ਲੈਪਟਾਪ ਬੈਗ ਜ਼ਬਰਦਸਤੀ ਖੋਹ ਲਿਆ ਅਤੇ ਫਿਰ ਉਸ ਨੂੰ ਨੇੜਿਓਂ ਗੋਲੀ ਮਾਰ ਦਿੱਤੀ। ਘਟਨਾ ਤੋਂ ਬਾਅਦ ਪੁਲਿਸ ਨੇ ਗਾਂਧੀ ਦੀ ਕਾਰ ਵਿਚੋਂ ਕਰੀਬ ਇੱਕ ਕਰੋੜ ਰੁਪਏ ਵੀ ਬਰਾਮਦ ਕੀਤੇ ਸਨ।

ਕਤਲ ਤੋਂ ਇੱਕ ਦਿਨ ਬਾਅਦ, ਲਾਰੈਂਸ ਬਿਸ਼ਨੋਈ ਗਿਰੋਹ ਦੇ ਨਾਮ 'ਤੇ ਕਥਿਤ ਤੌਰ 'ਤੇ ਜਾਰੀ ਇੱਕ ਸੋਸ਼ਲ ਮੀਡੀਆ ਪੋਸਟ ਵਿਚ ਕਤਲ ਦੀ ਜ਼ਿੰਮੇਵਾਰੀ ਲਈ ਗਈ। 'ਰਣਦੀਪ ਮਲਿਕ ਅਨਿਲ ਪੰਡਿਤ' ਨਾਮ ਦੇ ਇੱਕ ਅਕਾਊਂਟ ਤੋਂ ਕੀਤੀ ਗਈ ਇਸ ਪੋਸਟ ਵਿਚ ਦਾਅਵਾ ਕੀਤਾ ਗਿਆ ਕਿ ਕਤਲ ਲਾਰੈਂਸ ਬਿਸ਼ਨੋਈ, ਜਤਿੰਦਰ ਗੋਗੀ ਮਾਨ, ਹਾਸ਼ਿਮ ਬਾਬਾ ਅਤੇ ਕਾਲਾ ਰਾਣਾ ਸਮੇਤ ਕਈ ਗਿਰੋਹਾਂ ਵੱਲੋਂ ਕੀਤਾ ਗਿਆ ਸੀ।

ਪੁਲਿਸ ਨੇ ਦੱਸਿਆ ਕਿ ਪੋਸਟ ਵਿਚ ਦੋਸ਼ ਲਗਾਇਆ ਗਿਆ ਸੀ ਕਿ ਗਾਂਧੀ ਗਿਰੋਹ ਦੀਆਂ ਗਤੀਵਿਧੀਆਂ ਵਿਚ ਦਖਲ ਦੇ ਰਹੇ ਸਨ ਅਤੇ ਉਨ੍ਹਾਂ ਦੇ ਕੰਮ ਵਿਚ ਰੁਕਾਵਟ ਪਾਉਣ ਵਾਲੇ ਕਿਸੇ ਵੀ ਵਿਅਕਤੀ ਨੂੰ ਇਸੇ ਤਰ੍ਹਾਂ ਦੇ ਨਤੀਜਿਆਂ ਦੀ ਚਿਤਾਵਨੀ ਦਿੱਤੀ ਗਈ ਸੀ।

**ਗੋਲੀਬਾਰੀ ਦੌਰਾਨ ਇੱਕ ਮੁਲਜ਼ਮ ਦੀ ਲੱਤ ਵਿਚ ਗੋਲੀ ਲੱਗੀ**


## Editorial Board

**Chief Editor**
Gurjatinder S. Randhawa

**Distributor**
Jai Singh

**Website**
Madhu Shardha

**Sub Editors**
Sandeep Kumar
Amit
Ishu Hallan
Vijay
Surbhi Sharma
Ranjit Singh

**Punjab Mail USA**
9883 Novara Way,
Elk Grove, CA 95757
Ph: 916-320-9444
Email : punjabmailusa@yahoo.com
Web : www.punjabmailusa.com
App : Punjab Mail USA
Youtube : Punjab Mail USA
Facebook : Punjab Mail USA


Punjab Mail USA News Paper and Staff Associated with. it are not responsible for any claims made by the advertisers and do not endorse any product or advertised in the Punjab Mail. All concerns are advised to Consult the Attorney at Law. All Disputes to Sacramento Jurisdiction. ਲੇਖਕ ਦੇ ਵਿਚਾਰਾਂ ਨਾਲ ਪੰਜਾਬ ਮੇਲ ਦੇ ਸੰਪਾਦਕ ਅਤੇ ਇਸ ਦੇ ਸਟਾਫ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ।

# ਤਾਰਿਕ ਰਹਿਮਾਨ ਨੇ ਬੰਗਲਾਦੇਸ਼ ਦੇ ਨਵੇਂ ਪ੍ਰਧਾਨ ਮੰਤਰੀ ਵਜੋਂ ਲਿਆ ਹਲਫ਼

## ਭਾਰਤ ਵੱਲੋਂ ਲੋਕ ਸਭਾ ਸਪੀਕਰ ਓਮ ਬਿਰਲਾ ਸਮਾਗਮ 'ਚ ਹੋਏ ਸ਼ਾਮਲ

**ਢਾਕਾ, (ਪੰਜਾਬ ਮੇਲ)-** ਤਾਰਿਕ ਰਹਿਮਾਨ ਨੇ ਬੰਗਲਾਦੇਸ਼ ਦੇ ਨਵੇਂ ਪ੍ਰਧਾਨ ਮੰਤਰੀ ਵਜੋਂ ਹਲਫ਼ ਲਿਆ। ਰਹਿਮਾਨ ਸਰਕਾਰ ਦੇ ਹੋਂਦ ਵਿਚ ਆਉਣ ਨਾਲ ਮੁਹੰਮਦ ਯੂਨਸ ਦੀ ਅਗਵਾਈ ਵਾਲੀ 18 ਮਹੀਨੇ ਪੁਰਾਣੀ ਅੰਤਰਿਮ ਸਰਕਾਰ ਦਾ ਭੋਗ ਪੈ ਗਿਆ, ਜਿਸ ਨੇ ਅਗਸਤ 2024 ਵਿਚ ਸ਼ੇਖ ਹਸੀਨਾ ਸਰਕਾਰ ਡਿੱਗਣ ਮਗਰੋਂ ਮੁਲਕ ਦੀ ਕਮਾਨ ਸੰਭਾਲੀ ਸੀ।

ਰਾਸ਼ਟਰਪਤੀ ਮੁਹੰਮਦ ਸ਼ਹਾਬੂਦੀਨ ਨੇ 60 ਸਾਲਾ ਰਹਿਮਾਨ ਨੂੰ ਪੁਰਾਣੀ ਰਵਾਇਤ ਦੇ ਉਲਟ ਬੰਗਾਭਵਨ ਦੀ ਥਾਂ ਜਾਤੀਆ ਸੰਸਦ ਦੇ ਸਾਊਥ ਪਲਾਜ਼ਾ ਵਿਚ ਅਹੁਦੇ ਦਾ ਹਲਫ਼ ਦਿਵਾਇਆ। ਸਾਬਕਾ ਪ੍ਰਧਾਨ ਮੰਤਰੀ ਖਾਲਿਦਾ ਜ਼ਿਆ ਤੇ ਮਰਹੂਮ ਰਾਸ਼ਟਰਪਤੀ ਜ਼ਿਆ ਉਰ ਰਹਿਮਾਨ ਦੇ ਪੁੱਤਰ ਰਹਿਮਾਨ ਦੀ ਦੋ ਮਹੀਨੇ ਪਹਿਲਾਂ ਦੇਸ਼ ਵਿਚ ਵਾਪਸੀ ਹੋਈ ਹੈ। ਉਸ ਨੇ 17 ਸਾਲ ਲੰਡਨ ਵਿਚ ਸਵੈ-ਜਲਾਵਤਨੀ ਹੰਢਾਈ। ਇਸ ਤੋਂ ਪਹਿਲਾਂ ਰਹਿਮਾਨ ਨੂੰ ਬੰਗਲਾਦੇਸ਼ ਨੈਸ਼ਨਲਿਸਟ ਪਾਰਟੀ (ਬੀ.ਐੱਨ.ਪੀ.) ਦੇ ਕਾਨੂੰਨਘਾੜਿਆਂ ਵੱਲੋਂ ਸੰਸਦੀ ਦਲ ਦਾ ਆਗੂ ਚੁਣਿਆ ਗਿਆ।


*ਰਾਸ਼ਟਰਪਤੀ ਮੁਹੰਮਦ ਸ਼ਹਾਬੂਦੀਨ ਸੰਸਦ ਦੇ ਸਾਊਥ ਪਲਾਜ਼ਾ 'ਚ ਤਾਰਿਕ ਰਹਿਮਾਨ ਨੂੰ ਪ੍ਰਧਾਨ ਮੰਤਰੀ ਦਾ ਹਲਫ਼ ਦਿਵਾਉਂਦੇ ਹੋਏ।*

ਰਾਸ਼ਟਰਪਤੀ ਸ਼ਹਾਬੂਦੀਨ ਨੇ ਹਲਫ਼ਦਾਰੀ ਸਮਾਗਮ ਦੌਰਾਨ ਕੈਬਨਿਟ ਦੇ ਨਵੇਂ ਮੈਂਬਰਾਂ ਨੂੰ ਵੀ ਸਹੁੰ ਚੁਕਾਈ। ਸਮਾਗਮ ਵਿਚ ਭਾਰਤ ਤੇ ਪਾਕਿਸਤਾਨ ਸਣੇ ਗੁਆਂਢੀ ਮੁਲਕਾਂ ਦੇ ਕਈ ਆਗੂ ਸ਼ਾਮਲ ਹੋਏ। ਭਾਰਤ ਦੀ ਨੁਮਾਇੰਦਗੀ ਲੋਕ ਸਭਾ ਸਪੀਕਰ ਓਮ ਬਿਰਲਾ ਨੇ ਕੀਤੀ। ਇਸ ਮੌਕੇ ਵਿਦੇਸ਼ ਸਕੱਤਰ ਵਿਕਰਮ ਮਿਸਰੀ ਵੀ ਉਨ੍ਹਾਂ ਨਾਲ ਮੌਜੂਦ ਸਨ। ਬੀ.ਐੱਨ.ਪੀ. ਨੇ ਪਿਛਲੇ ਦਿਨੀਂ ਆਮ ਚੋਣਾਂ ਵਿਚ 297 'ਚੋਂ 209 ਸੀਟਾਂ 'ਤੇ ਜਿੱਤ ਦਰਜ ਕੀਤੀ ਸੀ; ਸੱਜੇ ਪੱਖੀ ਜਮਾਤ-ਏ-ਇਸਲਾਮੀ ਦੀ ਝੋਲੀ 68 ਸੀਟਾਂ ਪਈਆਂ ਸਨ।

ਰੋਜ਼ਾਨਾਂ ਤਾਜ਼ੀਆਂ ਖ਼ਬਰਾਂ ਪੜ੍ਹਨ ਲਈ ਪੰਜਾਬ ਮੇਲ ਦੀ ਵੈੱਬਸਾਇਟ 'ਤੇ ਕਲਿੱਕ ਕਰੋ : www.punjabmailusa.com

# ਕਾਲਾ ਹਿਰਨ ਸ਼ਿਕਾਰ ਮਾਮਲਾ: ਜੱਜ ਵੱਲੋਂ ਕੇਸ ਦੀ ਸੁਣਵਾਈ ਤੋਂ ਇਨਕਾਰ

**ਜੋਧਪੁਰ, (ਪੰਜਾਬ ਮੇਲ)-** ਬਾਲੀਵੁੱਡ ਅਦਾਕਾਰ ਸਲਮਾਨ ਖਾਨ ਨਾਲ ਜੁੜੇ ਕਾਲੇ ਹਿਰਨ ਦੇ ਸ਼ਿਕਾਰ ਵਾਲੇ ਬਹੁਚਰਚਿਤ ਮਾਮਲੇ ਦੀ ਸੁਣਵਾਈ ਇਕ ਵਾਰ ਫਿਰ ਟੱਲ ਗਈ ਹੈ। ਸੋਮਵਾਰ ਨੂੰ ਰਾਜਸਥਾਨ ਹਾਈ ਕੋਰਟ ਦੇ ਜੋਧਪੁਰ ਬੈਂਚ ਵਿਚ ਇਸ ਮਾਮਲੇ ਦੀ ਸੁਣਵਾਈ ਹੋਣੀ ਸੀ, ਪਰ ਜਸਟਿਸ ਸੰਧੂ ਨੇ ਕੇਸ ਦੀ ਸੁਣਵਾਈ ਤੋਂ ਇਨਕਾਰ ਕਰਦਿਆਂ ਇਸ ਨੂੰ ਕਿਸੇ ਹੋਰ ਬੈਂਚ ਕੋਲ ਭੇਜਣ ਦੇ ਨਿਰਦੇਸ਼ ਦਿੱਤੇ ਹਨ।

ਇਹ ਮਾਮਲਾ ਸਾਲ 1998 ਦਾ ਹੈ, ਜਦੋਂ ਫਿਲਮ 'ਹਮ ਸਾਥ ਸਾਥ ਹੈਂ' ਦੀ ਸ਼ੂਟਿੰਗ ਦੌਰਾਨ ਜੋਧਪੁਰ ਦੇ ਕਾਂਕਣੀ ਪਿੰਡ ਵਿਚ ਦੋ ਕਾਲੇ ਹਿਰਨਾਂ ਦਾ ਸ਼ਿਕਾਰ ਕੀਤਾ ਗਿਆ ਸੀ। ਇਸ ਮਾਮਲੇ ਵਿਚ ਟਰਾਇਲ ਕੋਰਟ ਨੇ 5 ਅਪ੍ਰੈਲ 2018 ਨੂੰ ਸਲਮਾਨ ਖਾਨ ਨੂੰ ਪੰਜ ਸਾਲ ਦੀ ਸਜ਼ਾ ਸੁਣਾਈ ਸੀ, ਜਦੋਂ ਕਿ ਸਹਿ-ਮੁਲਜ਼ਮ ਸੈਫ ਅਲੀ ਖਾਨ, ਸੋਨਾਲੀ ਬੇਂਦਰੇ, ਤਬੂ, ਨੀਲਮ ਅਤੇ ਇੱਕ ਸਥਾਨਕ ਨਿਵਾਸੀ ਦੁਸ਼ਯੰਤ ਸਿੰਘ ਨੂੰ ਬਰੀ ਕਰ ਦਿੱਤਾ ਗਿਆ ਸੀ।

ਸਲਮਾਨ ਖਾਨ ਨੇ ਆਪਣੀ ਸਜ਼ਾ ਨੂੰ ਸੈਸ਼ਨ ਕੋਰਟ ਵਿਚ ਚੁਣੌਤੀ ਦਿੱਤੀ ਸੀ, ਜਦਕਿ ਰਾਜ ਸਰਕਾਰ ਨੇ ਦੂਜੇ ਮੁਲਜ਼ਮਾਂ ਨੂੰ ਬਰੀ ਕੀਤੇ ਜਾਣ ਖਿਲਾਫ ਹਾਈ ਕੋਰਟ ਵਿਚ 'ਲੀਵ ਟੂ ਅਪੀਲ' ਦਾਇਰ ਕੀਤੀ ਸੀ। ਸਲਮਾਨ ਦੇ ਵਕੀਲ ਨੇ ਹਾਈ ਕੋਰਟ ਵਿਚ ਇੱਕ ਤਬਦੀਲੀ ਪਟੀਸ਼ਨ ਦਾਇਰ ਕਰਕੇ ਬੇਨਤੀ ਕੀਤੀ ਸੀ ਕਿ ਉਸ ਦੀ ਅਪੀਲ ਨੂੰ ਰਾਜ ਸਰਕਾਰ ਦੀ ਅਪੀਲ ਨਾਲ ਜੋੜ ਕੇ ਸਾਂਝੀ ਸੁਣਵਾਈ ਕੀਤੀ ਜਾਵੇ ਕਿਉਂਕਿ ਦੋਵੇਂ ਪਟੀਸ਼ਨਾਂ ਇੱਕੋ ਮਾਮਲੇ ਨਾਲ ਸਬੰਧਤ ਹਨ। ਸਰਕਾਰੀ ਵਕੀਲ ਮਹੀਪਾਲ ਬਿਸ਼ਨੋਈ ਅਨੁਸਾਰ, ਅਦਾਲਤ ਨੇ ਜੁਲਾਈ 2025 ਵਿਚ ਸਲਮਾਨ ਦੀ ਪਟੀਸ਼ਨ ਨੂੰ ਸੈਸ਼ਨ ਕੋਰਟ ਤੋਂ ਹਾਈ ਕੋਰਟ ਵਿਚ ਤਬਦੀਲ ਕਰਨ ਅਤੇ ਸਾਂਝੀ ਸੁਣਵਾਈ ਕਰਨ ਦੇ ਹੁਕਮ ਦਿੱਤੇ ਸਨ। ਹੁਣ ਜਸਟਿਸ ਸੰਧੂ ਦੇ ਸੁਣਵਾਈ ਤੋਂ ਹਟਣ ਤੋਂ ਬਾਅਦ, ਇਹ ਮਾਮਲਾ ਨਵੀਂ ਬੈਂਚ ਸਾਹਮਣੇ ਪੇਸ਼ ਕੀਤਾ ਜਾਵੇਗਾ।

# ਅੱਧੇ ਪਾਕਿਸਤਾਨੀ ਭਾਰਤ ਨਾਲ ਵਪਾਰਕ ਸੰਬੰਧਾਂ ਨੂੰ ਵਧਾਉਣ ਦੇ ਹੱਕ 'ਚ : ਸਰਵੇਖਣ

**ਅੰਮ੍ਰਿਤਸਰ, (ਪੰਜਾਬ ਮੇਲ)-** ਪਾਕਿਸਤਾਨ ਦੇ ਇਕ ਪ੍ਰਸਿੱਧ ਅੰਗਰੇਜ਼ੀ ਤੇ ਉਰਦੂ ਅਖ਼ਬਾਰ ਸਮੂਹ ਦੀ ਸਰਵੇਖਣ ਰਿਪੋਰਟ ਅਨੁਸਾਰ ਲਗਭਗ ਅੱਧੇ ਪਾਕਿਸਤਾਨੀ ਜੰਗਬੰਦੀ ਤੋਂ ਬਾਅਦ ਸੰਬੰਧਾਂ ਨੂੰ ਆਮ ਬਣਾਉਣ ਲਈ ਭਾਰਤ ਨਾਲ ਵਪਾਰਕ ਸੰਬੰਧਾਂ ਨੂੰ ਵਧਾਉਣ ਦੇ ਹੱਕ 'ਚ ਹਨ। ਹਾਲਾਂਕਿ, 35 ਫ਼ੀਸਦੀ ਪਾਕਿਸਤਾਨੀ ਇਸ ਪ੍ਰਸਤਾਵ ਦਾ ਵਿਰੋਧ ਕਰਦੇ ਹਨ ਅਤੇ ਮੰਗ ਕਰ ਰਹੇ ਹਨ ਕਿ ਵਪਾਰ ਸ਼ੁਰੂ ਕਰਨ ਤੋਂ ਪਹਿਲਾਂ ਸਾਰੇ ਬਕਾਇਆ ਮੁੱਦਿਆਂ ਨੂੰ ਹੱਲ ਕੀਤਾ ਜਾਵੇ। ਇਨ੍ਹਾਂ 'ਚ ਕਸ਼ਮੀਰ ਅਤੇ ਸਿੰਧੂ ਜਲ ਸੰਧੀ ਦਾ ਮੁੱਦਾ ਮੁੱਖ ਹੈ। ਦਾਅਵਾ ਕੀਤਾ ਜਾ ਰਿਹਾ ਹੈ ਕਿ ਇਸ ਸਰਵੇਖਣ 'ਚ ਪਾਕਿ ਦੇ ਵੱਖ-ਵੱਖ ਸ਼ਹਿਰਾਂ ਤੋਂ ਚੁਣੇ ਗਏ ਸੈਂਕੜੇ ਕਾਰੋਬਾਰੀਆਂ, ਵਿਦਵਾਨਾਂ, ਪੱਤਰਕਾਰਾਂ, ਵਕੀਲਾਂ ਅਤੇ ਸਮਾਜਿਕ ਕਾਰਕੁੰਨਾਂ ਨੇ ਹਿੱਸਾ ਲਿਆ।



ਸਰਵੇਖਣ ਦੀ ਰਿਪੋਰਟ ਅਨੁਸਾਰ ਭਾਰਤ ਨਾਲ ਸੰਬੰਧਾਂ ਨੂੰ ਆਮ ਬਣਾਉਣ ਲਈ ਕਿਹੜੇ ਕਦਮ ਚੁੱਕੇ ਜਾਣੇ ਚਾਹੀਦੇ ਹਨ, ਇਸ ਸਵਾਲ ਦੇ ਜਵਾਬ 'ਚ 48 ਫ਼ੀਸਦੀ ਪਾਕਿਸਤਾਨੀਆਂ ਨੇ ਖੇਡਾਂ ਦੇ ਖੇਤਰ 'ਚ ਸਹਿਯੋਗ ਵਧਾਉਣ ਦਾ ਸਮਰਥਨ ਕੀਤਾ ਹੈ, 35 ਫ਼ੀਸਦੀ ਨੇ ਇਸ ਦਾ ਵਿਰੋਧ ਕੀਤਾ ਹੈ, 44 ਫ਼ੀਸਦੀ ਪਾਕਿਸਤਾਨੀਆਂ ਨੇ ਕਿਹਾ ਕਿ ਸਿੱਖਿਆ ਦੇ ਖੇਤਰ 'ਚ ਸਹਿਯੋਗ ਵਧਾਇਆ ਜਾਣਾ ਚਾਹੀਦਾ ਹੈ, ਜਦਕਿ 36 ਫ਼ੀਸਦੀ ਨੇ ਇਸ ਪ੍ਰਸਤਾਵ ਨੂੰ ਰੱਦ ਕਰ ਦਿੱਤਾ। 40 ਫ਼ੀਸਦੀ ਨੇ ਸੱਭਿਆਚਾਰਕ ਸੰਬੰਧਾਂ ਨੂੰ ਵਧਾਉਣ ਲਈ ਵੋਟ ਦਿੱਤੀ, ਜਦਕਿ 35 ਫ਼ੀਸਦੀ ਨੇ ਖੁੱਲ੍ਹ ਕੇ ਇਸ ਪ੍ਰਸਤਾਵ ਦਾ ਵਿਰੋਧ ਕੀਤਾ।

ਸਰਵੇਖਣ ਦੀ ਰਿਪੋਰਟ ਮੁਤਾਬਕ ਇਸ ਸਵਾਲ ਦੇ ਜਵਾਬ 'ਚ ਕਿ ਜੇਕਰ ਤੁਸੀਂ 1947 'ਚ ਹੁੰਦੇ ਤਾਂ ਕੀ ਤੁਸੀਂ ਭਾਰਤ ਤੋਂ ਵੱਖ ਹੋਣ ਦੇ ਹੱਕ ਵਿਚ ਹੁੰਦੇ? ਇਸ 'ਤੇ 36 ਫ਼ੀਸਦੀ ਨੇ ਕਿਹਾ ਕਿ ਉਹ ਭਾਰਤ ਤੋਂ ਵੱਖ ਹੋਣ ਦੇ ਹੱਕ 'ਚ ਵੋਟ ਪਾਉਂਦੇ, ਜਦਕਿ 30 ਫ਼ੀਸਦੀ ਨੇ ਕਿਹਾ ਕਿ ਉਹ ਇਸ ਦਾ ਵਿਰੋਧ ਕਰਦੇ ਅਤੇ 7 ਫ਼ੀਸਦੀ ਨੇ ਕਿਹਾ ਕਿ ਉਹ ਇਸ ਬਾਰੇ ਕੁਝ ਨਹੀਂ ਕਹਿ ਸਕਦੇ, ਜਦੋਂਕਿ 4 ਫ਼ੀਸਦੀ ਨੇ ਕੋਈ ਰਾਏ ਨਹੀਂ ਦਿੱਤੀ।

ਰੋਜ਼ਾਨਾਂ ਤਾਜ਼ੀਆਂ ਖ਼ਬਰਾਂ ਪੜ੍ਹਨ ਲਈ ਪੰਜਾਬ ਮੇਲ ਦੀ ਵੈੱਬਸਾਇਟ 'ਤੇ ਕਲਿੱਕ ਕਰੋ : www.punjabmailusa.com

ਵਕਤ ਬਦਲ ਚੁੱਕਾ ਹੈ, ਵਕਤ ਦੇ ਨਾਲ ਬਦਲ ਚੁੱਕੇ ਨੇ Entertainment ਦੇ ਸਾਧਨ ਵੀ
e-Baba Entertainment App ਨੂੰ Download ਕਰ।




ਹੁਣ ਕਿਸੇ ਵੀ Company ਦੇ ਬਣੇ Android TV 'ਚ eBaba App ਡਾਊਨਲੋਡ ਕਰੋ ਜਾਂ ਸਮਾਰਟ TV ਦੀ HDMI Port 'ਚ Google TV Dongle ਲਾਵੋ ਤੇ eBaba ਡਾਊਨਲੋਡ ਕਰਕੇ ਰਿਮੋਟ ਦੀ ਵਰਤੋਂ ਰਾਹੀਂ, ਵੱਡੀ TV Screen ਉਤੇ ਬਹੁਤ ਸਾਰੇ English, Punjabi, Hindi ਅਤੇ Urdu ਦੇ TV Channel ਫ੍ਰੀ 'ਚ ਵੇਖੋ ਅਤੇ ਰੇਡੀਓ 'ਚ ਸੁਣ, also eBaba Entertainment App available for your ਸਮਾਰਟ phone on app store and Play store.

Cast Dongle ਦੀ ਮਦਦ ਨਾਲ ਆਪਣੀ ਪਸੰਦੀਦਾ TV Channel ਜਾਂ Movies ਆਪਣੇ TV 'ਤੇ ਵੀ ਦੇਖ ਸਕਦੇ ਹੋ ਅਤੇ Drive ਕਰਦੇ ਵੇਲੇ Bluetooth ਨਾਲ ਰੇਡਿਓ ਵੀ ਸੁਣ ਸਕਦੇ ਹੋ।

ਇਸ ਲਈ ਜਲਦੀ ਤੋਂ ਜਲਦੀ ਇਹ App Download ਕਰੋ ਅਤੇ ਆਪਣੇ ਦੋਸਤਾਂ ਨਾਲ ਵੀ ਇਹ ਜਾਣਕਾਰੀ Share ਕਰੋ।
SHARE NOW WITH YOUR FAMILY & FRIENDS
eBaba ENTERTAINMENT APP AVAILABLE ON IOS APP STORE & GOOGLE PLAY STORE

ਖੁਸ਼ਖਬਰੀ
Dr. Bindra Clinic
Dental Care & Hair Transplant
COSMETIC - IMPLANT - RESTORATIVE
ਐੱਨ.ਆਰ.ਆਈ. ਵੀਰ ਜਦੋਂ ਵੀ ਪੰਜਾਬ ਆਉਣ ਤਾਂ ਵਾਜ਼ਿਬ ਰੇਟਾਂ 'ਤੇ ਆਪਣੇ ਦੰਦਾਂ ਦਾ ਇਲਾਜ ਅਤੇ ਹੇਅਰ ਟਰਾਂਸਪਲਾਂਟ ਕਰਾਓ।
Dr. Simranpal Singh Bindra
M.D.S, Endodontist
HIG Flat No. 4, Ground Floor, Rajguru Nagar, Ludhiana
+91-95420-00009, 87109-00001
dr.simranpalsingh@yahoo.in
Dr. Samarpan Kaur
B.D.S, M.H.M

CAPITAL SERVICES
INSURANCE | VEHICLE REG. | IMMIGRATION | NOTARY PUBLIC | LIVE SCAN
ਸੈਕਰਾਮੈਂਟੋ, ਕੈਲੀਫੋਰਨੀਆ
AUTO - HOME - TRUCK - BUSINESS - LIFE - MEDICAL
ਪਾਸਪੋਰਟ / ਵੀਜ਼ਾ
* ਓ ਸੀ ਆਈ
* ਸਰੰਡਰ ਸਰਟੀਫਿਕੇਟ, ਪੈਨ ਕਾਰਡ
* ਫੈਮਲੀ ਪਟੀਸ਼ਨ * ਗਰੀਨ ਕਾਰਡ
* ਸਿਟੀਜਨ * ਵਸੀਅਤ *Living Trust
* ਫੈਮਲੀ ਪਟੀਸ਼ਨ *Legal Documents
The Attorney has 25 years of experience in your favor for all legal services
Vehicle Registration (Approved by CA DMV)
* ਕਾਰ ਸਟਿੱਕਰ ਸਲਾਨਾ
* ਕਾਰ ਟਰਾਂਸਫਰ
* ਪਲੇਟਾਂ ਤੇ ਸਟਿੱਕਰ
* ਕਮਰਸ਼ੀਅਲ ਵਹੀਕਲ
* Vin Verification
Lic.43779
Other Services
* Live Scan / Fingerprints
* Covered California.
* Drug Testing * Alcohol Test
* Notary Services
* International Driver Lic.
Lic. 6000947
Office Ph.(916) 427-4321
6624 FLORIN ROAD, SACRAMENTO CA, 95828
FAX: 916)258-0441, Cell: (916)308-7997
Email: sacramento99@yahoo.com Website: www.capitalservices.us

Capital DRUG TESTING
CAPITAL DRUG TESTING
Drug and Alcohol Test
DOT / NON DOT
PRE EMPLOYMENT - RANDOM
POST ACCIDENT - REASONABLE SUSPICION
Services: DOT Random Prog., FMCSA Clearinghouse, DOT Supervisor Training, SAP Classes Etc.
Lab. Ph:(916) 680-9293
6624 Florin Road
Sacramento CA, 95828
Email: capitaldrugtest@gmail.com
Website: www.capitaldrugtest.com

# ਅਮਰੀਕੀ ਸਦਨ ਨੇ ਟਰੰਪ ਦੇ ਕੈਨੇਡਾ ਟੈਰਿਫ ਵਿਰੁੱਧ ਪਾਈ ਵੋਟ

**■ ਰਾਸ਼ਟਰਪਤੀ ਦੇ 'ਫੈਂਟਾਨਿਲ ਐਮਰਜੈਂਸੀ' ਟੈਰਿਫਾਂ ਨੂੰ ਖਤਮ ਕਰਨ ਦੇ ਮਤੇ 'ਚ 6 ਰਿਪਬਲਿਕਨ ਡੈਮੋਕਰੇਟਸ ਦੇ ਨਾਲ ਆਏ**



ਵਾਸ਼ਿੰਗਟਨ, (ਪੰਜਾਬ ਮੇਲ)- ਅਮਰੀਕੀ ਪ੍ਰਤੀਨਿਧੀ ਸਭਾ (ਯੂ.ਐੱਸ. ਹਾਊਸ ਆਫ ਰੀਪ੍ਰੈਜ਼ੈਂਟੇਵਿਟਸ) ਨੇ ਰਾਸ਼ਟਰਪਤੀ ਡੋਨਾਲਡ ਟਰੰਪ ਵੱਲੋਂ ਕੈਨੇਡੀਅਨ ਵਸਤੂਆਂ 'ਤੇ ਲਗਾਏ ਗਏ ਟੈਰਿਫਾਂ ਨੂੰ ਰੱਦ ਕਰਨ ਦੇ ਪੱਖ ਵਿਚ ਵੋਟ ਦਿੱਤੀ ਹੈ। ਇਹ ਕਦਮ ਟਰੰਪ ਦੀਆਂ ਵਪਾਰਕ ਨੀਤੀਆਂ ਲਈ ਇਕ ਵੱਡੀ ਚੁਣੌਤੀ ਮੰਨਿਆ ਜਾ ਰਿਹਾ ਹੈ। ਅਮਰੀਕੀ ਪ੍ਰਤੀਨਿਧੀ ਸਭਾ ਨੇ ਰਾਸ਼ਟਰਪਤੀ ਡੋਨਾਲਡ ਟਰੰਪ ਵੱਲੋਂ ਕੈਨੇਡੀਅਨ ਵਸਤੂਆਂ 'ਤੇ ਲਾਏ ਗਏ ਟੈਰਿਫਾਂ ਦੇ ਵਿਰੁੱਧ ਇਕ ਮਤਾ ਪਾਸ ਕੀਤਾ ਹੈ। ਇਸ ਨੂੰ ਆਪਣੇ ਉੱਤਰੀ ਗੁਆਂਢੀ ਦੇਸ਼ ਨਾਲ 'ਵਪਾਰ ਯੁੱਧ' (ਟਰੇਡ ਵਾਰ) ਸ਼ੁਰੂ ਕਰਨ ਵਾਲੀ ਟਰੰਪ ਸਰਕਾਰ ਲਈ ਇਕ ਕਰਾਰਾ ਝਟਕਾ ਮੰਨਿਆ ਜਾ ਰਿਹਾ ਹੈ।

ਸਦਨ ਵਿਚ ਉਸ ਰਾਸ਼ਟਰੀ ਐਮਰਜੈਂਸੀ ਨੂੰ ਖਤਮ ਕਰਨ ਲਈ 219-211 ਦੇ ਫਰਕ ਨਾਲ ਵੋਟਿੰਗ ਹੋਈ, ਜਿਸ ਨੂੰ ਟਰੰਪ ਨੇ ਫਰਵਰੀ 2025 ਵਿਚ ਲਾਗੂ ਕੀਤਾ ਸੀ। ਇਸੇ ਐਮਰਜੈਂਸੀ ਰਾਹੀਂ ਉਨ੍ਹਾਂ ਨੇ ਕੈਨੇਡਾ ਤੋਂ ਦਰਾਮਦ ਹੋਣ ਵਾਲੀਆਂ ਕਈ ਵਸਤੂਆਂ 'ਤੇ ਟੈਰਿਫ ਲਗਾਉਣ ਦੀ ਸ਼ਕਤੀ ਪ੍ਰਾਪਤ ਕੀਤੀ ਸੀ। ਵ੍ਹਾਈਟ ਹਾਊਸ ਦੇ ਵਿਰੋਧ ਦੇ ਬਾਵਜੂਦ ਛੇ ਰਿਪਬਲਿਕਨਾਂ ਨੇ ਪਾਰਟੀ ਲਾਈਨ ਤੋਂ ਹਟ ਕੇ ਇਸ ਕਦਮ ਦਾ ਸਮਰਥਨ ਕਰਨ ਲਈ ਡੈਮੋਕਰੇਟਸ ਦਾ ਸਾਥ ਦਿੱਤਾ।

ਟਰੰਪ ਦੇ ਐਮਰਜੈਂਸੀ ਐਲਾਨ, ਜਿਸ ਵਿਚ ਕਿਹਾ ਗਿਆ ਹੈ ਕਿ ਸਰਹੱਦ ਪਾਰ ਫੈਂਟਾਨਿਲ ਸਮੱਗਲਿੰਗ ਨੂੰ ਰੋਕਣ ਵਿਚ ਕੈਨੇਡਾ ਦੀ 'ਅਸਫਲਤਾ' ਨੇ ਅਮਰੀਕੀ ਰਾਸ਼ਟਰੀ ਸੁਰੱਖਿਆ ਲਈ ਇਕ 'ਅਸਾਧਾਰਨ ਅਤੇ ਗੰਭੀਰ ਖਤਰਾ' ਪੈਦਾ ਕੀਤਾ ਹੈ, ਉਨ੍ਹਾਂ 35 ਫੀਸਦੀ ਟੈਰਿਫਾਂ ਦਾ ਮੁੱਖ ਆਧਾਰ ਹੈ, ਜੋ ਵਰਤਮਾਨ ਵਿਚ ਉਨ੍ਹਾਂ ਕੈਨੇਡੀਅਨ ਵਸਤੂਆਂ 'ਤੇ ਲਗਾਏ ਗਏ ਹਨ, ਜੋ ਕੈਨੇਡਾ-ਅਮਰੀਕਾ-ਮੈਕਸੀਕੋ ਸਮਝੌਤੇ ਤਹਿਤ ਛੋਟ ਦੇ ਯੋਗ ਨਹੀਂ ਹਨ।

ਕਾਂਗਰਸ ਕੋਲ ਰਾਸ਼ਟਰਪਤੀ ਵੱਲੋਂ ਐਲਾਨੀ ਐਮਰਜੈਂਸੀ ਦੀ ਸਮੀਖਿਆ ਕਰਨ ਦਾ ਅਧਿਕਾਰ ਹੈ। ਪਰ ਜੇਕਰ ਇਹ ਮਤਾ ਸੈਨੇਟ ਵਿਚ ਸਾਧਾਰਨ ਬਹੁਮਤ ਨਾਲ ਪਾਸ ਹੋ ਵੀ ਜਾਂਦਾ ਹੈ, ਤਾਂ ਵੀ ਟਰੰਪ ਕੋਲ ਵੀਟੋ ਦੀ ਸ਼ਕਤੀ ਸੁਰੱਖਿਅਤ ਹੈ, ਜਿਸ ਰਾਹੀਂ ਉਹ ਐਮਰਜੈਂਸੀ ਐਲਾਨ ਅਤੇ ਟੈਰਿਫਾਂ ਨੂੰ ਬਰਕਰਾਰ ਰੱਖ ਸਕਦੇ ਹਨ। ਹਾਲਾਂਕਿ, ਪ੍ਰਤੀਨਿਧੀ ਸਭਾ ਦੀ ਵੋਟ ਵਿਚ ਹਾਰਨਾ ਰਾਸ਼ਟਰਪਤੀ ਲਈ ਇਕ ਸਿਆਸੀ ਅਤੇ ਪ੍ਰਤੀਕਾਤਮਕ ਝਟਕਾ ਹੈ, ਜਿਨ੍ਹਾਂ ਨੇ ਟੈਰਿਫਾਂ ਨੂੰ ਆਪਣੇ ਦੂਜੇ ਕਾਰਜਕਾਲ ਦੀ ਆਰਥਿਕ ਨੀਤੀ ਦਾ ਆਧਾਰ-ਸਤੰਭ ਬਣਾਇਆ ਹੈ।

ਜਿਵੇਂ ਹੀ ਵੋਟਿੰਗ ਖਤਮ ਹੋਣ ਵਾਲੀ ਸੀ, ਟਰੰਪ ਨੇ ਸੋਸ਼ਲ ਮੀਡੀਆ ਪੋਸਟ ਰਾਹੀਂ ਬਾਗੀ ਰਿਪਬਲਿਕਨ ਸੰਸਦ ਮੈਂਬਰਾਂ 'ਤੇ ਤਿੱਖਾ ਹਮਲਾ ਕੀਤਾ। ਟਰੰਪ ਨੇ ਲਿਖਿਆ ਕਿ ਪ੍ਰਤੀਨਿਧੀ ਸਭਾ ਜਾਂ ਸੈਨੇਟ ਦਾ ਕੋਈ ਵੀ ਰਿਪਬਲਿਕਨ, ਜੋ ਟੈਰਿਫ ਦੇ ਵਿਰੁੱਧ ਵੋਟ ਪਾਵੇਗਾ, ਉਸ ਨੂੰ ਚੋਣਾਂ ਦੇ ਸਮੇਂ, ਜਿਸ ਵਿਚ 'ਪ੍ਰਾਇਮਰੀ' ਵੀ ਸ਼ਾਮਲ ਹਨ, ਗੰਭੀਰ ਨਤੀਜੇ ਭੁਗਤਣੇ ਪੈਣਗੇ।

ਉਨ੍ਹਾਂ ਅੱਗੇ ਕਿਹਾ ਕਿ ਟੈਰਿਫਾਂ ਨੇ ਸਾਨੂੰ ਆਰਥਿਕ ਅਤੇ ਰਾਸ਼ਟਰੀ ਸੁਰੱਖਿਆ ਦਿੱਤੀ ਹੈ ਅਤੇ ਕਿਸੇ ਵੀ ਰਿਪਬਲਿਕਨ ਨੂੰ ਇਸ ਵਿਸ਼ੇਸ਼ ਅਧਿਕਾਰ ਨੂੰ ਨਸ਼ਟ ਕਰਨ ਲਈ ਜ਼ਿੰਮੇਵਾਰ ਨਹੀਂ ਹੋਣਾ ਚਾਹੀਦਾ।

ਟਰੰਪ ਨੇ ਇਸ ਤੋਂ ਪਹਿਲਾਂ ਵੀ ਉਨ੍ਹਾਂ ਰਿਪਬਲਿਕਨ ਸੰਸਦ ਮੈਂਬਰਾਂ ਦੇ ਸਿਆਸੀ ਵਿਰੋਧੀਆਂ ਦਾ ਸਮਰਥਨ ਕਰਨ ਦੀ ਧਮਕੀ ਦਿੱਤੀ ਹੈ, ਜਿਨ੍ਹਾਂ ਨੇ ਉਨ੍ਹਾਂ ਦੇ ਪ੍ਰਸ਼ਾਸਨ ਦੀਆਂ ਨੀਤੀਆਂ ਦਾ ਸਾਥ ਦੇਣ ਤੋਂ ਇਨਕਾਰ ਕੀਤਾ ਹੈ। ਇਸ ਮਤੇ ਦੇ ਪੱਖ ਵਿਚ ਜਿਹੜੇ 6 ਰਿਪਬਲਿਕਨ ਸੰਸਦ ਮੈਂਬਰਾਂ ਨੇ ਵੋਟ ਪਾਈ, ਉਨ੍ਹਾਂ ਵਿਚ ਡੌਨ ਬੇਕਨ (ਨੇਬਰਾਸਕਾ), ਬ੍ਰਾਇਨ ਫਿਟਜ਼ਪੈਟਰਿਕ (ਪੈਨਸਿਲਵੇਨੀਆ), ਜੈਫ ਹਰਡ (ਕੋਲੋਰਾਡੋ), ਕੇਵਿਨ ਕਿਲੀ (ਕੈਲੀਫੋਰਨੀਆ), ਥਾਮਸ ਮੈਸੀ (ਕੈਂਟਕੀ) ਅਤੇ ਡੈਨ ਨਿਊਹਾਊਸ (ਵਾਸ਼ਿੰਗਟਨ) ਸ਼ਾਮਲ ਹਨ।

ਸੰਸਦ ਮੈਂਬਰ ਡੈਨ ਨਿਊਹਾਊਸ ਦਾ ਤਰਕ ਸੀ ਕਿ ਉਨ੍ਹਾਂ ਦੇ ਰਾਜ ਦੀ ਆਰਥਿਕਤਾ ਕੈਨੇਡਾ ਨਾਲ ਡੂੰਘੀ ਜੁੜੀ ਹੋਈ ਹੈ। ਆਪਣੀ ਵੋਟ ਪਾਉਣ ਤੋਂ ਤੁਰੰਤ ਬਾਅਦ ਉਨ੍ਹਾਂ ਨੇ 'ਐਕਸ' 'ਤੇ ਲਿਖਿਆ, "ਹਾਲਾਂਕਿ ਮੈਂ ਵਪਾਰਕ ਸੌਦਿਆਂ ਨੂੰ ਪੱਕਾ ਕਰਨ ਲਈ ਟੈਰਿਫ ਨੂੰ ਇਕ 'ਲੀਵਰੇਜ' (ਦਬਾਅ ਦੇ ਸਾਧਨ) ਵਜੋਂ ਵਰਤਣ ਦੇ ਰਾਸ਼ਟਰਪਤੀ ਦੇ ਦ੍ਰਿਸ਼ਟੀਕੋਣ ਨੂੰ ਸਮਝਦਾ ਹਾਂ ਪਰ ਅਸਲੀਅਤ ਇਹ ਹੈ ਕਿ ਕੈਨੇਡਾ 'ਤੇ ਲਗਾਏ ਗਏ ਇਨ੍ਹਾਂ ਟੈਕਸਾਂ ਨੇ ਵਾਸ਼ਿੰਗਟਨ ਦੇ ਲੋਕਾਂ ਨੂੰ ਆਰਥਿਕ ਨੁਕਸਾਨ ਪਹੁੰਚਾਇਆ ਹੈ।

ਵੋਟਿੰਗ ਤੋਂ ਪਹਿਲਾਂ ਸੰਸਦ ਮੈਂਬਰਾਂ ਨੇ ਇਸ ਮਤੇ 'ਤੇ ਬਹਿਸ ਕੀਤੀ। ਨਿਊਯਾਰਕ ਤੋਂ ਡੈਮੋਕਰੇਟਿਕ ਸੰਸਦ ਮੈਂਬਰ ਗ੍ਰੈਗਰੀ ਮੀਕਸ, ਜਿਨ੍ਹਾਂ ਨੇ ਇਹ ਮਤਾ ਪੇਸ਼ ਕੀਤਾ ਸੀ, ਨੇ ਟਰੰਪ 'ਤੇ ਅਜਿਹੀ ਐਮਰਜੈਂਸੀ ਐਲਾਨਣ ਦਾ ਦੋਸ਼ ਲਾਇਆ ਜੋ ਅਸਲ ਵਿਚ ਮੌਜੂਦ ਹੀ ਨਹੀਂ ਹੈ। ਮੀਕਸ ਨੇ ਸਦਨ ਵਿਚ ਬੋਲਦਿਆਂ ਕਿਹਾ ਕਿ ਇਥੇ ਇਕੋ-ਇਕ 'ਐਮਰਜੈਂਸੀ' ਉਹ ਆਰਥਿਕ ਸੰਕਟ ਹੈ, ਜੋ ਡੋਨਾਲਡ ਜੇ. ਟਰੰਪ ਦੇ ਟੈਰਿਫਾਂ ਨੇ ਪੈਦਾ ਕੀਤਾ ਹੈ। ਉਨ੍ਹਾਂ ਕਿਹਾ ਕਿ ਕੈਨੇਡਾ ਕੋਈ ਖ਼ਤਰਾ ਨਹੀਂ, ਸਾਡਾ ਦੋਸਤ ਹੈ। ਕੈਨੇਡਾ ਸਾਡਾ ਸਹਿਯੋਗੀ ਹੈ। ਉਨ੍ਹਾਂ ਇਨ੍ਹਾਂ ਟੈਰਿਫਾਂ ਨੂੰ ਬੇਲੋੜਾ ਦੱਸਿਆ ਅਤੇ ਇਨ੍ਹਾਂ ਨੂੰ ਅਮਰੀਕੀ ਜਨਤਾ 'ਤੇ ਥੋਪੇ ਗਏ 'ਨੁਕਸਾਨਦੇਹ ਟੈਕਸ' ਕਰਾਰ ਦਿੱਤਾ।

ਦੂਜੇ ਪਾਸੇ, ਫਲੋਰਿਡਾ ਤੋਂ ਰਿਪਬਲਿਕਨ ਸੰਸਦ ਮੈਂਬਰ ਬ੍ਰਾਇਨ ਮਾਸਟ ਨੇ ਇਸ ਮਤੇ ਨੂੰ ਲਿਆਉਣ ਲਈ ਡੈਮੋਕਰੇਟਸ ਦੀ ਆਲੋਚਨਾ ਕੀਤੀ। ਉਨ੍ਹਾਂ ਦਾ ਕਹਿਣਾ ਸੀ ਕਿ ਇਹ ਮਤਾ 'ਫੈਂਟਾਨਿਲ ਸੰਕਟ' ਦੀ ਅਸਲੀਅਤ ਅਤੇ ਇਸ ਵਿਚ ਕੈਨੇਡਾ ਦੀ ਭੂਮਿਕਾ ਨੂੰ ਨਜ਼ਰਅੰਦਾਜ਼ ਕਰਦਾ ਹੈ। ਮਾਸਟ ਨੇ ਕਿਹਾ, ਜ਼ਾਹਰ ਹੈ ਕਿ ਉਹ (ਡੈਮੋਕਰੇਟਸ) ਉਸ ਦੇਸ਼ 'ਤੇ ਟੈਰਿਫ ਲਗਾਉਣ ਦਾ ਸਮਰਥਨ ਨਹੀਂ ਕਰਦੇ, ਜੋ ਖੁਦ ਇਹ ਸਵੀਕਾਰ ਕਰਦਾ ਹੈ ਕਿ ਉੱਥੇ ਨਸ਼ਾ ਸਮੱਗਲਿੰਗ ਦਾ ਸੰਕਟ ਹੈ, ਪਰ ਉਹ ਇਸ ਨੂੰ ਠੀਕ ਕਰਨ ਲਈ ਕੁਝ ਵੀ ਨਹੀਂ ਕਰ ਰਹੇ ਸਨ।

# ਕੈਨੇਡਾ 'ਚ ਹਰ ਚੌਥਾ ਨਾਗਰਿਕ ਧੋਖਾਧੜੀ ਜਾਂ ਜਬਰੀ ਵਸੂਲੀ ਦਾ ਸ਼ਿਕਾਰ

ਓਟਵਾ, (ਪੰਜਾਬ ਮੇਲ)- ਨਵੇਂ ਲੇਜਰ ਸਰਵੇਖਣ ਅਨੁਸਾਰ ਕੈਨੇਡਾ ਵਿਚ ਹਰ ਚੌਥਾ ਨਾਗਰਿਕ ਕਦੇ ਨਾ ਕਦੇ ਧੋਖਾਧੜੀ ਜਾਂ ਜਬਰੀ ਵਸੂਲੀ (ਐਕਸਟੋਰਸ਼ਨ) ਦਾ ਸ਼ਿਕਾਰ ਹੋ ਚੁੱਕਾ ਹੈ। ਇਹ ਆਨਲਾਈਨ ਸਰਵੇਖਣ 6 ਤੋਂ 9 ਫਰਵਰੀ ਦਰਮਿਆਨ 1,536 ਕੈਨੇਡੀਅਨਾਂ 'ਤੇ ਕੀਤਾ ਗਿਆ। ਲੇਜਰ ਦੀ ਜੈਨੀਫਰ ਮੈਕਲਿਓਡ ਮੇਸੀ ਨੇ ਕਿਹਾ ਕਿ ਕੈਨੇਡਾ ਵਿਚ ਧੋਖਾਧੜੀ ਕੋਈ ਛੋਟੀ ਸਮੱਸਿਆ ਨਹੀਂ ਹੈ।

ਸਰਵੇ ਮੁਤਾਬਕ 25 ਫੀਸਦੀ ਲੋਕਾਂ ਨੇ ਕਿਹਾ ਕਿ ਉਹ ਧੋਖੇ ਦਾ ਸ਼ਿਕਾਰ ਰਹੇ ਹਨ, ਜਦਕਿ 71 ਫੀਸਦੀ ਨੇ ਇਨਕਾਰ ਕੀਤਾ ਅਤੇ 4 ਫੀਸਦੀ ਨੇ ਜਵਾਬ ਨਹੀਂ ਦਿੱਤਾ। ਇਲਾਕਿਆਂ, ਲਿੰਗ ਅਤੇ ਉਮਰ ਅਨੁਸਾਰ ਅੰਕੜੇ ਲਗਭਗ ਇਕਸਾਰ ਰਹੇ। ਸਭ ਤੋਂ ਆਮ ਧੋਖੇ ਕਰੈਡਿਟ ਕਾਰਡ ਅਤੇ ਬੈਂਕ ਨਾਲ ਸੰਬੰਧਿਤ ਪਾਏ ਗਏ, ਜਿਨ੍ਹਾਂ ਬਾਰੇ 52 ਫੀਸਦੀ ਪੀੜਤਾਂ ਨੇ ਦੱਸਿਆ। 36 ਫੀਸਦੀ ਲੋਕਾਂ ਨੇ ਫਿਸ਼ਿੰਗ ਜਾਂ ਨਕਲੀ ਵੈੱਬਸਾਈਟਾਂ ਵਰਗੀਆਂ ਆਨਲਾਈਨ ਠੱਗੀਆਂ ਦਾ ਅਨੁਭਵ ਸਾਂਝਾ ਕੀਤਾ, ਜਦਕਿ 31 ਫੀਸਦੀ ਫੋਨ ਜਾਂ ਟੈਕਸਟ ਸੰਦੇਸ਼ਾਂ ਰਾਹੀਂ ਠੱਗੇ ਗਏ। ਇਸ ਤੋਂ ਇਲਾਵਾ ਨਕਲੀ ਨੌਕਰੀਆਂ ਦੀਆਂ ਪੇਸ਼ਕਸ਼ਾਂ, ਪਛਾਣ ਚੋਰੀ, ਨਿਵੇਸ਼ ਜਾਂ ਕ੍ਰਿਪਟੋਕਰੰਸੀ ਘਪਲੇ, ਰੈਨਸਮਵੇਅਰ ਅਤੇ ਆਨਲਾਈਨ ਡੇਟਿੰਗ ਧੋਖੇ ਵੀ ਸਾਹਮਣੇ ਆਏ।

55 ਸਾਲ ਤੋਂ ਵੱਧ ਉਮਰ ਦੇ 62 ਫੀਸਦੀ ਲੋਕਾਂ ਨੇ ਕਰੈਡਿਟ ਜਾਂ ਬੈਂਕ ਧੋਖੇ ਦੀ ਸ਼ਿਕਾਇਤ ਕੀਤੀ, ਜਦਕਿ 18 ਤੋਂ 34 ਸਾਲ ਦੇ 23 ਫੀਸਦੀ ਨੌਜਵਾਨ ਨਕਲੀ ਨੌਕਰੀਆਂ ਅਤੇ 19 ਫੀਸਦੀ ਜ਼ਬਰਦਸਤੀ ਦੇ ਮਾਮਲਿਆਂ ਨਾਲ ਜੁੜੇ ਪਾਏ ਗਏ।

ਸਿਰਫ ਅੱਧੇ ਪੀੜਤ ਹੀ ਪੁਲਿਸ ਜਾਂ ਅਧਿਕਾਰੀਆਂ ਨੂੰ ਸੂਚਿਤ ਕਰਦੇ ਹਨ, ਪਰ 80 ਫੀਸਦੀ ਆਪਣੇ ਤਜਰਬੇ ਪਰਿਵਾਰ ਜਾਂ ਦੋਸਤਾਂ ਨਾਲ ਸਾਂਝੇ ਕਰਦੇ ਹਨ। 60 ਫੀਸਦੀ ਨੇ ਗੁੱਸਾ ਜਾਂ ਨਿਰਾਸ਼ਾ ਮਹਿਸੂਸ ਕੀਤੀ, ਜਦਕਿ 14 ਫੀਸਦੀ ਡਰ ਅਤੇ 7 ਫੀਸਦੀ ਸ਼ਰਮਿੰਦਗੀ ਮਹਿਸੂਸ ਕਰਦੇ ਹਨ। ਲਗਭਗ ਤਿੰਨ-ਚੌਥਾਈ ਲੋਕ ਭਵਿੱਖ ਵਿਚ ਧੋਖੇ ਦਾ ਸ਼ਿਕਾਰ ਹੋਣ ਬਾਰੇ ਚਿੰਤਤ ਹਨ।

**ਰੋਜ਼ਾਨਾਂ ਤਾਜ਼ੀਆਂ ਖਬਰਾਂ ਪੜ੍ਹਨ ਲਈ ਪੰਜਾਬ ਮੇਲ ਦੀ ਵੈੱਬਸਾਇਟ 'ਤੇ ਕਲਿੱਕ ਕਰੋ : www.punjabmailusa.com**






# ਟੀ20 ਵਿਸ਼ਵ ਕੱਪ: ਪਾਕਿਸਤਾਨ ਨੂੰ ਹਰਾ ਕੇ ਸੁਪਰ-8 'ਚ ਪਹੁੰਚੀ ਭਾਰਤੀ ਟੀਮ

**ਕੋਲੰਬੋ (ਪੰਜਾਬ ਮੇਲ)** - ਟੀ20 ਵਰਲਡ ਕੱਪ 2026 ਦੇ ਸਭ ਤੋਂ ਵੱਡੇ ਮੁਕਾਬਲੇ ਵਿਚ ਭਾਰਤ ਨੇ ਪਾਕਿਸਤਾਨ ਨੂੰ 61 ਦੌੜਾਂ ਦੇ ਵੱਡੇ ਅੰਤਰ ਨਾਲ ਹਰਾ ਕੇ ਇਤਿਹਾਸ ਰਚ ਦਿੱਤਾ ਹੈ। ਟੂਰਨਾਮੈਂਟ ਦੇ ਇਤਿਹਾਸ ਵਿਚ ਦੌੜਾਂ ਦੇ ਲਿਹਾਜ਼ ਨਾਲ ਪਾਕਿਸਤਾਨ ਵਿਰੁੱਧ ਇਹ ਭਾਰਤ ਦੀ ਹੁਣ ਤੱਕ ਦੀ ਸਭ ਤੋਂ ਵੱਡੀ ਜਿੱਤ ਹੈ। ਇਸ ਜਿੱਤ ਦੇ ਨਾਲ ਹੀ ਭਾਰਤੀ ਟੀਮ ਲਗਾਤਾਰ ਤਿੰਨ ਮੈਚ ਜਿੱਤ ਕੇ ਗਰੁੱਪ-ਏ ਦੀ ਅੰਕ ਸੂਚੀ ਵਿਚ ਸਿਖਰ 'ਤੇ ਪਹੁੰਚ ਗਈ ਹੈ ਅਤੇ ਸੁਪਰ-8 ਰਾਊਂਡ ਲਈ ਕੁਆਲੀਫਾਈ ਕਰਨ ਵਾਲੀ ਪਹਿਲੀ ਟੀਮ ਬਣ ਗਈ ਹੈ।

ਐਤਵਾਰ ਨੂੰ ਕੋਲੰਬੋ ਦੇ ਆਰ. ਪ੍ਰੇਮਦਾਸਾ ਸਟੇਡੀਅਮ ਵਿਚ 176 ਦੌੜਾਂ ਦੇ ਟੀਚੇ ਦਾ ਪਿੱਛਾ ਕਰਨ ਉਤਰੀ ਪਾਕਿਸਤਾਨੀ ਟੀਮ ਭਾਰਤੀ ਗੇਂਦਬਾਜ਼ਾਂ ਦੇ ਕਹਿਰ ਅੱਗੇ ਟਿਕ ਨਾ ਸਕੀ ਅਤੇ 18 ਓਵਰਾਂ ਵਿਚ ਮਹਿਜ਼ 114 ਦੌੜਾਂ 'ਤੇ ਆਲਆਊਟ ਹੋ ਗਈ। ਭਾਰਤ ਦੀ ਇਸ ਜਿੱਤ ਦੀ ਨੀਂਹ ਈਸ਼ਾਨ ਕਿਸ਼ਨ ਨੇ ਰੱਖੀ, ਜਿਨ੍ਹਾਂ ਨੇ 40 ਗੇਂਦਾਂ ਵਿਚ 77 ਦੌੜਾਂ ਦੀ ਤੂਫ਼ਾਨੀ ਪਾਰੀ ਖੇਡੀ। ਕਪਤਾਨ ਸੂਰਿਆਕੁਮਾਰ ਯਾਦਵ ਨੇ ਵੀ 32 ਦੌੜਾਂ ਦਾ ਅਹਿਮ ਯੋਗਦਾਨ ਪਾਇਆ। ਗੇਂਦਬਾਜ਼ੀ ਵਿਚ ਜਸਪ੍ਰੀਤ ਬੁਮਰਾਹ, ਅਕਸ਼ਰ ਪਟੇਲ, ਵਰੁਣ ਚੱਕਰਵਰਤੀ ਅਤੇ ਹਾਰਦਿਕ ਪਾਂਡਿਆ ਨੇ 2-2 ਵਿਕਟਾਂ ਝਟਕ ਕੇ ਪਾਕਿਸਤਾਨੀ ਬੱਲੇਬਾਜ਼ੀ ਦੀ ਕਮਰ ਤੋੜ ਦਿੱਤੀ।

ਇਸ ਤੋਂ ਪਹਿਲਾਂ ਪਾਕਿਸਤਾਨ ਨੇ ਟਾਸ ਜਿੱਤ ਕੇ ਪਹਿਲਾਂ ਗੇਂਦਬਾਜ਼ੀ ਕਰਨ ਦਾ ਫੈਸਲਾ ਕੀਤਾ ਸੀ। ਮੈਚ ਦੀ ਸ਼ੁਰੂਆਤ 'ਚ ਹੀ ਸਖ਼ਤ ਸੁਨੇਹਾ ਦਿੰਦਿਆਂ ਦੋਵਾਂ ਟੀਮਾਂ ਦੇ ਕਪਤਾਨਾਂ ਨੇ ਆਪਸ ਵਿਚ ਹੱਥ ਨਹੀਂ ਮਿਲਾਇਆ ਸੀ। ਇਹ ਫੈਸਲਾ ਪਹਿਲਗਾਮ ਅੱਤਵਾਦੀ ਹਮਲੇ ਦੇ ਵਿਰੋਧ ਵਿਚ ਲਿਆ ਗਿਆ ਸੀ। ਮੈਚ ਤੋਂ ਪਹਿਲਾਂ ਮਸ਼ਹੂਰ ਰੈਪਰ ਹਨੂਮਾਨਕਾਈਂਡ ਨੇ ਆਪਣੀ ਪਰਫਾਰਮੈਂਸ ਨਾਲ ਦਰਸ਼ਕਾਂ ਵਿਚ ਜੋਸ਼ ਭਰ ਦਿੱਤਾ, ਜਦੋਂਕਿ ਸਾਬਕਾ ਕਪਤਾਨ ਰੋਹਿਤ ਸ਼ਰਮਾ ਵੀ ਖ਼ੁਦ ਟੀਮ ਦਾ ਹੌਂਸਲਾ ਵਧਾਉਣ ਸਟੇਡੀਅਮ ਪਹੁੰਚੇ ਸਨ।

ਚੇਤੇ ਰਹੇ ਕਿ ਭਾਰਤ ਨੇ ਪਿਛਲੇ ਸਾਲ ਏਸ਼ੀਆ ਕੱਪ ਦੇ ਫਾਈਨਲ ਵਿਚ ਪਾਕਿਸਤਾਨ ਨੂੰ 5 ਵਿਕਟਾਂ ਨਾਲ ਹਰਾਇਆ ਸੀ, ਇਸਤੋਂ ਪਹਿਲਾ ਵੀ ਭਾਰਤ ਨੇ 2007 ਅਤੇ 2024 ਵਿਚ ਟੀ-20 ਵਿਸ਼ਵ ਕੱਪ ਜਿੱਤਿਆ ਹੈ, ਫਾਈਨਲ ਵਿਚ ਪਾਕਿਸਤਾਨ ਨੂੰ ਹਰਾ ਕੇ ਆਪਣਾ ਪਹਿਲਾ ਖਿਤਾਬ ਜਿੱਤਿਆ ਹੈ। ਦੂਜੇ ਪਾਸੇ, ਪਾਕਿਸਤਾਨ 2009 ਦਾ ਚੈਂਪੀਅਨ ਹੈ ਅਤੇ 2007 ਅਤੇ




ਟੀ20 ਵਰਲਡ ਕੱਪ ਜਿੱਤਣ ਤੋਂ ਬਾਅਦ ਖੁਸ਼ੀ ਜ਼ਾਹਰ ਕਰਦੇ ਹੋਏ ਭਾਰਤੀ ਖਿਡਾਰੀ।

# ਟੀ20 ਵਿਸ਼ਵ ਕੱਪ: ਸਾਬਕਾ ਚੈਂਪੀਅਨ ਆਸਟ੍ਰੇਲੀਆ ਵਿਸ਼ਵ ਕੱਪ 'ਚੋਂ ਬਾਹਰ




**ਪਾਲੇਕਲ, (ਪੰਜਾਬ ਮੇਲ)**- ਆਇਰਲੈਂਡ ਖ਼ਿਲਾਫ਼ ਟੀ20 ਵਿਸ਼ਵ ਕੱਪ ਗਰੁੱਪ 'ਬੀ' ਦਾ ਮੈਚ ਮੀਂਹ ਦੀ ਭੇਟ ਚੜ੍ਹਨ ਮਗਰੋਂ ਜ਼ਿੰਬਾਬਵੇ ਸੁਪਰ ਅੱਠ ਵਿਚ ਪਹੁੰਚ ਗਿਆ ਹੈ। ਸਾਬਕਾ ਚੈਂਪੀਅਨ ਆਸਟ੍ਰੇਲੀਆ ਤੋਂ ਇਲਾਵਾ ਆਇਰਲੈਂਡ ਟੂਰਨਾਮੈਂਟ ਵਿਚੋਂ ਬਾਹਰ ਹੋ ਗਏ। ਦੋਵਾਂ ਟੀਮਾਂ ਨੇ ਇੱਕ-ਇੱਕ ਅੰਕ ਹਾਸਲ ਕੀਤੇ, ਜਿਸ ਨਾਲ ਜ਼ਿੰਬਾਬਵੇ ਦੇ ਕੁੱਲ ਪੰਜ ਅੰਕ ਹੋ ਗਏ। ਹੁਣ ਪਹਿਲੇ ਸੁਪਰ ਅੱਠ ਵਿਚ ਜ਼ਿੰਬਾਬਵੇ ਦਾ ਭਾਰਤ ਨਾਲ ਮੁਕਾਬਲਾ 26 ਫਰਵਰੀ ਨੂੰ ਚੇਨੱਈ ਵਿਚ ਹੋਵੇਗਾ। ਜ਼ਿੰਬਾਬਵੇ ਦੇ ਕਪਤਾਨ ਸਿਕੰਦਰ ਰਜ਼ਾ ਨੇ ਕਿਹਾ, "ਅਸੀਂ ਅਜੇ ਆਪਣਾ ਟੀਚਾ ਹਾਸਲ ਨਹੀਂ ਕੀਤਾ, ਬੱਸ ਉਸ ਵੱਲ ਕਦਮ ਵਧਾਇਆ ਹੈ। ਥੋੜ੍ਹਾ-ਬਹੁਤਾ ਜਸ਼ਨ ਹੋਵੇਗਾ, ਪਰ ਧਿਆਨ ਅਗਲੇ ਮੈਚ 'ਤੇ ਹੈ।" ਜ਼ਿੰਬਾਬਵੇ ਪਿਛਲੀ ਵਾਰ ਟੂਰਨਾਮੈਂਟ ਲਈ ਕੁਆਲੀਫਾਈ ਕਰਨ ਤੋਂ ਖੁੰਝ ਗਈ ਸੀ। ਹੁਣ ਉਹ ਸੁਪਰ ਅੱਠ ਵਿਚ ਪਹੁੰਚਣ ਵਾਲੀ ਸੱਤਵੀਂ ਟੀਮ ਬਣ ਗਈ ਹੈ। ਭਾਰਤ,

## ▪ ਜ਼ਿੰਬਾਬਵੇ ਨੇ ਸੁਪਰ 8 ਵਿਚ ਥਾਂ ਬਣਾਈ; ਭਾਰਤ ਨਾਲ ਮੁਕਾਬਲਾ 26 ਨੂੰ

ਦੱਖਣੀ ਅਫਰੀਕਾ ਅਤੇ ਵੈਸਟ ਇੰਡੀਜ਼ ਨੇ ਵੀ ਗਰੁੱਪ 1 ਵਿਚ ਸੁਪਰ ਅੱਠ ਲਈ ਕੁਆਲੀਫਾਈ ਕੀਤਾ ਹੈ। ਜ਼ਿੰਬਾਬਵੇ ਦਾ ਆਖ਼ਰੀ ਗਰੁੱਪ ਮੈਚ 19 ਫਰਵਰੀ ਨੂੰ ਸ੍ਰੀਲੰਕਾ ਨਾਲ ਹੋਵੇਗਾ। ਸ੍ਰੀਲੰਕਾ ਪਹਿਲਾਂ ਹੀ 6 ਅੰਕਾਂ ਨਾਲ ਸੁਪਰ ਅੱਠ ਵਿਚ ਪਹੁੰਚ ਗਿਆ ਹੈ। ਆਸਟ੍ਰੇਲੀਆ ਦੇ ਦੋ ਅੰਕ ਹਨ। ਉਸ ਨੂੰ ਜ਼ਿੰਬਾਬਵੇ ਅਤੇ ਸ੍ਰੀਲੰਕਾ ਨੇ ਸ਼ਿਕਸਤ ਦਿੱਤੀ ਹੈ। ਗਰੁੱਪ 2 ਵਿਚ ਸ੍ਰੀਲੰਕਾ, ਇੰਗਲੈਂਡ, ਨਿਊਜ਼ੀਲੈਂਡ, ਪਾਕਿਸਤਾਨ ਜਾਂ ਅਮਰੀਕਾ ਹੋਣਗੇ। ਰਜ਼ਾ ਨੇ ਕਿਹਾ, "ਮੈਂ ਅਤੇ ਕੋਚ ਮਿਲ ਕੇ ਸ੍ਰੀਲੰਕਾ ਦੀ ਟੀਮ ਦਾ ਵਿਸ਼ਲੇਸ਼ਣ ਕਰਾਂਗੇ ਅਤੇ ਇਹ ਮੈਚ ਜਿੱਤਣ ਦੀ ਕੋਸ਼ਿਸ਼ ਕਰਾਂਗੇ। ਕੁਆਲੀਫਾਇੰਗ ਕਰਨ ਨਾਲ ਸਾਡਾ ਟੀਚਾ ਨਹੀਂ ਬਦਲਿਆ।"

# ਕੈਨੇਡਾ ਨੂੰ 8 ਵਿਕਟਾਂ ਨਾਲ ਹਰਾ ਨਿਊਜ਼ੀਲੈਂਡ ਆਖਰੀ 8 'ਚ ਪੁੱਜਾ

**ਚੇਨੱਈ, (ਪੰਜਾਬ ਮੇਲ)**- ਨਿਊਜ਼ੀਲੈਂਡ ਨੇ ਆਈ.ਸੀ.ਸੀ. ਟੀ20 ਵਿਸ਼ਵ ਕੱਪ ਦੇ ਗਰੁੱਪ 'ਡੀ' ਮੈਚ ਵਿਚ ਕੈਨੇਡਾ ਨੂੰ 29 ਗੇਂਦਾਂ ਬਾਕੀ ਰਹਿੰਦਿਆਂ ਅੱਠ ਵਿਕਟਾਂ ਨਾਲ ਹਰਾ ਕੇ ਸੁਪਰ 8 ਵਿਚ ਆਪਣੀ ਥਾਂ ਪੱਕੀ ਕੀਤੀ। ਯੁਵਰਾਜ ਸਮਰਾ ਇਸ ਟੂਰਨਾਮੈਂਟ ਵਿਚ ਸੈਂਕੜਾ ਮਾਰਨ ਵਾਲਾ ਸਭ ਤੋਂ ਘੱਟ ਉਮਰ ਦਾ ਬੱਲੇਬਾਜ਼ ਬਣ ਗਿਆ ਹੈ। ਭਾਰਤ ਦੇ ਵਿਸ਼ਵ ਕੱਪ ਜੇਤੂ ਹਰਫਨਮੌਲਾ ਯੁਵਰਾਜ ਸਿੰਘ ਦੇ ਨਾਮ 'ਤੇ 19 ਸਾਲਾ ਸਮਰਾ ਦਾ ਨਾਮ ਰੱਖਿਆ ਗਿਆ ਸੀ ਅਤੇ ਉਸ ਨੇ ਆਪਣੇ ਨਾਮ ਨੂੰ ਸਹੀ ਸਾਬਤ ਕਰਦਿਆਂ ਆਖ਼ਰੀ ਓਵਰ ਵਿਚ ਆਊਟ ਹੋਣ ਤੋਂ ਪਹਿਲਾਂ 65 ਗੇਂਦਾਂ 'ਤੇ 110 ਦੌੜਾਂ ਬਣਾਈਆਂ। ਇਸ ਵਿਚ 11 ਚੌਕੇ ਅਤੇ ਛੇ ਛੱਕੇ ਸ਼ਾਮਲ ਹਨ। ਉਸ ਨੇ ਕਪਤਾਨ ਦਿਲਪ੍ਰੀਤ ਬਾਜਵਾ (39 ਗੇਂਦਾਂ 'ਤੇ 36 ਦੌੜਾਂ) ਨਾਲ ਪਹਿਲੀ ਵਿਕਟ ਲਈ 116 ਦੌੜਾਂ ਦੀ ਸਾਂਝੇਦਾਰੀ ਕੀਤੀ, ਜਿਸ ਦੀ ਬਦੌਲਤ ਕੈਨੇਡਾ ਨੇ ਪਹਿਲਾਂ ਬੱਲੇਬਾਜ਼ੀ ਕਰਦਿਆਂ ਚਾਰ ਵਿਕਟਾਂ 'ਤੇ 173 ਦੌੜਾਂ ਬਣਾਈਆਂ। ਨਿਊਜ਼ੀਲੈਂਡ ਨੇ 15.1 ਓਵਰਾਂ ਵਿਚ ਦੋ ਵਿਕਟਾਂ 'ਤੇ 176 ਦੌੜਾਂ ਬਣਾ ਕੇ ਅਗਲੇ ਗੇੜ ਵਿਚ ਥਾਂ ਬਣਾਈ। ਗਲੇਨ ਫਿਲਿਪਸ ਨੇ 36 ਗੇਂਦਾਂ 'ਤੇ ਚਾਰ ਚੌਕਿਆਂ ਤੇ 6 ਛੱਕਿਆਂ ਦੀ ਮਦਦ ਨਾਲ ਨਾਬਾਦ 76 ਦੌੜਾਂ ਦੀ ਪਾਰੀ ਖੇਡੀ। ਉਸ ਨੇ ਰਚਿਨ ਰਵਿੰਦਰ (39 ਗੇਂਦਾਂ 'ਤੇ ਨਾਬਾਦ 59 ਦੌੜਾਂ) ਨਾਲ 146 ਦੌੜਾਂ ਦੀ ਸਾਂਝੇਦਾਰੀ ਕੀਤੀ।

ਨਿਊਜ਼ੀਲੈਂਡ ਨੇ ਚਾਰ ਮੈਚਾਂ ਵਿਚ ਛੇ ਅੰਕਾਂ ਨਾਲ ਗਰੁੱਪ ਗੇੜ ਵਿਚ ਆਪਣੀ ਮੁਹਿੰਮ ਖ਼ਤਮ ਕੀਤੀ ਹੈ। ਉਹ ਗਰੁੱਪ 'ਡੀ' ਵਿਚ ਦੱਖਣੀ ਅਫਰੀਕਾ ਮਗਰੋਂ ਦੂਜੇ ਸਥਾਨ 'ਤੇ ਹੈ।



ਸੈਂਕੜਾ ਮਾਰਨ ਮਗਰੋਂ ਖੁਸ਼ੀ ਸਾਂਝੀ ਕਰਦਾ ਹੋਇਆ ਯੁਵਰਾਜ ਸਮਰਾ।

# ਅਮਰੀਕਾ ਨੇ ਨਾਮੀਬੀਆ ਨੂੰ ਹਰਾਇਆ

**ਚੇਨੱਈ, (ਪੰਜਾਬ ਮੇਲ)**- ਅਮਰੀਕਾ ਨੇ ਟੀ20 ਵਿਸ਼ਵ ਕੱਪ ਵਿਚ ਦੂਜੀ ਜਿੱਤ ਦਰਜ ਕਰਦਿਆਂ ਨਾਮੀਬੀਆ ਨੂੰ 31 ਦੌੜਾਂ ਨਾਲ ਹਰਾ ਦਿੱਤਾ। ਮੋਨਾਂਕ ਪਟੇਲ ਦੀਆਂ 30 ਗੇਂਦਾਂ 'ਤੇ 52 ਦੌੜਾਂ ਤੇ ਸੰਜੈ ਕ੍ਰਿਸ਼ਨਾਮੂਰਤੀ ਦੀ 33 ਗੇਂਦਾਂ 'ਤੇ 68 ਦੌੜਾਂ ਦੀ ਨਾਬਾਦ ਪਾਰੀ ਦੀ ਬਦੌਲਤ ਅਮਰੀਕਾ ਨੇ ਪਹਿਲਾਂ ਬੱਲੇਬਾਜ਼ੀ ਕਰਦੇ ਹੋਏ 199/4 ਦਾ ਸਕੋਰ ਬਣਾਇਆ।



ਜਵਾਬ ਵਿਚ ਨਾਮੀਬੀਆ ਦੀ ਟੀਮ ਨਿਰਧਾਰਿਤ 20 ਓਵਰਾਂ ਵਿਚ 6 ਵਿਕਟਾਂ ਦੇ ਨੁਕਸਾਨ ਨਾਲ 168 ਦੌੜਾਂ ਹੀ ਬਣਾ ਸਕੀ। ਨਾਮੀਬੀਆ ਲਈ ਲੌਰੇਨ ਸਟੀਨਕੈਂਪ ਨੇ 39 ਗੇਂਦਾਂ 'ਤੇ ਸ਼ਾਨਦਾਰ 58 ਦੌੜਾਂ ਬਣਾਈਆਂ ਤੇ ਜੈਨ ਫਰਾਈਲਿੰਕ (19) ਨਾਲ ਪਹਿਲੇ ਵਿਕਟ ਲਈ 54 ਦੌੜਾਂ ਦੀ ਭਾਈਵਾਲੀ ਕੀਤੀ।

# ਕਿਲ੍ਹਾ ਰਾਏਪੁਰ ਖੇਡਾਂ: ਪੇਂਡੂ ਓਲੰਪਿਕ 'ਚ 12 ਸਾਲਾਂ ਬਾਅਦ ਰੌਣਕ ਪਰਤੀ

## ▪ ਬੈਲ ਗੱਡੀਆਂ ਦੀਆਂ ਦੌੜਾਂ ਰਹੀਆਂ ਖਿੱਚ ਦਾ ਕੇਂਦਰ

**ਲੁਧਿਆਣਾ, (ਪੰਜਾਬ ਮੇਲ)**- ਪੇਂਡੂ ਓਲੰਪਿਕ ਵਜੋਂ ਮਕਬੂਲ ਕਿਲ੍ਹਾ ਰਾਇਪੁਰ ਦੀਆਂ ਖੇਡਾਂ ਵਿਚ 12 ਸਾਲ ਮਗਰੋਂ ਪਹਿਲਾਂ ਵਰਗੀਆਂ ਰੌਣਕਾਂ ਦੇਖਣ ਨੂੰ ਮਿਲੀਆਂ। ਬੈਲ ਗੱਡੀਆਂ ਦੇ ਤਿੰਨ ਰਾਊਂਡ ਹੋਏ, ਜਿਸ ਵਿਚ ਹਰ ਰਾਊਂਡ ਵਿਚ 6-6 ਬੈਲ ਗੱਡੀਆਂ ਦੀਆਂ ਦੌੜਾਂ ਕਰਵਾਈਆਂ ਗਈਆਂ। ਇਸ ਤਰ੍ਹਾਂ ਪਹਿਲੇ ਦਿਨ ਕੁੱਲ 18 ਹੀਟਾਂ ਹੋਈਆਂ। ਕੈਬਨਿਟ ਮੰਤਰੀ ਗੁਰਮੀਤ ਸਿੰਘ ਖੁੱਡੀਆਂ ਨੇ ਤਿੰਨ ਰੋਜ਼ਾ ਖੇਡਾਂ ਦੇ ਪਹਿਲੇ ਦਿਨ ਮੁੱਖ ਮਹਿਮਾਨ ਵਜੋਂ ਉਦਘਾਟਨ ਕੀਤਾ। ਉਨ੍ਹਾਂ ਬੈਲ ਗੱਡੀਆਂ ਦੀਆਂ ਦੌੜਾਂ ਸ਼ੁਰੂ ਹੋਣ 'ਤੇ ਵਧਾਈ ਦਿੱਤੀ ਅਤੇ ਇਸ ਦਾ ਸਿਹਰਾ ਮੁੱਖ ਮੰਤਰੀ ਭਗਵੰਤ ਮਾਨ ਸਿਰ ਬੰਨ੍ਹਿਆ।

ਵੱਡੀ ਗਿਣਤੀ 'ਚ ਪੁੱਜੇ ਖੇਡ ਪ੍ਰੇਮੀਆਂ ਦੇ ਚਿਹਰਿਆਂ 'ਤੇ ਬੈਲ ਗੱਡੀਆਂ ਦੀ ਦੌੜਾਂ ਸ਼ੁਰੂ ਹੋਣ ਦੀ ਖੁਸ਼ੀ ਸਾਫ਼ ਝਲਕ ਰਹੀ ਸੀ। ਇਸ ਮੌਕੇ ਵਿਧਾਇਕ ਜੀਵਨ ਸਿੰਘ ਸੰਗੋਵਾਲ, ਡਾ. ਕੇ.ਐੱਨ.ਐੱਸ. ਕੰਗ ਵੀ ਮੌਜੂਦ ਸਨ। ਸ਼੍ਰੀ ਖੁੱਡੀਆਂ ਨੇ ਪਸ਼ੂ ਹਸਪਤਾਲ ਲਈ 30 ਲੱਖ ਰੁਪਏ ਗਰਾਂਟ ਦੇਣ ਦਾ ਐਲਾਨ ਕੀਤਾ। ਇਸ ਦੌਰਾਨ ਅਥਲੈਟਿਕ ਮੁਕਾਬਲਿਆਂ ਵਿਚ ਅੰਡਰ-14 (ਲੜਕੇ) ਦੀ 60 ਮੀਟਰ ਦੌੜ ਵਿਚ ਅਰਮਾਨ ਕੁਮਾਰ, ਲੜਕੀਆਂ ਵਿਚੋਂ ਜਸ਼ਨ ਕੌਰ, ਓਪਨ ਲੜਕਿਆਂ ਦੀ 400 ਮੀਟਰ ਦੌੜ ਵਿਚ ਵਿਕਾਸ, ਲੜਕੀਆਂ ਵਿਚੋਂ ਰਸਿਤਾ ਕੌਰ, ਲੜਕੇ 1500 ਮੀਟਰ ਦੌੜ ਵਿਚੋਂ ਪ੍ਰਭਜੋਤ ਸਿੰਘ ਅਤੇ ਓਪਨ ਲੜਕੀਆਂ ਵਿਚੋਂ ਆਰਤੀ ਨੇ ਪਹਿਲੀਆਂ ਪੁਜ਼ੀਸ਼ਨਾਂ ਹਾਸਲ ਕੀਤੀਆਂ। ਪੁਰਸ਼ ਹਾਕੀ ਵਿਚ ਕੁਰੂਕਸ਼ੇਤਰ ਨੇ ਹਿਸਾਰ ਨੂੰ 3-1, ਅਮਰਗੜ੍ਹ ਨੇ ਜਰਖੜ ਨੂੰ 1-0, ਰਾਏਕੋਟ ਨੇ ਸ਼ਾਹਬਾਦ ਨੂੰ 3-2, ਮਹਿਲਾ ਹਾਕੀ ਵਿਚ ਯੂਨਾਈਟਿਡ ਕਲੱਬ ਦਿੱਲੀ ਨੇ ਚੰਡੀਗੜ੍ਹ ਹਾਕੀ ਅਕੈਡਮੀ ਨੂੰ 5-3 ਨਾਲ ਹਰਾਇਆ।



ਬੈਲ ਗੱਡੀਆਂ ਦੀ ਦੌੜ ਦੀ ਝਲਕ।

# ਨੇਪਾਲ ਨੂੰ ਹਰਾ ਕੇ ਵੈਸਟ ਇੰਡੀਜ਼ ਸੁਪਰ 8 'ਚ

**ਮੁੰਬਈ, (ਪੰਜਾਬ ਮੇਲ)**- ਤਜ਼ਰਬੇਕਾਰ ਹਰਫ਼ਨਮੌਲਾ ਖਿਡਾਰੀ ਜੈਸਨ ਹੋਲਡਰ ਦੀ ਅਗਵਾਈ ਵਿਚ ਪਹਿਲਾਂ ਗੇਂਦਬਾਜ਼ਾਂ ਤੇ ਮਗਰੋਂ ਸਿਖਰਲੇ ਬੱਲੇਬਾਜ਼ਾਂ ਦੇ ਸ਼ਾਨਦਾਰ ਪ੍ਰਦਰਸ਼ਨ ਦੀ ਬਦੌਲਤ ਵੈਸਟ ਇੰਡੀਜ਼ ਨੇ ਐਤਵਾਰ ਨੂੰ ਇਥੇ ਟੀ20 ਵਿਸ਼ਵ ਕੱਪ ਦੇ ਗਰੁੱਪ ਸੀ ਮੁਕਾਬਲੇ ਵਿਚ ਨੇਪਾਲ ਨੂੰ 9 ਵਿਕਟਾਂ ਦੀ ਕਰਾਰੀ ਸ਼ਿਕਸਤ ਦਿੱਤੀ। ਇਸ ਜਿੱਤ ਨਾਲ ਵਿੰਡੀਜ਼ ਨੇ ਸੁਪਰ ਅੱਠ ਵਿਚ ਥਾਂ ਪੱਕੀ ਕਰ ਲਈ ਹੈ। ਨੇਪਾਲ ਨੇ ਪਹਿਲਾਂ ਬੱਲੇਬਾਜ਼ੀ ਦਾ ਸੱਦਾ ਮਿਲਣ 'ਤੇ ਅੱਠ ਵਿਕਟਾਂ ਦੇ ਨੁਕਸਾਨ ਨਾਲ 133 ਦੌੜਾਂ ਬਣਾਈਆਂ। ਦੀਪੇਂਦਰ ਸਿੰਘ ਏਰੀ 58 ਦੌੜਾਂ ਨਾਲ ਟੌਪ ਸਕੋਰਰ ਰਿਹਾ। ਹੋਲਡਰ ਨੇ 27 ਦੌੜਾਂ ਬਦਲੇ ਚਾਰ ਵਿਕਟ ਲਏ। ਵੈਸਟ ਇੰਡੀਜ਼ ਨੇ ਇਸ ਦੇ ਜਵਾਬ ਵਿਚ 15.2 ਓਵਰਾਂ ਵਿਚ ਇਕ ਵਿਕਟ 'ਤੇ 134 ਦੌੜਾਂ ਬਣਾ ਕੇ ਟੀਚਾ ਸੌਖਿਆਂ ਹੀ ਹਾਸਲ ਕਰ ਲਿਆ। ਕਪਤਾਨ ਸ਼ਾਈ ਹੋਪ ਨੇ 44 ਗੇਂਦਾਂ 'ਤੇ ਨਾਬਾਦ 61 ਦੌੜਾਂ ਬਣਾਈਆਂ। ਸ਼ਿਮਰੋਨ ਹੇਟਮਾਇਰ ਨੇ 32 ਗੇਂਦਾਂ 'ਤੇ ਨਾਬਾਦ 46 ਦੌੜਾਂ ਬਣਾਈਆਂ। ਦੋਵਾਂ ਨੇ ਦੂਜੇ ਵਿਕਟ ਲਈ 91 ਦੌੜਾਂ ਦੀ ਨਾਬਾਦ ਭਾਈਵਾਲੀ ਕੀਤੀ। ਵੈਸਟ ਇੰਡੀਜ਼ ਦੀ ਗਰੁੱਪ ਸੀ ਵਿਚ ਇਹ ਲਗਾਤਾਰ ਤੀਜੀ ਜਿੱਤ ਹੈ। ਉਹ ਸੁਪਰ 8 ਵਿਚ ਪਹੁੰਚਣ ਵਾਲੀ ਪਹਿਲੀ ਟੀਮ ਹੈ।



ਵੈਸਟ ਇੰਡੀਜ਼ ਦਾ ਬੱਲੇਬਾਜ਼ ਸ਼ਿਮਰੋਨ ਹੇਟਮਾਇਰ ਮੁੰਬਈ 'ਚ ਖੇਡੇ ਮੈਚ ਦੌਰਾਨ ਨੇਪਾਲ ਦੇ ਗੇਂਦਬਾਜ਼ ਨੂੰ ਸ਼ਾਟ ਜੜਦਾ ਹੋਇਆ।

ਜੰਗ ਸਿੰਘ
ਮਰਸੱਡ ਕੈਲੀਫੋਰਨੀਆ (ਅਮਰੀਕਾ)
ਮੋਬਾਇਲ ਨੰ: +1-415-603-7380
ਪੰਜਾਬ ਮੇਲ USA



# ਪੰਜਾਬ ਦੇ ਗਵਰਨਰ ਸ਼੍ਰੀ ਗੁਲਾਬ ਚੰਦ ਕਟਾਰੀਆ ਭਾਜਪਾ ਤੇ ਆਰ.ਐੱਸ.ਐੱਸ., ਦੀ ਨੀਤੀ ਅਨੁਸਾਰ ਸੂਬੇ ਦੀ ਸਿਆਸਤ ਵਿਚ ਦਖਲ ਅੰਦਾਜ਼ੀ ਨਹੀਂ ਕਰ ਰਹੇ !!



**ਜਦੋਂ ਕੇਂਦਰ ਵਿਚ ਕਾਂਗਰਸ ਪਾਰਟੀ ਦੀ ਸਰਕਾਰ ਹੁੰਦੀ ਸੀ ਅਤੇ ਪੰਜਾਬ ਵਿਚ ਸ਼੍ਰੋਮਣੀ ਅਕਾਲੀ ਦਲ ਦੀ ਸਰਕਾਰ ਹੁੰਦੀ ਸੀ। ਉਸ ਸਮੇਂ ਸ. ਸੁਰਜੀਤ ਸਿੰਘ ਬਰਨਾਲਾ ਪੰਜਾਬ ਦੇ ਮੁੱਖ ਮੰਤਰੀ ਹੁੰਦੇ ਸਨ। ਇਸ ਰਾਜ ਕਾਲ ਦੌਰਾਨ ਕਾਂਗਰਸ ਪਾਰਟੀ ਨੇ ਪੱਛਮੀ ਬੰਗਾਲ ਦੇ ਰਹਿ ਚੁੱਕੇ ਮੁੱਖ ਮੰਤਰੀ ਸ਼੍ਰੀ ਸਿਧਾਰਥ ਸ਼ੰਕਰ ਰੇਅ ਨੂੰ ਪੰਜਾਬ ਦਾ ਗਵਰਨਰ ਲਗਾ ਕੇ ਭੇਜਿਆ ਸੀ। ਉਨ੍ਹਾਂ ਨੇ ਪੰਜਾਬ ਸਰਕਾਰ ਦੇ ਕੰਮਾਂਕਾਜਾਂ ਵਿਚ ਦਖਲਅੰਦਾਜ਼ੀ ਕਰਨੀ ਸ਼ੁਰੂ ਕੀਤੀ ਸੀ ਕਿਉਂਕਿ ਉਨ੍ਹਾਂ ਨੂੰ ਪਤਾ ਸੀ ਕਿ ਇਸ ਸਮੇਂ ਪੰਜਾਬ ਦਾ ਮੁੱਖ ਮੰਤਰੀ ਬਹੁਤਾ ਮਜ਼ਬੂਤ ਨਹੀਂ ਹੈ। ਉਸ ਦੀ ਮਜਬੂਰੀ ਨੂੰ ਦੇਖਦਿਆਂ ਹੋਇਆਂ ਇਨ੍ਹਾਂ ਨੇ ਸਰਕਾਰੀ ਕੰਮਾਂ ਵਿਚ ਦਖਲਅੰਦਾਜ਼ੀ ਕਰਨੀ ਸ਼ੁਰੂ ਕੀਤੀ ਸੀ। ਪਰ ਭਾਜਪਾ ਨੇ ਤਾਂ ਸਾਰੀਆਂ ਹੱਦਾਂ ਹੀ ਪਾਰ ਕਰ ਦਿੱਤੀਆਂ ਹਨ।**

ਭਾਰਤ ਇਕ ਡੈਮੋਕ੍ਰੇਟਿਕ ਦੇਸ਼ ਕਿਹਾ ਜਾਂਦਾ ਹੈ, ਜਿਸ ਦਾ ਨਾਂ ਸੰਸਾਰ ਭਰ ਵਿਚ ਇਸ ਕਰਕੇ ਜਾਣਿਆ ਜਾਂਦਾ ਹੈ ਕਿ ਇਥੋਂ ਦਾ ਇਹ ਸਿਸਟਮ ਸੰਸਾਰ ਭਰ ਦੇ ਲੋਕਾਂ ਲਈ ਰਾਹ ਦਸੇਰਾ ਵੀ ਦੱਸਿਆ ਜਾਂਦਾ ਹੈ। ਭਾਰਤ ਵਿਚ ਉਸ ਦਾ ਸੰਵਿਧਾਨਿਕ ਮੁਖੀ ਦੇਸ਼ ਦਾ ਰਾਸ਼ਟਰਪਤੀ ਹੁੰਦਾ ਹੈ। ਉਹ ਸਰਕਾਰ ਦੇ ਕੰਮਕਾਜ ਵਿਚ ਤਬਦੀਲੀ ਉਸ ਵੇਲੇ ਦੀ ਮੌਜੂਦਾ ਸਰਕਾਰ ਨਾਲ ਸਲਾਹ-ਮਸ਼ਵਰਾ ਕਰਕੇ ਹੀ ਕਰਵਾਉਂਦਾ ਹੈ। ਉਹ ਸਰਕਾਰ ਦੇ ਕੰਮਾਂ-ਕਾਜਾਂ ਵਿਚ ਕਿਸੇ ਪ੍ਰਕਾਰ ਦੀ ਸਿੱਧੀ ਦਖਲ-ਅੰਦਾਜ਼ੀ ਨਹੀਂ ਕਰਦਾ, ਬਿਲਕੁਲ ਇਸੇ ਤਰ੍ਹਾਂ ਦੇਸ਼ ਦੇ ਸਾਰੇ ਸੂਬਿਆਂ ਵਿਚ ਉਸ ਪ੍ਰਾਂਤ ਦੇ ਸੰਵਿਧਾਨਿਕ ਮੁਖੀ ਗਵਰਨਰ ਹੁੰਦੇ ਹਨ, ਉਨ੍ਹਾਂ ਨੇ ਜੇ ਲੋਕਾਂ ਦੇ ਕੋਈ ਕੰਮ ਕਰਾਉਣੇ ਹੁੰਦੇ ਹਨ, ਤਾਂ ਉਹ ਉਸੇ ਪ੍ਰਾਂਤ ਦੀ ਸਰਕਾਰ ਦੇ ਧਿਆਨ ਵਿਚ ਲਿਆਉਂਦੇ ਹਨ, ਕਿਸੇ ਪ੍ਰਕਾਰ ਦੀ ਸਿੱਧੀ ਦਖਲਅੰਦਾਜ਼ੀ ਨਹੀਂ ਕਰਦੇ। ਇਹ ਕੰਮ ਭਾਰਤੀ ਜਨਤਾ ਪਾਰਟੀ ਦੀ ਸਰਕਾਰ ਤੋਂ ਪਹਿਲਾਂ ਕਾਂਗਰਸ ਪਾਰਟੀ ਦੀ ਸਰਕਾਰ ਵੀ ਕਰਦੀ ਹੁੰਦੀ ਸੀ। ਜਦੋਂ ਕੇਂਦਰ ਵਿਚ ਕਾਂਗਰਸ ਪਾਰਟੀ ਦੀ ਸਰਕਾਰ ਹੁੰਦੀ ਸੀ ਅਤੇ ਪੰਜਾਬ ਵਿਚ ਸ਼੍ਰੋਮਣੀ ਅਕਾਲੀ ਦਲ ਦੀ ਸਰਕਾਰ ਹੁੰਦੀ ਸੀ। ਉਸ ਸਮੇਂ ਸ. ਸੁਰਜੀਤ ਸਿੰਘ ਬਰਨਾਲਾ ਪੰਜਾਬ ਦੇ ਮੁੱਖ ਮੰਤਰੀ ਹੁੰਦੇ ਸਨ। ਇਸ ਰਾਜ ਕਾਲ ਦੌਰਾਨ ਕਾਂਗਰਸ ਪਾਰਟੀ ਨੇ ਪੱਛਮੀ ਬੰਗਾਲ ਦੇ ਰਹਿ ਚੁੱਕੇ ਮੁੱਖ ਮੰਤਰੀ ਸ਼੍ਰੀ ਸਿਧਾਰਥ ਸ਼ੰਕਰ ਰੇਅ ਨੂੰ ਪੰਜਾਬ ਦਾ ਗਵਰਨਰ ਲਗਾ ਕੇ ਭੇਜਿਆ ਸੀ। ਉਨ੍ਹਾਂ ਨੇ ਪੰਜਾਬ ਸਰਕਾਰ ਦੇ ਕੰਮਾਂਕਾਜਾਂ ਵਿਚ ਦਖਲਅੰਦਾਜ਼ੀ ਕਰਨੀ ਸ਼ੁਰੂ ਕੀਤੀ ਸੀ ਕਿਉਂਕਿ ਉਨ੍ਹਾਂ ਨੂੰ ਪਤਾ ਸੀ ਕਿ ਇਸ ਸਮੇਂ ਪੰਜਾਬ ਦਾ ਮੁੱਖ ਮੰਤਰੀ ਬਹੁਤਾ ਮਜ਼ਬੂਤ ਨਹੀਂ ਹੈ। ਉਸ ਦੀ ਮਜਬੂਰੀ ਨੂੰ ਦੇਖਦਿਆਂ ਹੋਇਆਂ ਇਨ੍ਹਾਂ ਨੇ ਸਰਕਾਰੀ ਕੰਮਾਂ ਵਿਚ ਦਖਲਅੰਦਾਜ਼ੀ ਕਰਨੀ ਸ਼ੁਰੂ ਕੀਤੀ ਸੀ। ਪਰ ਭਾਜਪਾ ਨੇ ਤਾਂ ਸਾਰੀਆਂ ਹੱਦਾਂ ਹੀ ਪਾਰ ਕਰ ਦਿੱਤੀਆਂ ਹਨ। ਉਨ੍ਹਾਂ ਨੇ ਸਾਰੇ ਭਾਰਤ ਵਿਚ ਜਿਨ੍ਹਾਂ ਸੂਬਿਆਂ ਵਿਚ ਭਾਰਤੀ ਜਨਤਾ ਪਾਰਟੀ ਦੀ ਸਰਕਾਰ ਨਹੀਂ ਹੈ, ਵਿਰੋਧੀ ਪਾਰਟੀ ਦੀ ਸਰਕਾਰ ਰਾਜ ਕਰ ਰਹੀ ਹੈ। ਉਨ੍ਹਾਂ ਪ੍ਰਾਂਤਾਂ ਵਿਚ ਭਾਰਤੀ ਜਨਤਾ ਪਾਰਟੀ ਨੇ ਆਰ.ਐੱਸ.ਐੱਸ. ਦੇ ਦਿਸ਼ਾ-ਨਿਰਦੇਸ਼ਾਂ 'ਤੇ ਉਹੋ ਜਿਹੇ ਕਟੜ ਹਿੰਦੂਤਵੀ ਗਵਰਨਰ ਲਗਾਏ ਗਏ, ਜਿਨ੍ਹਾਂ ਦਾ ਮਤਲਬ ਉਥੋਂ ਦੀਆਂ ਸਰਕਾਰਾਂ ਨੂੰ ਉਨ੍ਹਾਂ ਦੇ ਸਰਕਾਰੀ ਕੰਮਾਂ ਵਿਚ ਬੇਲੋੜੀ ਦਖਲਅੰਦਾਜ਼ੀ ਕਰਕੇ ਉਥੋਂ ਦੀ ਸਰਕਾਰ ਦੇ ਨਾਲ ਉਥੋਂ ਦੇ ਲੋਕਾਂ ਨੂੰ ਵੀ ਪਰੇਸ਼ਾਨ ਕਰਨਾ ਸੀ। ਸਮੇਂ-ਸਮੇਂ ਅਜਿਹੇ ਗਵਰਨਰਾਂ ਵਲੋਂ ਪੱਛਮੀ ਬੰਗਾਲ ਸਮੇਤ ਦੂਜੇ ਸੂਬਿਆਂ ਜਿਥੇ ਭਾਜਪਾ ਦੀਆਂ ਸਰਕਾਰਾਂ ਨਹੀਂ ਹਨ। ਉਥੋਂ ਦੇ ਪ੍ਰਾਂਤਾਂ ਦੀਆਂ ਸਰਕਾਰਾਂ ਤੇ ਉਥੋਂ ਦੇ ਲੋਕਾਂ ਨੂੰ ਪਰੇਸ਼ਾਨ ਕੀਤੇ ਜਾਣ ਦੀਆਂ ਖਬਰਾਂ ਸਮੇਂ-ਸਮੇਂ ਅਖਬਾਰਾਂ ਦਾ ਸ਼ਿੰਗਾਰ ਵੀ ਬਣਦੀਆਂ ਰਹੀਆਂ ਹਨ। ਕੇਂਦਰ ਵਿਚ ਰਾਜ ਕਰ ਰਹੀ ਭਾਜਪਾ ਨੇ ਤਾਂ ਆਪਣਾ ਕਿਸਬ ਬਣਾ ਰੱਖਿਆ ਹੈ ਕਿ ਜਿਥੇ ਉਨ੍ਹਾਂ ਦੀ ਪਾਰਟੀ ਦੀ ਸਰਕਾਰ ਨਹੀਂ ਹੈ, ਉਨ੍ਹਾਂ ਨੂੰ ਰੱਜ ਕੇ ਤੰਗ-ਪਰੇਸ਼ਾਨ ਕੀਤਾ ਜਾਵੇ, ਉਨ੍ਹਾਂ ਵਿਸ਼ੇਸ਼ ਗਰਾਂਟ ਦੇਣੀ ਤਾਂ ਦੂਰ ਦੀ ਗੱਲ। ਉਨ੍ਹਾਂ ਦੇ ਹਿੱਸੇ ਦੇ ਫੰਡਾਂ ਵਿਚ ਬੇਲੋੜੀਆਂ ਕਟੌਤੀਆਂ ਕੀਤੀਆਂ ਜਾਣ, ਤਾਂ ਕਿ ਉਨ੍ਹਾਂ ਦੇ ਵਿਕਾਸ ਦੇ ਕੰਮ ਰੁੱਕ ਜਾਣ ਅਤੇ ਦੂਸਰੇ ਪਾਸੇ ਜਿਥੇ ਭਾਜਪਾ ਦੀਆਂ ਸਰਕਾਰਾਂ ਹਨ, ਉਥੇ ਉਨ੍ਹਾਂ ਪ੍ਰਾਂਤਾਂ ਨੂੰ ਬੇਲੋੜੇ ਗਰਾਂਟਾਂ ਦੇ ਗੱਫੇ ਦਿੱਤੇ ਜਾਣ ਤੇ ਉਹ ਪ੍ਰਾਂਤ ਰੱਜ ਕੇ ਤਰੱਕੀ ਕਰਨ। ਇਨ੍ਹਾਂ ਭਾਜਪਾ ਪੱਖੀ ਪ੍ਰਾਂਤਾਂ ਦੀਆਂ ਖਬਰਾਂ ਨੂੰ ਕੁਝ ਵਧਾ-ਚੜ੍ਹਾ ਕੇ ਅਖਬਾਰਾਂ ਵਿਚ ਛਾਪੀਆਂ ਜਾਣ, ਤਾਂ ਕਿ ਵਿਰੋਧੀ ਧਿਰ ਦੇ ਪ੍ਰਾਂਤਾਂ ਦੇ ਵੋਟਰ ਇਹ ਸੋਚਣ ਨੂੰ ਮਜਬੂਰ ਹੋ ਜਾਣ ਕਿ ਜੇਕਰ ਉਨ੍ਹਾਂ ਦੇ ਪ੍ਰਾਂਤਾਂ ਨੇ ਤਰੱਕੀ ਕਰਨੀ ਹੈ, ਤਾਂ ਉਹ ਆਪਣੇ ਸੂਬੇ ਵਿਚ ਵਿਰੋਧੀ ਧਿਰ ਦੀ ਸਰਕਾਰ ਦਾ ਭੋਗ ਪੁਆ ਕੇ ਉਨ੍ਹਾਂ ਦੀ ਪਾਰਟੀ ਭਾਵ ਭਾਰਤੀ ਜਨਤਾ ਪਾਰਟੀ ਦੀ ਸਰਕਾਰ ਨੂੰ ਬਣਾਉਣ। ਨਜ਼ੀਰ ਦੇਣ ਨੂੰ ਪੰਜਾਬ ਦੇ ਨਾਲ ਬਣੇ ਹਰਿਆਣਾ ਦੇ ਪ੍ਰਾਂਤ ਦੀ ਗੱਲ ਕਰਨੀ ਉਦਾਹਰਣ ਦੇਣ ਲਈ ਬਥੇਰੀ ਹੈ। ਸੰਸਾਰ ਭਰ ਦੇ ਲੋਕ ਭਲ਼ੀਭਾਂਤ ਜਾਣਦੇ ਹਨ ਕਿ 1966 ਵਿਚ ਜਦੋਂ ਪੰਜਾਬੀ ਸੂਬਾ ਬਣਾਇਆ ਗਿਆ, ਤਾਂ ਉਸ ਵੇਲੇ ਦੇਸ਼ ਦਾ ਪ੍ਰਧਾਨ ਮੰਤਰੀ ਕੱਟੜ ਹਿੰਦੂਤਵੀ ਵਿਚਾਰਧਾਰਾ ਵਾਲਾ ਸ਼੍ਰੀ ਗੁਲਜਾਰੀ ਲਾਲ ਨੰਦਾ ਸੀ, ਜੋ ਕਿ ਹਰਿਆਣੇ ਪ੍ਰਾਂਤ ਦਾ ਰਹਿਣ ਵਾਲਾ ਹੋਣ ਕਾਰਨ ਪੰਜਾਬ ਵਿਰੋਧੀ ਦੱਸਿਆ ਜਾਂਦਾ ਸੀ। ਉਸ ਵੇਲੇ ਦੀ ਕਾਂਗਰਸ ਪਾਰਟੀ ਦੀ ਸਰਕਾਰ ਨੇ ਕੱਟੜ ਹਿੰਦੂਤਵੀਆਂ ਅੱਗੇ ਗੋਡੇ ਟੇਕਦਿਆਂ ਹੋਇਆਂ ਪੰਜਾਬ ਨੂੰ ਨਿਹਾਇਤ ਛੋਟਾ ਕਰਕੇ ਉਸ ਵਿਚੋਂ ਪੰਜਾਬੀ ਬੋਲਦੇ ਇਲਾਕੇ ਕੱਢ ਕੇ ਬਿਨ ਕਿਸੇ ਦੀ ਮੰਗ ਦੇ 'ਹਰਿਆਣਾ' ਬਣਾ ਦਿੱਤਾ ਗਿਆ। ਇਸ ਤੋਂ ਬਿਨਾ ਪੰਜਾਬ ਵਿਚੋਂ ਕੁਝ ਪੰਜਾਬੀ ਬੋਲਦੇ ਇਲਾਕੇ ਕੱਢ ਕੇ ਹਿਮਾਚਲ ਵਿਚ ਸ਼ਾਮਲ ਕਰ ਦਿੱਤੇ ਗਏ। ਕਹਿਣ ਦਾ ਭਾਵ ਪੰਜਾਬ ਨੂੰ ਛੋਟੇ ਤੋਂ ਛੋਟਾ ਬਣਾਉਣ ਤੋਂ ਕਿਸੇ ਪ੍ਰਕਾਰ ਦੀ ਕੋਈ ਕਸਰ ਨਹੀਂ ਸੀ ਛੱਡੀ ਗਈ। ਪੰਜਾਬ ਦਾ ਸੂਬਾ ਜਿਹੜਾ ਦੇਸ਼ ਦੀ ਆਜ਼ਾਦੀ ਤੋਂ ਬਾਅਦ ਕਾਫੀ ਸਮਾਂ ਲਗਾਤਾਰ ਪਹਿਲੇ ਨੰਬਰ 'ਤੇ ਰਹਿੰਦਾ ਚਲਿਆ ਆ ਰਿਹਾ ਸੀ, ਉਸ ਨਾਲ ਪਹਿਲਾਂ ਕਾਗਰਸ ਪਾਰਟੀ ਦੀ ਸਰਕਾਰ ਧੱਕਾ ਤੇ ਬੇਇਨਸਾਫੀ ਕਰਦੀ ਰਹੀ ਤੇ ਫਿਰ ਇਹ ਹੀ ਕੰਮ ਜਦੋਂ ਤੋਂ ਭਾਰਤੀ ਜਨਤਾ ਪਾਰਟੀ ਦੀ ਸਰਕਾਰ ਹੋਂਦ ਵਿਚ ਆਈ ਹੈ, ਇਸ ਨੇ ਵੀ ਕੋਈ ਪੜਾਅ ਨਹੀਂ ਛੱਡਿਆ, ਜਦੋਂ ਇਸ ਨਾਲ ਬੇਇਨਸਾਫੀਆਂ 'ਤੇ ਧੱਕੇ ਨਹੀਂ ਕੀਤੇ ਜਾਂਦੇ ਰਹੇ ਹਨ। ਇਹ ਹੀ ਪੰਜਾਬ ਸੂਬਾ ਜਿਹੜਾ ਹਮੇਸ਼ਾ ਤਰੱਕੀ ਪੱਖੋਂ ਦੇਸ਼ ਦਾ ਪਹਿਲਾਂ ਸੂਬਾ ਹੁੰਦਾ ਸੀ। ਅੱਜ ਭਾਰਤੀ ਜਨਤਾ ਪਾਰਟੀ ਦੀ ਸਰਕਾਰ ਨੇ ਇਸੇ ਪਹਿਲੇ ਨੰਬਰ 'ਤੇ ਰਹਿਣ ਵਾਲੇ ਸੂਬੇ ਨੂੰ ਸੋਲਵੇਂ, ਸਤਾਰਵੇਂ ਸਥਾਨ 'ਤੇ ਪਹੁੰਚਾ ਕੇ ਰੱਖ ਦਿੱਤਾ ਹੈ। ਭਾਰਤੀ ਜਨਤਾ ਪਾਰਟੀ ਦੀ ਸਰਕਾਰ ਦਾ ਲਗਾਤਾਰ ਇਹ ਯਤਨ ਜਾਰੀ ਹੈ ਕਿ ਹਰ ਹਰਬਾ-ਖਰਬਾ ਵਰਤਿਆ ਜਾਵੇ, ਜਿਸ ਨਾਲ ਪੰਜਾਬ ਤੱਰਕੀ ਪੱਖੋਂ ਇੰਨਾ ਪਛਾੜ ਦਿੱਤਾ ਜਾਵੇ ਕਿ ਪੰਜਾਬ ਦੇ ਲੋਕਾਂ ਨੂੰ ਤੰਗ ਤੇ ਮਜਬੂਰ ਹੋ ਕੇ ਵਿਰੋਧੀ ਧਿਰ ਦੀ ਸਰਕਾਰ ਤੋਂ ਮੂੰਹ ਮੋੜ ਲੈਣ ਅਤੇ ਪੰਜਾਬ ਵਿਚ ਭਾਰਤੀ ਜਨਤਾ ਪਾਰਟੀ ਦੀ ਸਰਕਾਰ ਬਣਾ ਦੇਣ। ਪਰ ਦੁੱਖ ਇਸ ਗੱਲ ਦਾ ਹੈ ਕਿ ਕਾਂਗਰਸ ਪਾਰਟੀ ਵਾਂਗ ਭਾਰਤੀ ਜਨਤਾ ਪਾਰਟੀ ਵੀ ਪੰਜਾਬ ਦੀ 'ਸਾਇਕੀ' ਨਹੀਂ ਸਮਝ ਰਹੀ। ਪੰਜਾਬੀ ਦੇ ਮਸ਼ਹੂਰ ਕਵੀ ਪ੍ਰੋਫੈਸਰ ਪੂਰਨ ਸਿੰਘ ਆਪਣੀ ਕਵਿਤਾ ਵਿਚ ਪੰਜਾਬੀਆਂ ਦੇ ਸੁਭਾਉ ਬਾਰੇ ਨਿਸੰਗ ਵਰਨਣ ਕਰਦੇ ਲਿਖਦੇ ਹਨ:-

"ਪਿਆਰ ਨਾਲ ਇਹ ਕਰਨ ਗੁਲਾਮੀ,
ਜਾਨ ਕੋਹ ਆਪਣੀ ਵਾਰ ਦੇਂਦੇ,
ਪਰ ਟੈਂ ਨਾ ਮੰਨਣ ਕਿਸੇ ਦੀ,
ਖਲੋਅ ਜਾਣ ਡਾਂਗਾਂ,
ਮੋਢੇ 'ਤੇ ਉਲਾਰ ਕੇ"।

ਦੇਸ਼ ਦੀ ਆਜ਼ਾਦੀ ਤੋਂ ਬਾਅਦ ਪੰਜਾਬ ਦੀ ਸਾਇਕੀ ਨੂੰ ਨਾ ਤਾਂ ਕਾਂਗਰਸ ਪਾਰਟੀ ਦੀ ਸਰਕਾਰ ਨੇ ਸਮਝਿਆ ਤੇ ਨਾ ਹੀ ਭਾਰਤੀ ਜਨਤਾ ਪਾਰਟੀ ਦੀ ਸਰਕਾਰ ਨੇ। ਭਾਰਤੀ ਜਨਤਾ ਪਾਰਟੀ ਵਾਲਿਆਂ ਨੂੰ ਚੰਗੀ ਤਰ੍ਹਾਂ ਸਮਝ ਤੇ ਜਾਣ ਲੈਣਾ ਚਾਹੀਦਾ ਹੈ ਕਿ ਪੰਜਾਬ ਦੇ ਲੋਕ ਹਾਲੇ ਭੁੱਲੇ ਨਹੀਂ ਕਿ 'ਸ੍ਰੀ ਦਰਬਾਰ ਸਾਹਿਬ ਹਰਿਮੰਦਰ ਸਾਹਿਬ' ਜਿਹੜਾ ਕਿ ਸੰਸਾਰ ਭਰ ਦੇ ਸਿੱਖਾਂ ਦਾ ਸਭ ਤੋਂ ਹਰਮਨ ਪਿਆਰਾ 'ਮੁਕੱਦਸ ਸਥਾਨ' ਹੈ। ਉਸ ਉਤੇ ਉਸ ਵੇਲੇ ਦੀ ਕਾਂਗਰਸ ਪਾਰਟੀ ਦੀ ਪ੍ਰਧਾਨ ਮੰਤਰੀ ਸਵਰਗੀ ਇੰਦਰਾ ਗਾਂਧੀ ਵੀ ਸ੍ਰੀ ਹਰਿਮੰਦਰ ਸਾਹਿਬ 'ਤੇ ਕਿਸੇ ਵੀ ਹਾਲਤ ਵਿਚ ਹਮਲਾ ਨਹੀਂ ਸੀ ਕਰਨਾ ਚਾਹੁੰਦੀ ਪਰ ਭਾਰਤੀ ਜਨਤਾ ਪਾਰਟੀ ਦੇ ਆਗੂ ਸ਼੍ਰੀ ਲਾਲ ਕ੍ਰਿਸ਼ਨ ਅਡਵਾਨੀ ਨੇ ਆਪਣੀ ਪੁਸਤਕ "ਮਾਈ ਲਵ, ਮਾਈ ਕੰਟਰੀ" ਵਿਚ ਇਸ ਦਾ ਵਰਨਣ ਕਰ ਚੁੱਕੇ ਹਨ। ਜਿਹੜਾ ਇਸ ਗੱਲ ਦਾ ਪ੍ਰਤੱਖ ਸਬੂਤ ਹੈ ਕਿ ਭਾਰਤੀ ਜਨਤਾ ਪਾਰਟੀ ਤੇ ਆਰ.ਐੱਸ.ਐੱਸ. ਸ਼ੁਰੂ ਤੋਂ ਸਿੱਖ ਵਿਰੋਧੀ ਦੇ ਨਾਲ ਪੰਜਾਬ ਵਿਰੋਧੀ ਵੀ ਰਹੀ ਹੈ। 1984 ਦੇ ਹੋਏ 'ਸਿੱਖ ਕਤਲੇਆਮ' ਵਿਚ ਜਿਥੇ ਕਾਂਗਰਸ ਪਾਰਟੀ ਵਾਲੇ ਤਾਂ ਜ਼ਿੰਮੇਵਾਰ ਹੈ ਹੀ ਸਨ, ਉਥੇ ਬਰਾਬਰ ਦੇ ਭਾਈਵਾਲ ਭਾਰਤੀ ਜਨਤਾ ਪਾਰਟੀ ਦੇ ਆਰ.ਐੱਸ.ਐੱਸ. ਵਾਲੇ ਵੀ ਸਨ। ਜਿਸ ਦਾ ਸਬੂਤ ਦਿੱਲੀ ਦੇ ਹੋਏ ਕਤਲੇਆਮ ਵਿਚ ਇਨ੍ਹਾਂ ਦੋਹਾਂ ਪਾਰਟੀਆਂ 'ਤੇ ਆਰ.ਐੱਸ.ਐੱਸ. ਦੇ ਆਗੂ ਜ਼ਿੰਮੇਵਾਰ ਵੱਖ-ਵੱਖ ਏਜੰਸੀਆਂ ਵਲੋਂ ਕੀਤੀਆਂ ਜਾਂਚਾਂ ਵਲੋਂ ਦਰਸਾਏ ਗਏ ਹਨ। 1984 ਤੋਂ 1995 ਤੱਕ ਦਾ ਜਿਹੜਾ ਸੰਤਾਪ ਪੰਜਾਬ ਦੇ ਸਰਹੱਦੀ ਪਿੰਡਾਂ ਦੇ ਲੋਕਾਂ ਨੇ ਝੱਲਿਆ ਹੈ, ਉਹ ਬਿਆਨ ਕਰਨ ਦਾ ਹੀਆ ਨਹੀਂ ਪੈਂਦਾ। ਇਨ੍ਹਾਂ ਇਲਾਕਿਆਂ ਦੇ ਹਜ਼ਾਰਾਂ ਹੀ ਬੇਦੋਸ਼ੇ ਸਿੱਖ ਨੌਜੁਆਨਾਂ ਨੂੰ ਪੰਜਾਬ ਦੀ ਪੁਲਿਸ ਵਲੋਂ ਕੋਹ-ਕੋਹ ਕੇ ਮਾਰਿਆ ਗਿਆ ਕਿ ਅਗਲੇ 10 ਸਾਲਾਂ ਤੱਕ ਇਨ੍ਹਾਂ ਪਿੰਡਾਂ ਵਿਚ ਬਰਾਤਾਂ ਨਹੀਂ ਸਨ ਢੁੱਕ ਸਕੀਆਂ। ਪੰਜਾਬੀ ਇਸ ਅਣਮਨੁੱਖੀ ਤੇ ਹੈਵਾਨੀਅਤ ਭਰੇ ਵਰਤਾਰੇ ਨੂੰ ਹਾਲੇ ਤੱਕ ਭੁੱਲੇ ਨਹੀਂ। ਭਾਰਤੀ ਜਨਤਾ ਪਾਰਟੀ ਦੇ ਲੀਡਰ ਭੁੱਲ ਜਾਣ ਉਨ੍ਹਾਂ ਵਲੋਂ ਨਿਯੁਕਤ ਕੀਤੇ ਗਏ ਗਵਰਨਰਾਂ ਕੋਲੋਂ ਪੰਜਾਬ ਨਾਲ ਜਿੰਨੇ ਮਰਜ਼ੀ ਧੱਕੇ ਤੇ ਬੇਇਨਸਾਫੀਆਂ ਕਰਾ ਲਓ। ਪੰਜਾਬ ਦੇ ਲੋਕ ਉਨ੍ਹਾਂ ਨੂੰ ਭੁੱਲ ਜਾਣਗੇ! ਪੰਜਾਬ ਦੇ ਬਹਾਦਰ ਲੋਕ ਪੰਜਾਬ ਦੇ ਮੌਜੂਦਾ ਗਵਰਨਰਾਂ ਵਲੋਂ ਪੰਜਾਬ ਦੇ ਲੋਕਾਂ ਨਾਲ ਕੀਤੇ ਜਾ ਰਹੇ ਵਰਤਾਰੇ ਨੂੰ ਬੜੀ ਨੀਝ ਨਾਲ ਵਾਚਦੇ ਆ ਰਹੇ ਹਨ। ਪੰਜਾਬ ਦਾ ਇਤਿਹਾਸ ਗਵਾਹ ਹੈ ਕਿ ਪੰਜਾਬੀਆਂ ਨੇ ਤਾਂ ਕਦੇ ਮੁਗਲਾਂ ਦੀ ਪ੍ਰਵਾਹ ਕੀਤੀ ਹੈ ਤੇ ਨਾ ਹੀ ਅੰਗਰੇਜ਼ਾਂ ਦੀ! ਭਾਰਤੀ ਜਨਤਾ ਪਾਰਟੀ ਦੀ ਸਰਕਾਰ ਨੇ ਪੰਜਾਬ ਦੇ ਮੌਜੂਦਾ ਗਵਰਨਰ ਸ਼੍ਰੀ ਗੁਲਾਬ ਚੰਦ ਕਟਾਰੀਆ ਰਾਹੀਂ ਪੰਜਾਬ ਦੀ ਸਰਕਾਰ ਨਾਲ ਗੱਲਬਾਤ ਕੀਤੇ ਬਿਨਾ ਨਸ਼ਿਆਂ ਦੇ ਵਿਸ਼ੇ 'ਤੇ ਮਾਝੇ ਤੇ ਮਾਲਵੇ ਵਿਚ ਜਿਹੜੀਆਂ ਫੇਰੀਆਂ ਕੀਤੀ ਜਾ ਰਹੀ ਹੈ, ਇਸ ਨੇ ਪੰਜਾਬ ਦੀ ਸਿਆਸਤ ਵਿਚ ਬੜੀ ਵੱਡੀ ਉੱਥਲ-ਪੁੱਥਲ ਲਿਆ ਦਿੱਤੀ ਹੈ, ਉਹ ਇਸ ਨੂੰ ਸਿਵਾਏ ਸਟੰਟ ਦੇ ਹੋਰ ਕੁਝ ਨਹੀਂ ਸਮਝ ਰਹੇ। ਇਸ ਨਾਲ ਪੰਜਾਬ ਦਾ ਕੁਝ ਵੀ ਸੰਵਰਨ ਵਾਲਾ ਨਹੀਂ, ਹਾਂ ਬੇਭਰੋਸਗੀਆਂ ਵਿਚ ਹੋਰ ਵਾਧਾ ਜ਼ਰੂਰ ਕਰੇਗਾ! ਜੇਕਰ ਸੱਚਮੁੱਚ ਭਾਰਤੀ ਜਨਤਾ ਪਾਰਟੀ ਪੰਜਾਬੀਆ ਦੇ ਦਿਲਾਂ ਨੂੰ ਜਿੱਤਣਾ ਚਾਹੁੰਦੀ ਹੈ, ਤਾਂ ਉਸ ਨੂੰ ਬੇਇਨਸਾਫੀਆਂ ਤੇ ਧੱਕਿਆਂ ਦੀ ਰਾਜਨੀਤੀ ਨੂੰ ਛੱਡਣਾ ਪਵੇਗਾ। ਉਹ ਇਸ ਗੰਦੀ ਨੀਤੀ ਨੂੰ ਛੱਡ ਕੇ ਪੰਜਾਬ ਨਾਲ ਹਮਦਰਦੀ ਵਾਲਾ ਰਵੱਈਆ ਅਖਤਿਆਰ ਕਰਕੇ ਉਨ੍ਹਾਂ ਦੇ ਦਿਲਾਂ ਨੂੰ ਸਾਫ ਮਨੋਂ ਜਿੱਤੇ। ਪੰਜਾਬ ਨਾਲ ਕੀਤੇ ਜਾ ਰਹੇ ਮਤਰੇਈ ਮਾਂ ਵਾਲੇ ਸਲੂਕ ਨੂੰ ਮਨੋ ਛੱਡੇ। ਪੰਜਾਬ ਦੀਆਂ ਪਿਛਲੇ ਸਮੇਂ ਤੋਂ ਰੋਕੀਆਂ ਸਾਰੀਆਂ ਗ੍ਰਾਂਟਾਂ ਨੂੰ ਬਿਨਾ ਦੇਰੀ ਜਾਰੀ ਕਰੇ, ਤਾਂ ਕਿ ਪੰਜਾਬ ਫਿਰ ਤੋਂ ਇਕ ਨੰਬਰ ਦਾ ਸੂਬਾ ਬਣ ਸਕੇ, ਤਾਂ ਹੀ ਪੰਜਾਬ ਦਾ ਦਿੱਲ ਜਿੱਤਿਆ ਜਾ ਸਕਦਾ ਹੈ, ਫਿਰ ਸ਼ਾਇਦ ਪੰਜਾਬ ਦੀ ਸਾਇਕੀ ਬਦਲ ਸਕੇ! ਹੁਣ ਵੇਖਦੇ ਹਾਂ ਕਿ ਭਾਰਤੀ ਜਨਤਾ ਪਾਰਟੀ ਦੀ ਸਰਕਾਰ ਆਪਣੀ ਪੀੜ੍ਹੀ ਹੇਠ ਸੋਟਾ ਮਾਰਦੀ ਹੋਈ ਆਪਣੀ ਨੀਤੀ ਵਿਚ ਸੁਧਾਰ ਲਿਆਵੇਗੀ ਕਿ ਜਾਂ ਫਿਰ ਗਲਤ-ਮਲਤ ਨੀਤੀਆਂ ਬਣਾ ਕੇ ਆਪਣੀ ਕੱਟੜ ਹਿੰਦੂਤਵੀ ਨੀਤੀ ਉਤੇ ਚਲਦੀ ਰਹੇਗੀ। ਹੁਣ 'ਬਾਲ' ਭਾਰਤੀ ਜਨਤਾ ਪਾਰਟੀ ਦੀ ਸਰਕਾਰ ਦੇ ਕੋਰਟ ਵਿਚ ਹੈ। ਵੇਖੋ! ਹੁਣ ਇਹ ਕੀ ਕਰਦੇ ਹਨ? "ਆਮੀਨ, ਆਮੀਨ"

# ਭਾਰਤੀ ਸੰਸਦ ਅਖਾੜਾ, ਦੰਗਲ ਜਾਂ ਲੋਕਤੰਤਰ

ਗੁਰਮੀਤ ਸਿੰਘ ਪਲਾਹੀ
# ਮੋਬਾਈਲ : 98158-02070
ਪੰਜਾਬ ਮੇਲ USA







**ਦੇਸ਼ ਦੀ ਸੰਸਦ ਦੇ ਸਿਆਣੇ ਇਸ ਗੱਲ 'ਤੇ ਚਰਚਾ ਤੋਂ ਕਿਉਂ ਕੰਨੀਂ ਕਤਰਾ ਰਹੇ ਹਨ ਕਿ ਵੋਟਾਂ ਤੋਂ ਪਹਿਲਾਂ ਨਕਦੀ ਟਰਾਂਸਫ਼ਰ ਕਰਕੇ ਸੂਬਿਆਂ 'ਚ ਹਾਕਮ ਧਿਰਾਂ ਵੋਟਾਂ ਪੱਕੀਆਂ ਕਰ ਰਹੀਆਂ ਹਨ। ਮੱਧ ਪ੍ਰਦੇਸ਼ ਵਿਚ ਲਾਡਲੀ ਬਹਿਨਾ, ਮਹਾਰਾਸ਼ਟਰ ਵਿਚ ਲਾਡਕੀ ਬਹਿਨ, ਕਰਨਾਟਕ ਵਿਚ ਗ੍ਰਹਿ ਲਕਸ਼ਮੀ, ਤਮਿਲਨਾਡੂ ਵਿਚ ਉਮਰਈ ਥੋਗਈ, ਹਰਿਆਣਾ ਵਿਚ ਲਾਡੋ, ਓਡੀਸ਼ਾ ਵਿਚ ਸੁਭੱਦਰਾ, ਝਾਰਖੰਡ ਵਿਚ ਮਈਆ ਸਨਮਾਨ, ਛੱਤੀਸਗੜ੍ਹ ਵਿਚ ਮਹਤਾਰੀ ਬੰਦਨ, ਬੰਗਾਲ ਵਿਚ ਲਕਸ਼ਮੀ ਭੰਡਾਰ, ਤੇਲੰਗਾਨਾ ਵਿਚ ਮਹਾ ਲਕਸ਼ਮੀ, ਅਸਾਮ ਵਿਚ ਔਰਨੋਦੋਈ, ਹਿਮਾਚਲ ਵਿਚ ਇੰਦਰਾ ਸਨਮਾਨ ਯੋਜਨਾਵਾਂ ਵਿਚ 1500 ਤੋਂ 2500 ਰੁਪਏ ਤੱਕ ਮਹੀਨਾਵਾਰ ਰਕਮ ਔਰਤਾਂ ਲਈ ਦੇ ਕੇ ਖਜ਼ਾਨੇ ਉੱਤੇ ਗੰਭੀਰ ਬੋਝ ਕਿਉਂ ਪਾਇਆ ਜਾ ਰਿਹਾ ਹੈ?**

ਦੇਸ਼ ਦੀ ਸੰਸਦ ਦੇ ਬਜਟ ਇਜਲਾਸ ਵਿਚ ਇਨ੍ਹਾਂ ਦਿਨਾਂ ਵਿਚ ਵੱਡੇ ਹੰਗਾਮੇ ਹੋਏ। ਸੱਤਾਧਾਰੀ ਅਤੇ ਵਿਰੋਧੀ ਪੱਖ ਵਿਚ ਵੱਡਾ ਦੰਗਲ ਵੇਖਣ ਨੂੰ ਮਿਲਿਆ। ਲੋਕ ਸਭਾ ਸਪੀਕਰ ਓਮ ਬਿਰਲਾ ਨੇ ਰਾਸ਼ਟਰਪਤੀ ਦੇ ਭਾਸ਼ਣ ਦੇ ਧੰਨਵਾਦ ਮਤੇ ਉੱਤੇ ਵਿਰੋਧੀ ਨੇਤਾ ਰਾਹੁਲ ਗਾਂਧੀ ਨੂੰ ਬੋਲਣ ਲਈ ਸਮਾਂ ਨਹੀਂ ਦਿੱਤਾ। ਲੋਕ ਸਭਾ ਵਿਚ ਇੰਨਾ ਹੰਗਾਮਾ ਹੋਇਆ ਕਿ ਕਾਂਗਰਸ ਦੇ ਅੱਠ ਲੋਕ ਸਭਾ ਮੈਂਬਰ ਮੁਅੱਤਲ ਕਰ ਦਿੱਤੇ ਗਏ। ਸਪੀਕਰ ਬਿਰਲਾ ਨੇ ਪ੍ਰਧਾਨ ਮੰਤਰੀ ਨੂੰ ਰਾਸ਼ਟਰਪਤੀ ਦੇ ਭਾਸ਼ਣ ਦੇ ਧੰਨਵਾਦ ਕਰਦੇ ਮਤੇ 'ਤੇ ਬਹਿਸ ਦਾ ਜਵਾਬ ਦੇਣ ਲਈ ਸਦਨ ਵਿਚ ਨਾ ਆਉਣ ਦੀ ਬੇਨਤੀ ਕੀਤੀ। ਲੋਕਤੰਤਰ ਦਾ ਇਹ ਵਿਸ਼ੇਸ਼ ਨਮੂਨਾ ਅੱਜਕੱਲ੍ਹ ਦੇਸ਼ ਦੇ ਹਿੱਸੇ ਆ ਰਿਹਾ ਹੈ।

ਲੋਕ ਸਭਾ ਵਿਚ ਵਿਰੋਧੀ ਸੰਸਦ ਮੈਂਬਰਾਂ ਨੇ ਭਾਰਤ-ਅਮਰੀਕਾ ਵਪਾਰਕ ਢਾਂਚੇ 'ਤੇ ਚਰਚਾ ਦੀ ਮੰਗ ਕੀਤੀ। ਰਾਜ ਸਭਾ ਵਿਚ ਵਿਰੋਧੀ ਧਿਰ ਦੇ ਆਗੂ ਮੱਲਿਕਾਰਜੁਨ ਖੜਗੇ ਨੂੰ ਵੀ ਬੋਲਣ ਦੀ ਆਗਿਆ ਨਹੀਂ ਦਿੱਤੀ ਗਈ। ਲੋਕ ਸਭਾ ਅਤੇ ਰਾਜ ਸਭਾ ਵਿਚ ਸੱਤਾ ਤੇ ਵਿਰੋਧੀ ਧਿਰ ਆਪਸ ਵਿਚ ਬੁਰੀ ਤਰ੍ਹਾਂ ਉਲਝੀ ਰਹੀ। ਲੋਕ ਸਭਾ ਵਿਚ ਕਾਂਗਰਸ ਦੀਆਂ ਮਹਿਲਾ ਮੈਂਬਰਾਂ ਨੇ ਸਪੀਕਰ ਬਿਰਲਾ 'ਤੇ ਦੋਸ਼ ਲਗਾਇਆ ਕਿ ਉਹ ਪ੍ਰਧਾਨ ਮੰਤਰੀ ਦੇ ਸਦਨ ਵਿਚੋਂ ਗ਼ਾਇਬ ਰਹਿਣ ਨੂੰ ਦਰੁੱਸਤ ਠਹਿਰਾਅ ਰਹੇ ਹਨ, ਜੋ ਸੰਵਿਧਾਨਕ ਕਦਰਾਂ-ਕੀਮਤਾਂ ਦੇ ਉਲਟ ਹੈ। ਉਨ੍ਹਾਂ ਕਿਹਾ ਕਿ ਪ੍ਰਧਾਨ ਮੰਤਰੀ ਸਦਨ ਵਿਚੋਂ ਮੈਂਬਰਾਂ ਵੱਲੋਂ ਕਿਸੇ ਖ਼ਤਰੇ ਕਰਕੇ ਗ਼ੈਰਹਾਜ਼ਰ ਨਹੀਂ ਹੋਏ, ਸਗੋਂ ਡਰ ਕਰਕੇ ਗ਼ੈਰਹਾਜ਼ਰ ਹੋਏ ਹਨ। ਕੀ ਇਹ ਰਾਜਾਸ਼ਾਹੀ ਦਾ ਸੰਕੇਤ ਤਾਂ ਨਹੀਂ?

ਅਮਰੀਕੀ ਯੌਨ ਸ਼ੋਸ਼ਣ ਅਪਰਾਧੀ ਜੈਫ਼ਰੀ ਐਪਸਟਿਨ ਨਾਲ਼ ਜੁੜੀਆਂ ਫਾਈਲਾਂ 'ਚ ਕੇਂਦਰੀ ਪੈਟਰੋਲੀਅਮ ਮੰਤਰੀ ਹਰਦੀਪ ਪੁਰੀ ਦਾ ਨਾਮ ਸਾਹਮਣੇ ਆਉਣ ਕਾਰਨ ਵੱਡਾ ਹੰਗਾਮਾ ਅਤੇ ਨਾਅਰੇਬਾਜ਼ੀ ਵੇਖਣ ਨੂੰ ਮਿਲੀ। ਕੇਂਦਰ ਸਰਕਾਰ ਵੱਲੋਂ ਰਾਸ਼ਟਰੀ ਗੀਤ 'ਬੰਦੇ ਮਾਤਰਮ' ਦੇ ਛੇ ਬੰਦ ਅਤੇ ਉਸ ਦੇ ਆਦਰ ਲਈ ਤਿੰਨ ਮਿੰਟ ਕੁਝ ਸਕਿੰਟ ਖੜ੍ਹੇ ਰਹਿਣ, ਉਸਦੇ ਬਾਅਦ ਰਾਸ਼ਟਰ ਗਾਣ ਨੂੰ ਜ਼ਰੂਰੀ ਕਰਾਰ ਦਿੱਤੇ ਜਾਣ ਸੰਬੰਧੀ ਸਦਨ ਵਿਚ ਵੱਡੀ ਬਹਿਸ ਛਿੜੀ। ਇੱਕ ਪੱਖ ਦਾ ਕਹਿਣਾ ਸੀ ਕਿ ਅਸੀਂ ਤਾਂ ਅੱਲਾਹ ਨੂੰ ਮੰਨਦੇ ਹਾਂ, ਕਿਸੇ ਹੋਰ ਨੂੰ ਨਹੀਂ। ਇੱਕ ਨੇ ਕਿਹਾ ਕਿ ਮੁਸਲਿਮ ਲੀਗ ਨੇ ਇਸ 'ਤੇ ਇਤਰਾਜ਼ ਕੀਤਾ ਸੀ ਤੇ ਇਤਰਾਜ਼ ਮੰਨਿਆ ਗਿਆ ਸੀ। ਇੱਕ ਹੋਰ ਨੇ ਕਿਹਾ ਕਿ ਇਹ ਸੰਪਰਦਾਇਕਤਾ ਫੈਲਾਉਣ ਦੀ ਕੋਸ਼ਿਸ਼ ਹੈ, ਜਦਕਿ ਦੂਜੇ ਨੇ ਕਿਹਾ ਕਿ ਇਹ ਦੇਸ਼ ਭਗਤੀ ਦਾ ਗੀਤ ਹੈ।

ਲੋਕਤੰਤਰ ਦੇ ਅਖਾੜੇ ਸੰਸਦ 'ਚ ਬਜਟ ਉੱਤੇ ਬਹਿਸ ਦਰਕਾਰ ਸੀ। ਸੰਸਦ ਵਿਚ ਮਹਿੰਗਾਈ, ਬੇਰੁਜ਼ਗਾਰੀ, ਬਣਾਉਟੀ ਬੁੱਧੀਮਤਾ (ਏ.ਆਈ.) ਕਾਰਨ ਆ ਰਹੀਆਂ ਚੁਣੌਤੀਆਂ, ਅਮਰੀਕਾ-ਭਾਰਤ ਸਮਝੌਤੇ ਬਾਰੇ ਵਿਸ਼ੇਸ਼ ਚਰਚਾ ਲੋੜੀਂਦੀ ਸੀ। ਚਰਚਾ ਤਾਂ ਦਿੱਲੀ ਦੇ ਪ੍ਰਦਰਸ਼ਨ ਉੱਤੇ, ਮਨੀਪੁਰ ਦੇ ਬਲਾਤਕਾਰਾਂ ਅਤੇ ਕਈ ਥਾਵਾਂ 'ਤੇ ਗੰਦੇ ਪਾਣੀ ਪੀਣ ਕਾਰਨ ਹੋਈਆਂ ਮੌਤਾਂ ਬਾਰੇ ਵੀ ਲੋੜੀਂਦੀ ਸੀ, ਪਰ ਇਨ੍ਹਾਂ ਚਰਚਾਵਾਂ ਲਈ ਸਦਨ ਦੇ ਮਾਣਯੋਗ ਮੈਂਬਰ ਸਮਾਂ ਹੀ ਨਹੀਂ ਕੱਢ ਸਕੇ। ਸਮਾਂ ਨਹੀਂ ਕੱਢ ਸਕੇ, ਦੇਸ਼ ਦੇ ਕਾਨੂੰਨਦਾਨ, ਇਸ ਗੱਲ ਲਈ ਚਰਚਾ ਕਰਨ ਵਾਸਤੇ ਕਿ ਪਿਛਲੇ 10 ਸਾਲਾਂ ਵਿਚ ਜੱਜਾਂ ਦੇ ਖ਼ਿਲਾਫ ਭ੍ਰਿਸ਼ਟਾਚਾਰ, ਯੌਨ ਦੁਰਾਚਾਰ ਅਤੇ ਹੋਰ ਗੰਭੀਰ 8639 ਸ਼ਿਕਾਇਤਾਂ ਕਿਉਂ ਆ ਗਈਆਂ? ਕੀ ਕਾਰਨ ਹਨ ਇਸਦੇ? ਖ਼ਾਸ ਤੌਰ 'ਤੇ 2024 ਵਿਚ ਹੀ 1170 ਸ਼ਿਕਾਇਤਾਂ ਕਿਉਂ ਦਰਜ ਹੋਈਆਂ? ਕਿਵੇਂ ਨੌਜਵਾਨਾਂ ਵਿਚ ਬੇਰੁਜ਼ਗਾਰੀ 'ਤੇ ਨਿਰਾਸ਼ਾ ਵੱਧ ਰਹੀ ਹੈ?

ਕਿਉਂ ਨਹੀਂ ਦੇਸ਼ ਦੀ ਸੰਸਦ ਇਸ ਗੱਲ 'ਤੇ ਵਿਚਾਰ ਕਰ ਸਕੀ ਕਿ 28 ਰਾਜਾਂ ਦੇ ਕਿਸਾਨਾਂ ਉੱਤੇ ਔਸਤ ਕਰਜ਼ਾ ਰਕਮ ਵੱਧ ਰਹੀ ਹੈ? ਰਾਸ਼ਟਰੀ ਸੰਖਿਆ ਦਫ਼ਤਰ ਵੱਲੋਂ ਜਾਰੀ ਅੰਕੜਿਆਂ ਅਨੁਸਾਰ ਖੇਤੀ-ਪ੍ਰਧਾਨ ਸੂਬਿਆਂ ਆਂਧਰਾ ਪ੍ਰਦੇਸ਼, ਕੇਰਲ, ਪੰਜਾਬ, ਹਰਿਆਣਾ, ਤੇਲੰਗਾਨਾ ਦੇ ਕਿਸਾਨਾਂ ਉੱਤੇ ਪ੍ਰਤੀ ਸਾਲ ਪ੍ਰਤੀ ਕਿਸਾਨ ਕਰਜ਼ਾ ਵੱਧ ਰਿਹਾ ਹੈ। ਆਂਧਰਾ ਪ੍ਰਦੇਸ਼ ਵਿਚ ਪ੍ਰਤੀ ਕਿਸਾਨ ਪ੍ਰਤੀ ਪਰਿਵਾਰ ਔਸਤ ਕਰਜ਼ਾ 2,45,554 ਰੁਪਏ, ਕੇਰਲ ਵਿਚ 2,42,482 ਰੁਪਏ, ਪੰਜਾਬ ਵਿਚ 2,03,249 ਰੁਪਏ, ਜਦਕਿ ਹਰਿਆਣਾ ਵਿਚ ਇਹ ਕਰਜ਼ਾ 1,82,922 ਰੁਪਏ ਹੈ।

ਇਹ ਜਾਣਦਿਆਂ ਵੀ ਕਿ ਕਿਸਾਨ ਦੀ ਆਮਦਨ ਘੱਟ ਰਹੀ ਹੈ, ਉਸ ਨੂੰ ਆਧੁਨਿਕ ਮਸ਼ੀਨਰੀ ਅਤੇ ਟਰੈਕਟਰ ਆਦਿ ਖਰੀਦਣ ਲਈ ਕਰਜ਼ਾ ਲੈਣਾ ਪੈ ਰਿਹਾ ਹੈ। ਉਸ ਲਈ ਸਰਕਾਰ ਵੱਲੋਂ ਉਸ ਅਹਿਮ ਖੇਤਰ ਲਈ ਸਬਸਿਡੀਆਂ ਮੁਹੱਈਆ ਕਰਨ ਦੀ ਲੋੜ ਹੈ, ਤਾਂ ਕਿ ਦੇਸ਼ ਦਾ ਅੰਨ ਭੰਡਾਰ ਸੁਰੱਖਿਅਤ ਰਹੇ। ਚਰਚਾ ਤਾਂ ਇਸ ਗੱਲ 'ਤੇ ਵੀ ਕਰਨੀ ਬਣਦੀ ਸੀ ਕਿ ਦੇਸ਼ ਕਣਕ-ਚਾਵਲ ਦੀ ਸੀਮਿਤ ਫ਼ਸਲ ਪ੍ਰਣਾਲੀ 'ਤੇ ਨਿਰਭਰ ਕਿਉਂ ਹੈ? ਦੇਸ਼ ਵਿਚ ਜ਼ਮੀਨ ਹੇਠਲਾ ਪਾਣੀ ਘੱਟ ਰਿਹਾ ਹੈ, ਤਾਂ ਕਿਉਂ ਘੱਟ ਰਿਹਾ ਹੈ? ਪਰ ਦੇਸ਼ ਦੇ ਨੇਤਾ ਤਾਂ ਸਿਰਫ਼ ਕੁਰਸੀ-ਯੁੱਧ ਵਿਚ ਗਲਤਾਨ ਰਹੇ। ਬਿਨਾਂ ਸ਼ੱਕ ਦੇਸ਼ ਦੀਆਂ ਸੀਮਾਵਾਂ ਨੂੰ ਸੁਰੱਖਿਆ ਚਾਹੀਦੀ ਹੈ। ਦੇਸ਼ ਵਿਚ ਸੜਕਾਂ ਦੇ ਜਾਲ ਵਿਛਾਏ ਜਾਣੇ ਚਾਹੀਦੇ ਹਨ। ਦੇਸ਼ ਦੇ ਬੁਨਿਆਦੀ ਢਾਂਚੇ ਦਾ ਆਧੁਨਿਕੀਕਰਨ ਜ਼ਰੂਰੀ ਹੈ। ਡਿਜ਼ੀਟਲ ਇੰਡੀਆ ਵੀ ਲੋੜੀਂਦਾ ਹੈ। ਪਰ ਬਹਿਸ ਤਾਂ ਇਸ ਗੱਲ 'ਤੇ ਹੋਣੀ ਚਾਹੀਦੀ ਹੈ ਕਿ ਸਰਕਾਰ ਨਿੱਜੀਕਰਨ ਦੇ ਰਾਹ ਪੈ ਕੇ ਦੇਸ਼ ਦਾ ਸਰਮਾਇਆ ਕੁਝ ਧੁਰੰਤਰਾਂ ਨੂੰ ਕਿਉਂ ਲੁਟਾ ਰਹੀ ਹੈ? ਦੇਸ਼ ਦੇ ਹਿੱਤ ਵੱਡੇ ਸਰਮਾਏਦਾਰਾਂ, ਕਾਰਪੋਰੇਟਾਂ ਦੇ ਹੱਥ ਕਿਉਂ ਫੜਾ ਰਹੀ ਹੈ?

ਕਿਉਂ ਚਰਚਾ ਨਹੀਂ ਹੋਈ ਕਿ ਸਰਕਾਰ ਕਿਉਂ ਦਬਾਅ ਵਿਚ ਆ ਕੇ ਅਮਰੀਕਾ ਵਰਗੇ ਦੇਸ਼ ਨਾਲ਼ ਟੈਰਿਫ਼ ਸਮਝੌਤਾ ਕਰ ਰਹੀ ਹੈ? ਅਮਰੀਕਾ 18 ਫ਼ੀਸਦੀ ਟੈਰਿਫ਼ ਲਏਗਾ ਅਤੇ ਭਾਰਤ 0 ਫ਼ੀਸਦੀ ਟੈਰਿਫ਼ ਲਵੇਗਾ-ਸਮਾਨਤਾ ਕਿੱਥੇ ਹੈ?

ਅਮਰੀਕੀ ਸਮਝੌਤੇ ਵਿਚ ਪਹੇਲੀ ਇਹ ਹੈ ਕਿ ਭਾਰਤ ਅਗਲੇ ਪੰਜ ਸਾਲਾਂ ਵਿਚ ਅਮਰੀਕਾ ਤੋਂ 500 ਅਰਬ ਡਾਲਰ ਦਾ ਕੀ ਖਰੀਦੇਗਾ? ਕੀ ਭਾਰਤ ਕੋਲ ਅਮਰੀਕਾ ਤੋਂ ਮਹਿੰਗੇ ਜਹਾਜ਼, ਸੈਨਿਕ ਸਮਾਨ ਅਤੇ ਉੱਚੀ ਕੀਮਤ 'ਤੇ ਤੇਲ ਖਰੀਦਣ ਤੋਂ ਬਿਨਾਂ ਹੋਰ ਕੋਈ ਬਦਲ ਹੈ? ਅਮਰੀਕਾ ਕੋਲ ਇਹੋ-ਜਿਹੀਆਂ ਹੋਰ ਕੋਈ ਚੀਜ਼ਾਂ ਨਹੀਂ, ਜੋ ਭਾਰਤ ਦੀ ਅਰਥਵਿਵਸਥਾ ਨੂੰ ਮਜ਼ਬੂਤ ਕਰ ਸਕਣ।

ਦੇਸ਼ ਦੀ ਸੰਸਦ ਦੇ ਸਿਆਣੇ ਇਸ ਗੱਲ 'ਤੇ ਚਰਚਾ ਤੋਂ ਕਿਉਂ ਕੰਨੀਂ ਕਤਰਾ ਰਹੇ ਹਨ ਕਿ ਵੋਟਾਂ ਤੋਂ ਪਹਿਲਾਂ ਨਕਦੀ ਟਰਾਂਸਫ਼ਰ ਕਰਕੇ ਸੂਬਿਆਂ 'ਚ ਹਾਕਮ ਧਿਰਾਂ ਵੋਟਾਂ ਪੱਕੀਆਂ ਕਰ ਰਹੀਆਂ ਹਨ। ਮੱਧ ਪ੍ਰਦੇਸ਼ ਵਿਚ ਲਾਡਲੀ ਬਹਿਨਾ, ਮਹਾਰਾਸ਼ਟਰ ਵਿਚ ਲਾਡਕੀ ਬਹਿਨ, ਕਰਨਾਟਕ ਵਿਚ ਗ੍ਰਹਿ ਲਕਸ਼ਮੀ, ਤਮਿਲਨਾਡੂ ਵਿਚ ਉਮਰਈ ਥੋਗਈ, ਹਰਿਆਣਾ ਵਿਚ ਲਾਡੋ, ਓਡੀਸ਼ਾ ਵਿਚ ਸੁਭੱਦਰਾ, ਝਾਰਖੰਡ ਵਿਚ ਮਈਆ ਸਨਮਾਨ, ਛੱਤੀਸਗੜ੍ਹ ਵਿਚ ਮਹਤਾਰੀ ਬੰਦਨ, ਬੰਗਾਲ ਵਿਚ ਲਕਸ਼ਮੀ ਭੰਡਾਰ, ਤੇਲੰਗਾਨਾ ਵਿਚ ਮਹਾ ਲਕਸ਼ਮੀ, ਅਸਾਮ ਵਿਚ ਔਰਨੋਦੋਈ, ਹਿਮਾਚਲ ਵਿਚ ਇੰਦਰਾ ਸਨਮਾਨ ਯੋਜਨਾਵਾਂ ਵਿਚ 1500 ਤੋਂ 2500 ਰੁਪਏ ਤੱਕ ਮਹੀਨਾਵਾਰ ਰਕਮ ਔਰਤਾਂ ਲਈ ਦੇ ਕੇ ਖਜ਼ਾਨੇ ਉੱਤੇ ਗੰਭੀਰ ਬੋਝ ਕਿਉਂ ਪਾਇਆ ਜਾ ਰਿਹਾ ਹੈ? ਕਿਉਂ ਨਹੀਂ ਇਸ ਮੁੱਦੇ ਉੱਤੇ ਚਰਚਾ ਹੁੰਦੀ ਕਿ 12 ਰਾਜਾਂ ਦੀਆਂ 12.8 ਕਰੋੜ ਔਰਤਾਂ ਨੂੰ ਹਰ ਸਾਲ 1.9 ਲੱਖ ਕਰੋੜ ਰੁਪਏ ਚੋਣਾਂ ਤੋਂ ਪਹਿਲਾਂ ਹੀ ਕਿਉਂ ਦਿੱਤੇ ਜਾਂਦੇ ਹਨ? ਔਰਤਾਂ ਦੀਆਂ ਵੋਟਾਂ ਖਰੀਦਣ ਲਈ ਲਾਲਚ ਦੇਣ ਦਾ ਰੁਝਾਨ ਕਿਉਂ ਵੱਧ ਰਿਹਾ ਹੈ?

ਮਸਲੇ ਤਾਂ ਦੇਸ਼ ਨੂੰ ਦਰਪੇਸ਼ ਹੋਰ ਵੀ ਬਥੇਰੇ ਹਨ, ਪਰ ਦੇਸ਼ ਦੇ ਨੇਤਾ ਸੰਜੀਦਗੀ ਨਾਲ਼ ਵਿਚਾਰ ਕਰਨ ਦੇ ਰਾਹ ਨਹੀਂ ਪੈ ਰਹੇ। ਵੋਟਾਂ ਖਰੀਦੀਆਂ ਜਾਂਦੀਆਂ ਹਨ। ਆਗੂ ਕਾਨੂੰਨ-ਘੜਨੀ ਸਭਾ ਦੇ ਮੈਂਬਰ ਬਣਦੇ ਹਨ, ਉਹ ਲੋਕ ਵੀ ਇਨ੍ਹਾਂ ਸਦਨਾਂ ਦੇ ਮੈਂਬਰ ਬਣ ਜਾਂਦੇ ਹਨ, ਜਿਨ੍ਹਾਂ ਉੱਤੇ ਅਪਰਾਧਿਕ ਕੇਸ ਦਰਜ ਹਨ। ਫਿਰ ਸਦਨਾਂ ਵਿਚ ਜਾ ਕੇ ਦੇਸ਼-ਹਿੱਤ, ਲੋਕ-ਹਿੱਤ ਦੀ ਗੱਲ ਕਰਨੀ ਸ਼ਾਇਦ ਇਨ੍ਹਾਂ ਨੂੰ ਸੁਖਾਵੀਂ ਤੇ ਸਾਰਥਕ ਹੀ ਨਹੀਂ ਜਾਪਦੀ।

ਸੰਸਦ ਵਿਚ ਜਦੋਂ ਵਿਰੋਧੀ ਧਿਰ ਦੇ ਨੇਤਾ ਰਾਹੁਲ ਗਾਂਧੀ ਨੇ ਮੰਗ ਕੀਤੀ ਕਿ ਸਾਬਕਾ ਸੈਨਾ ਜਨਰਲ ਮਨੋਜ ਮੁਕੰਦ ਨਰਵਾਣੇ ਦੀ ਪੁਸਤਕ ਵਿਚ ਜ਼ਿਕਰ ਕੀਤੀਆਂ ਕੁਝ ਘਟਨਾਵਾਂ ਅਤੇ ਫ਼ੈਸਲਿਆਂ ਸੰਬੰਧੀ ਪ੍ਰਧਾਨ ਮੰਤਰੀ ਅਤੇ ਰੱਖਿਆ ਮੰਤਰੀ ਦੀ ਭੂਮਿਕਾ 'ਤੇ ਸਪੱਸ਼ਟੀਕਰਨ ਹੋਣਾ ਚਾਹੀਦਾ ਹੈ, ਤਾਂ ਸੰਸਦ ਵਿਚ ਇੱਕ ਯੁੱਧ ਛਿੜ ਗਿਆ। ਇਸ ਚਰਚਾ ਨੂੰ ਨਿਯਮਾਂ ਵਿਰੁੱਧ ਦੱਸਿਆ ਗਿਆ। ਵਿਸ਼ੇਸ਼ ਅਧਿਕਾਰ ਹਨਨ ਦਾ ਮਤਾ ਪੇਸ਼ ਕਰਨ ਦੀਆਂ ਤਰਕੀਬਾਂ ਸੋਚੀਆਂ ਗਈਆਂ। ਸਪੀਕਰ ਵਿਰੁੱਧ ਅਵਿਸ਼ਵਾਸ ਦਾ ਮਤਾ ਪੇਸ਼ ਹੋਇਆ। ਹਾਏ-ਹਾਏ ਦੇ ਨਾਅਰੇ ਲੱਗੇ।

ਪਰ ਸਦਨ ਦਾ ਇਹ ਸੈਸ਼ਨ ਸੁਸਤ ਬਜਟ ਬਾਰੇ ਚੁੱਪੀ 'ਤੇ ਚੁੱਪ ਰਿਹਾ। ਕੋਈ ਬਹਿਸ ਨਹੀਂ ਕਰ ਸਕਿਆ। ਵੈਸੇ ਇਸ ਸਦਨ ਵਿਚ ਬਹਿਸ ਦੀ ਗੁੰਜਾਇਸ਼ ਹੀ ਕਿੱਥੇ ਹੈ? ਵਿਰੋਧੀ ਬੋਲਣ ਲੱਗਦੇ ਹਨ ਤਾਂ ਸੱਤਾਧਾਰੀ ਰੌਲਾ ਪਾਉਂਦੇ ਹਨ। ਆਵਾਜ਼ ਦਬਾ ਦਿੱਤੀ ਜਾਂਦੀ ਹੈ। ਮਸਲੇ ਸਦਨ ਦੇ ਮੈਂਬਰਾਂ ਦੇ ਝੋਲਿਆਂ ਤੋਂ ਬਾਹਰ ਹੀ ਨਹੀਂ ਨਿਕਲਣ ਦਿੱਤੇ ਜਾਂਦੇ।

ਹਾਂ, ਇੱਕ ਕੰਮ ਜ਼ਰੂਰ ਕਰ ਦਿੱਤਾ ਜਾਂਦਾ ਹੈ ਬਹੁਗਿਣਤੀ ਸਰਕਾਰ ਵੱਲੋਂ ਕਿ ਕਿਸਾਨਾਂ-ਮਜ਼ਦੂਰਾਂ ਵਿਰੋਧੀ ਕਾਨੂੰਨ ਇੱਕੋ ਝਟਕੇ ਵਿਚ ਪਾਸ ਕਰ ਦਿੱਤੇ ਜਾਂਦੇ ਹਨ। ਮਗਨਰੇਗਾ ਅਤੇ ਮਜ਼ਦੂਰਾਂ ਵਿਰੋਧੀ ਕਾਨੂੰਨਾਂ ਉੱਤੇ ਚਰਚਾ ਦੀ ਜ਼ਰੂਰਤ ਹੀ ਨਹੀਂ ਸਮਝੀ ਗਈ।

ਭਾਰਤ ਦੀ ਸੰਸਦ ਲੋਕਤੰਤਰ ਦਾ ਘਰ ਹੈ। ਇਹ ਸਦਨ ਲੋਕਾਂ ਦੀ ਆਵਾਜ਼ ਸੁਣਨ-ਬਣਨ ਲਈ ਬਣਾਏ ਗਏ ਸਨ, ਪਰ ਅੱਜ ਇਹ ਲੋਕਾਂ ਦੀ ਆਵਾਜ਼ ਬੰਦ ਕਰਨ ਲਈ ਵਰਤੇ ਜਾ ਰਹੇ ਹਨ। ਕਾਰਨ ਸਿੱਧਾ ਤੇ ਸਪੱਸ਼ਟ ਹੈ ਕਿ ਇਸ ਸਦਨ ਵਿਚ ਲੋਕ-ਹਿੱਤਾਂ ਨੂੰ ਪਿਆਰ ਕਰਨ ਵਾਲੇ ਲੋਕਾਂ ਦੀ ਘਾਟ ਮਹਿਸੂਸ ਹੋਣ ਲੱਗੀ ਹੈ। ਸੰਸਦ ਵਿਚ ਆਪੋ-ਆਪਣੇ ਮਸਲੇ ਪੇਸ਼ ਕਰਨ ਦੀ ਗੱਲ ਗ਼ੈਰਹਾਜ਼ਰ ਹੈ। ਕੇਂਦਰੀਕਰਨ ਦੀ ਰਾਜਨੀਤੀ ਹਾਵੀ ਹੋਣ ਕਾਰਨ ਲੋਕਾਂ ਦੀ ਆਵਾਜ਼ ਜਿਵੇਂ ਪਾਰਟੀ ਪੱਧਰ 'ਤੇ ਦਬਾਈ ਜਾ ਰਹੀ ਹੈ, ਉਵੇਂ ਹੀ ਇਨ੍ਹਾਂ ਸਦਨਾਂ 'ਚ ਦੱਬੀ ਜਾ ਰਹੀ ਹੈ। ਸਿੱਟਾ ਆਪਸੀ ਗੁੱਟਬਾਜ਼ੀ ਤੇ ਲੜਾਈ ਵਿਚ ਨਿਕਲ ਰਿਹਾ ਹੈ।

ਦੇਸ਼ ਭੁੱਖਮਰੀ ਦਾ ਸ਼ਿਕਾਰ ਹੈ-ਕੀ ਸਦਨ ਚਿੰਤਤ ਹੈ? ਦੇਸ਼ ਬੇਰੁਜ਼ਗਾਰੀ ਦਾ ਮਾਰਿਆ ਪਿਆ ਹੈ-ਕੀ ਸਦਨ ਮੈਂਬਰਾਂ ਨੂੰ ਫ਼ਿਕਰ ਹੈ? ਦੇਸ਼ ਵਿਚ ਕਾਲੇ ਕਾਨੂੰਨ ਬਣ ਰਹੇ ਹਨ, ਕਿਸਾਨ-ਮਜ਼ਦੂਰ ਵਿਰੋਧੀ-ਕੀ ਵਿਰੋਧੀ-ਸੱਤਾਧਾਰੀ ਮੈਂਬਰਾਂ ਨੂੰ ਇਸ ਸੰਬੰਧੀ ਜਾਣਕਾਰੀ ਹੈ? ਦੇਸ਼ ਅੱਜ ਧਰਮ ਦੇ ਨਾਮ 'ਤੇ ਵੰਡਿਆ ਜਾ ਰਿਹਾ ਹੈ। ਫ਼ਿਰਕਾਪ੍ਰਸਤੀ ਵੱਧ ਰਹੀ ਹੈ। ਕੀ ਦੇਸ਼ ਦੀ ਸੰਸਦ ਵਿਚ ਇਸ ਸੰਬੰਧੀ ਕਿਸੇ ਚਰਚਾ ਕੀਤੀ ਹੈ? ਬੁਲਡੋਜ਼ਰ ਦੀ ਨੀਤੀ ਭਾਰੂ ਹੋ ਰਹੀ ਹੈ। ਨੇਤਾ-ਸ਼ਾਸਕ ਆਪੇ ਜੱਜ ਬਣ ਰਹੇ ਹਨ। ਕੀ ਸਦਨ ਦੇ ਮੈਂਬਰ ਇਸ ਸੰਬੰਧੀ ਸੁਚੇਤ ਹਨ? ਕੀ ਦੇਸ਼ ਦੇ ਕੁਦਰਤੀ ਸਾਧਨ ਕਾਰਪੋਰੇਟਾਂ ਹੱਥ ਗਿਰਵੀ ਕੀਤੇ ਜਾ ਰਹੇ ਹਨ, ਇਸ ਸੰਬੰਧੀ ਕਦੇ ਸੰਸਦ ਵਿਚ ਕੁਝ ਤੱਥ 'ਤੇ ਵਿਚਾਰ ਕਿਸੇ ਮੈਂਬਰ ਨੇ ਰੱਖੇ ਹਨ?

ਲੋਕਤੰਤਰ ਦਾ ਦਰਵਾਜ਼ਾ ਭਾਰਤੀ ਸਦਨ ਰੂਹ ਦੇ ਪੱਖੋਂ ਖਾਮੋਸ਼ ਹੈ, ਇਹ ਬੜਬੋਲੀ ਤੇ ਹਮਲਾਵਰ ਹੋਈ ਜ਼ਰੂਰ ਦਿਖਦੀ ਹੈ। "ਵਿਸ਼ੇਸ਼ ਅਧਿਕਾਰ ਹਨਨ" ਲਿਆਉਣ ਦੇ ਮਾਮਲੇ 'ਤੇ ਦੇਸ਼ ਦਾ ਵਿਰੋਧੀ ਧਿਰ ਨੇਤਾ ਇਹ ਤਾਂ ਕਹਿੰਦਾ ਹੈ, "ਮੈਨੂੰ ਪਾਰਲੀਮੈਂਟ ਵਿਚੋਂ ਕੱਢ ਦਿਓ, ਮੈਂ ਡਰਨ ਵਾਲਾ ਨਹੀਂ ਹਾਂ। ਮੈਂ ਸੱਚ ਦੇ ਨਾਲ਼ ਖੜ੍ਹਾ ਹਾਂ। ਮੈਂ ਕਿਸਾਨ ਦੇ ਨਾਲ਼ ਖੜ੍ਹਾ ਹਾਂ। ਮੈਂ ਮਜ਼ਦੂਰ ਦੇ ਨਾਲ਼ ਖੜ੍ਹਾ ਹਾਂ।" ਪਰ ਕੀ ਇਹ ਸ਼ਹੀਦ ਦਾ ਦਰਜਾ ਪ੍ਰਾਪਤ ਕਰਨ ਦਾ ਯਤਨ ਤਾਂ ਨਹੀਂ?

ਸੰਸਦ ਦੇ ਸਮਾਗਮਾਂ 'ਤੇ ਕਰੋੜਾਂ ਰੁਪਏ ਪ੍ਰਤੀ ਦਿਨ ਦਾ ਖ਼ਰਚ ਹੈ। ਪਾਰਲੀਮੈਂਟ ਸਦਨ ਲੋਕਾਂ ਦੇ ਦਿੱਤੇ ਟੈਕਸ ਦੇ ਪੈਸਿਆਂ ਦੀ ਦੁਰਵਰਤੋਂ ਦਾ ਸਥਾਨ ਬਣ ਚੁੱਕੇ ਹਨ, ਜਿਹੜੇ ਆਮ ਲੋਕਾਂ ਨੂੰ ਕੋਈ ਰਾਹਤ ਜਾਂ ਚੈਨ ਨਹੀਂ ਦੇ ਰਹੇ। ਲੋਕਤੰਤਰ ਦਾ ਪਵਿੱਤਰ ਥਾਂ ਬਣਨ ਦੀ ਥਾਂ ਦੰਗਲ ਦਾ ਅਖਾੜਾ ਬਣ ਰਹੇ ਹਨ। ਇਹ ਸੱਚਮੁੱਚ ਦੇਸ਼ ਵਾਸੀਆਂ ਲਈ ਚਿੰਤਾ ਦਾ ਵਿਸ਼ਾ ਹੈ।

# ਸਿੱਖੀ ਸਿੱਖਿਆ ਗੁਰ ਵੀਚਾਰਿ




ਮਾਸਟਰ ਨਿਰਮਲ ਸਿੰਘ ਲਾਲੀ
ਯੂਬਾ ਸਿਟੀ
530-777-0955
ਪੰਜਾਬ ਮੇਲ USA




ਉਪਰੋਕਤ ਮਹਾਂਵਾਕ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਉਚਾਰਿਆ ਹੋਇਆ ਹੈ। ਇਸ ਮਹਾਂਵਾਕ ਦੇ ਸ਼ਬਦੀ ਅਰਥ ਹਨ ਕਿ ਸਿੱਖਣਾ, ਭਾਵ ਸਿੱਖ ਉਹ ਹੈ, ਜਿਹੜਾ ਸਿੱਖਿਆਰਥੀ ਹੈ। ਸਿੱਖਦੇ ਰਹਿਣਾ ਹੀ ਸਿੱਖੀ ਜੀਵਨ ਹੈ, ਪਰ ਅਫਸੋਸ ਦੀ ਗੱਲ ਹੈ ਕਿ ਸਿੱਖ ਧਰਮ ਦੀ ਸਥਾਪਤੀ ਨੂੰ ਸਦੀਆਂ ਹੀ ਬੀਤ ਗਈਆਂ, ਅਜੇ ਇਸ ਵਿਸ਼ੇ ਬਾਰੇ ਛਿੱਕੂ ਵਿਚੋਂ ਇਕ ਪੂਣੀ ਵੀ ਨਹੀਂ ਕੱਤੀ। ਜਿਸ ਦਾ ਸਿੱਟਾ ਇਹ ਹੈ ਕਿ ਗੁਰੂ ਅਰਜਨ ਦੇਵ ਜੀ ਦੇ ਵੇਲੇ ਦੇ ਸਮਾਜ ਤੇ ਵਰਤਮਾਨ ਸਮਾਜ ਵਿਚ ਕੋਈ ਅੰਤਰ ਨਹੀਂ ਆਇਆ। ਕਿਉਂਕਿ ਅਸੀਂ ਧਰਮ ਨੂੰ ਅੱਜ ਤੱਕ ਸਮਝ ਹੀ ਨਹੀਂ ਸਕੇ। ਅਸੀਂ ਗੁਰਬਾਣੀ ਪੜ੍ਹਦੇ ਹਾਂ, ਗੁਰੂ ਘਰ ਵੀ ਜਾਂਦੇ ਹਾਂ, ਕੀਰਤਨ ਤੇ ਕਥਾ ਵੀ ਸੁਣਦੇ ਹਾਂ, ਪਰ ਸਿੱਖਦੇ ਕੁਝ ਵੀ ਨਹੀਂ। ਭਾਵ ਗੁਰਬਾਣੀ ਮਨੁੱਖ ਨੂੰ ਸਿੱਖਿਆ ਕੀ ਦਿੰਦੀ ਹੈ। ਮਨੁੱਖ ਨੇ ਕਰਨਾ ਕੀ ਹੈ ਅਤੇ ਮਨੁੱਖ ਕਰ ਕੀ ਰਿਹਾ ਹੈ। ਇਹ ਦਸ਼ਾ ਇਕ ਸਾਧਾਰਨ ਸਿੱਖ ਦੀ ਹੀ ਨਹੀਂ, ਸਗੋਂ ਸਾਡੇ ਪ੍ਰਚਾਰਕਾਂ, ਧਾਰਮਿਕ ਆਗੂਆਂ ਅਤੇ ਗੁਰੂ ਘਰਾਂ ਦੇ ਪ੍ਰਬੰਧਕਾਂ ਦੀ ਵੀ ਇਹੋ ਦਸ਼ਾ ਹੈ।

ਕੇਸ ਦਾੜ੍ਹੀ ਰੱਖਣ ਅਤੇ ਅੰਮ੍ਰਿਤ ਛਕਣ ਨਾਲ ਕੋਈ ਮਨੁੱਖ ਧਰਮੀ ਨਹੀਂ ਬਣ ਜਾਂਦਾ, ਪਰ ਅਸੀਂ ਇਸ ਨੂੰ ਹੀ ਧਰਮ ਸਮਝਿਆ। ਇਹ ਤਾਂ ਸਿੱਖੀ ਸਰੂਪ ਹੈ ਅਤੇ ਜਿੰਨੀ ਦੇਰ ਸਿੱਖੀ ਕਿਰਦਾਰ ਦਾ ਮਨੁੱਖ ਨਹੀਂ ਬਣ ਸਕਦਾ ਹੈ। ਤੁਸੀਂ ਕੀ ਹੋ? ਤੁਹਾਡੇ ਪਾਸ ਕੀ ਹੈ? ਇਹ ਜੀਵਨ ਦੇ ਦੋ ਪਹਿਲੂ ਹਨ। ਅਸੀਂ ਜਾਇਦਾਦ ਬਣਾਉਣ, ਡਾਕਟਰ ਬਣਨ, ਅਧਿਆਪਕ ਬਣਨ ਦਾ ਯਤਨ ਕਰਦੇ ਹਾਂ ਅਤੇ ਬੱਚਿਆਂ ਨੂੰ ਇਸ ਦੀ ਸਿੱਖਿਆ ਦਿੰਦੇ ਹਾਂ, ਪਰ ਅਸੀਂ ਇਹ ਕਦੀਂ ਨਹੀਂ ਸੋਚਿਆ ਕਿ ਅਸੀਂ ਚੰਗੇ ਮਨੁੱਖ ਵੀ ਬਣਨਾ ਹੈ। ਇਕ ਚੰਗਾ ਡਾਕਟਰ ਬਣਨਾ, ਇਕ ਚੰਗਾ ਲੇਖਕ ਬਣਨਾ, ਇਕ ਚੰਗਾ ਅਧਿਆਪਕ ਬਣਨਾ ਵੱਖਰੀ ਗੱਲ ਹੈ ਅਤੇ ਇਕ ਚੰਗਾ ਮਨੁੱਖ ਬਣਨਾ ਦੂਜੀ ਗੱਲ ਹੈ। ਅੱਜ ਸਮਾਜ ਦੀ ਧਾਰਮਿਕ, ਰਾਜਨੀਤਿਕ, ਵਿਦਿਅਕ, ਸੱਭਿਆਚਾਰ, ਮਨੁੱਖੀ ਤੇ ਨੈਤਿਕ ਕਦਰਾਂ-ਕੀਮਤਾਂ ਭੁੱਲਦੇ ਜਾ ਰਹੇ ਹਾਂ। ਅੱਜ ਦਾ ਮਨੁੱਖ ਏਨਾ ਪਦਾਰਥਵਾਦੀ ਹੋ ਗਿਆ ਹੈ ਕਿ ਉਸ ਨੂੰ ਪੈਸੇ ਬਿਨਾਂ ਕੁਝ ਵੀ ਹੋਰ ਨਜ਼ਰ ਨਹੀਂ ਆਉਂਦਾ। ਅੱਜ ਅਸੀਂ ਪਰਿਵਾਰਕ ਰਿਸ਼ਤਿਆਂ ਦੀ ਅਹਿਮੀਅਤ ਨੂੰ ਭੁੱਲ ਗਏ ਹਾਂ। ਕਦੀ ਸਮਾਂ ਹੁੰਦਾ ਸੀ ਕਿ ਪਰਿਵਾਰਕ ਰਿਸ਼ਤਿਆਂ ਵਿਚ ਕਿੰਨਾ ਨਿੱਘ ਹੁੰਦਾ ਸੀ, ਭਾਵ ਚਾਚਾ, ਤਾਇਆ, ਮਾਮਾ, ਫੁੱਫੜ ਆਦਿ ਸ਼ਬਦ ਮਨੁੱਖੀ ਮਨ ਨੂੰ ਕਿੰਨਾ ਸਕੂਨ ਦਿੰਦੇ ਸੀ। ਪਰ ਅੱਜਕੱਲ੍ਹ ਆਂਟੀ ਤੇ ਅੰਕਲ ਹੀ ਰਹਿ ਗਿਆ ਹੈ। ਅਸੀਂ ਲੇਖ ਦਾ ਆਰੰਭ ਸਿੱਖਣ ਤੋਂ ਕੀਤਾ ਸੀ। ਸਿੱਖ ਧਰਮ ਦਾ ਆਰੰਭ ਵੀ ਸਿੱਖਣ ਤੋਂ ਹੀ ਹੋਇਆ ਸੀ। ਉਸ ਵੇਲੇ ਸਮਾਜ ਵਿਚ ਬਹੁਤ ਊਣਤਾਈਆਂ ਸਨ, ਭਾਵ ਮਨੁੱਖ, ਮਨੁੱਖ ਨੂੰ ਮਨੁੱਖ ਨਹੀਂ ਸਮਝਦਾ ਸੀ। ਊਚ-ਨੀਚ, ਜਾਤਾਂ-ਪਾਤਾਂ, ਅਮੀਰੀ-ਗਰੀਬੀ ਦਾ ਬੋਲਬਾਲਾ ਸੀ। ਰਾਜੇ ਹੀ ਆਪਣੀ ਪਰਜਾ ਉੱਤੇ ਅਕਹਿ ਅਤੇ ਅਸਹਿ ਜ਼ੁਲਮ ਕਰਦੇ ਸਨ, ਜਿਵੇਂ ਸ੍ਰੀ ਗੁਰੂ ਨਾਨਕ ਦੇਵ ਜੀ ਫੁਰਮਾਉਂਦੇ ਹਨ:

"ਰਾਜੇ ਸ਼ੀਂਹ ਮੁਕੱਦਮ ਕੁੱਤੇ॥"

ਧਰਮ ਦਾ ਵੀ ਇਹੋ ਹਾਲ ਸੀ। ਇਸਤਰੀ ਜਾਤੀ ਦੀ ਦਸ਼ਾ ਵੀ ਬਿਆਨ ਤੋਂ ਬਾਹਰ ਸੀ, ਜਿਸ ਕਰਕੇ ਗੁਰੂ ਜੀ ਨੇ ਫੁਰਮਾਇਆ ਸੀ:

"ਸੋ ਕਿਉਂ ਮੰਦਾ ਆਖੀਐ, ਜਿਤ ਜੰਮਹਿ ਰਜਾਨ॥"

ਗੁਰਬਾਣੀ ਪੜ੍ਹਨਾ, ਸਿਮਰਨ ਕਰਨਾ ਅਤੇ ਅੰਮ੍ਰਿਤ ਛਕਣਾ, ਇਹ ਚੰਗੇ ਮਨੁੱਖ ਬਣਨ ਦੇ ਸਾਧਨ ਹਨ, ਨਾ ਕਿ ਮਨੋਰਥ। ਸਿੱਖ ਧਰਮ ਅਤੇ ਗੁਰਬਾਣੀ ਮਨੁੱਖ ਨੂੰ ਪੂਰਨ ਮਨੁੱਖ ਬਣਨ ਦੀ ਸਿੱਖਿਆ ਦਿੰਦੀ ਹੈ। ਸਿੱਖ ਧਰਮ ਤੋਂ ਪਹਿਲੇ ਵੀ ਧਰਮ ਤਾਂ ਸਨ ਪਰ ਉਹ ਮਨੁੱਖਤਾ 'ਤੇ ਪੂਰੇ ਨਹੀਂ ਉਤਰਦੇ ਸਨ, ਜਿਵੇਂ ਨਿਰਧਨਾਂ ਨੂੰ ਤਾਂ ਮੰਦਰਾਂ ਵਿਚ ਜਾਣ ਦੀ ਵੀ ਆਗਿਆ ਨਹੀਂ ਸੀ ਅਤੇ ਅਮੀਰ ਗਰੀਬਾਂ 'ਤੇ ਜ਼ੁਲਮ ਕਰਦੇ ਸਨ। ਗੁਰੂ ਜੀ ਨੇ ਸਿੱਖ ਧਰਮ ਦੀ ਸਥਾਪਨਾ ਹੀ ਇਸ ਲਈ ਕੀਤੀ ਸੀ ਕਿ ਮਨੁੱਖ ਪੂਰਨ ਮਨੁੱਖ ਬਣੇ ਅਤੇ ਸੇਵਾ ਸਿਮਰਨ ਦਾ ਧਾਰਨੀ ਬਣੇ। ਗੁਰੂ ਜੀ ਨੇ ਮਨੁੱਖ ਨੂੰ ਚੰਗਾ ਮਨੁੱਖ ਬਣਕੇ ਸ਼ੁੱਭ ਕੰਮ ਕਰਨ 'ਤੇ ਜ਼ੋਰ ਦਿਤਾ, ਜਿਵੇਂ ਗੁਰੂ ਜੀ ਫੁਰਮਾਉਂਦੇ ਹਨ, "ਅਮਲਾਂ 'ਤੇ ਹੋਣੇ ਨੇ ਨਿਬੇੜੇ ਤੇ ਜਾਤ ਕਿਸੇ ਪੁੱਛਣੀ ਨਹੀਂ।" ਜਦੋਂ ਗੁਰੂ ਜੀ ਨੂੰ ਪੁੱਛਿਆ ਗਿਆ ਸੀ ਕਿ ਹਿੰਦੂ ਵੱਡਾ ਕਿ ਮੁਸਲਮਾਨ, ਤਾਂ ਗੁਰੂ ਜੀ ਦਾ ਉੱਤਰ ਸੀ, "ਸ਼ੁੱਭ ਅਮਲਾਂ ਬਾਝੋਂ ਦੋਨੋ ਰੋਇ॥"

ਸੋ ਅੰਤ ਵਿਚ ਜਦੋਂ ਤੱਕ ਮਨੁੱਖ ਦੇ ਸੁਭਾਅ ਵਿਚ ਬੇਨੇਮੀ ਤੇ ਵਹਿਸ਼ੀਪੁਣੇ ਦੀ ਲਕੀਰ ਮਿਟ ਨਹੀਂ ਜਾਂਦੀ, ਭਾਵ ਮਨੁੱਖ ਪੂਰਨ ਮਨੁੱਖ ਨਹੀਂ ਬਣ ਜਾਂਦਾ, ਤਾਂ ਸਮਾਜ ਦਾ ਸੁਧਾਰ ਨਹੀਂ ਹੋ ਸਕਦਾ। ਦੂਸਰੀ ਗੱਲ, ਜਦੋਂ ਤੱਕ ਅਸੀਂ ਗੁਰਬਾਣੀ ਦੇ ਅਨੁਸਰ ਭਾਵ ਗੁਰੂ ਜੀ ਦੀ ਸਿੱਖਿਆ, ਉਪਦੇਸ਼ਾਂ ਤੇ ਸਿਧਾਂਤਾਂ ਦੇ ਅਨੁਸਾਰ, ਆਪਣਾ ਜੀਵਨ ਨਹੀਂ ਗੁਜ਼ਾਰਦੇ, ਮਨੁੱਖ ਜੀਵਨ ਸੁੱਖਮਈ, ਸ਼ਾਂਤ, ਸੰਤੁਸ਼ਟ ਤੇ ਖੁਸ਼ਹਾਲ ਨਹੀਂ ਹੋ ਸਕਦਾ। ਤੀਜੀ ਗੱਲ, ਚੰਗੇ ਸਮਾਜ ਦੀ ਸਿਰਜਣਾ ਨਹੀਂ ਹੋ ਸਕਦੀ, ਜਦੋਂ ਤੱਕ ਘੱਟੋ-ਘੱਟ ਵਿਸ਼ੇਸ਼ ਵਿਅਕਤੀ ਭਾਵ ਧਾਰਮਿਕ ਆਗੂ, ਰਾਜਨੀਤਿਕ, ਪੱਤਰਕਾਰ, ਸਾਹਿਤਕਾਰ ਅਤੇ ਅਧਿਆਪਕ ਚੰਗੇ, ਸੱਚੇ ਤੇ ਸੁੱਚੇ ਕਿਰਦਾਰ ਵਾਲੇ ਨਹੀਂ ਹੁੰਦੇ।

ਮਨੁੱਖ ਨੇ ਸਿੱਖਣਾ ਕੀ ਹੈ? ਸਾਰੀ ਉਮਰ ਮਨੁੱਖ ਸਿੱਖਦਾ ਹੈ, ਜਿਹੜਾ ਸਿੱਖਣਾ ਚਾਹੁੰਦਾ ਹੈ, ਕਿਉਂਕਿ ਗਿਆਨ ਕਦੀ ਵੀ ਸਮਾਪਤ ਨਹੀਂ ਹੁੰਦੀ।

ਮਨੁੱਖ ਘੱਟੋ-ਘੱਟ ਕਾਮ, ਕ੍ਰੋਧ, ਲੋਭ, ਅਹੰਕਾਰ ਤੇ ਈਰਖਾ ਦਾ ਤਿਆਗ ਕਰੇ ਅਤੇ ਹਮਦਰਦੀ, ਦਇਆ, ਪਿਆਰ, ਸਤਿਕਾਰ, ਸਹਿਣਸ਼ੀਲਤਾ ਤੇ ਨਿਮਰਤਾ ਦਾ ਧਾਰਨੀ ਬਣੇ। ਕਿਸੇ ਦਾ ਬੁਰਾ ਨਾ ਕਰੋ। ਕਿਸੇ ਦਾ ਦਿਲ ਨਾ ਦੁਖਾਉ। ਕਿਸੇ ਨਾਲ ਧੋਖਾ ਨਾ ਕਰੋ। ਕਿਸੇ ਦਾ ਹੱਕ ਨਾ ਖਾਓ। ਜਿਵੇਂ ਗੁਰੂ ਜੀ ਫੁਰਮਾਉਂਦੇ ਹਨ "ਹੱਕ ਪਰਾਇਆ, ਨਾਨਕਾ ਉਸ ਸੂਅਰ ਉਸ ਗਾਇ॥" ਗਲਤ ਕੰਮ ਨਾ ਕਰੋ, ਜਿਵੇਂ ਗੁਰੂ ਅਮਰਦਾਸ ਜੀ ਫੁਰਮਾਉਂਦੇ ਹਨ, "ਐਸਾ ਕੰਮੁ ਮੂਲੇ ਨਾ ਕੀਚੇ ਜਿਤ ਅੰਤ ਪਛੋਤਾਈਐ॥" ਗੁਰੂ ਜੀ ਨੇ ਸਿੱਖ ਧਰਮ ਵਿਚ ਨਿਮਰਤਾ ਨੂੰ ਬਹੁਤ ਮਹਾਨਤਾ ਦਿੱਤੀ ਹੈ, ਜਿਵੇਂ ਗੁਰੂ ਜੀ ਫੁਰਮਾਉਂਦੇ ਹਨ, "ਮਿਠਤੁ ਨੀਵੀਂ ਨਾਨਕਾ ਗੁਣ ਚੰਗਿਆਈਆ ਤਤੁ॥" ਜੇ ਤੁਸੀਂ ਬੰਦੇ ਨਹੀਂ ਬਣ ਸਕਦੇ, ਤਾਂ ਪਸ਼ੂ ਵੀ ਨਾ ਬਣੋ, ਭਾਵ ਜੋ ਤੁਸੀਂ ਕਿਸੇ ਦਾ ਭਲਾ ਨਹੀਂ ਕਰ ਸਕਦੇ, ਤਾਂ ਬੁਰਾ ਵੀ ਨਾ ਕਰੋ। ਪਰਉਪਕਾਰੀ, ਕਲਿਆਣਕਾਰੀ ਅਤੇ ਮਾਨਵਵਾਦੀ ਬਣੋ। ਭੈੜੀ ਸੰਗਤ ਤੋਂ ਬਚੋ, ਕਿਉਂਕਿ ਜੈਸੀ ਸੰਗਤ ਵੈਸੀ ਰੰਗਤ।

ਸਿੱਖ ਕੌਮ ਜਾਂ ਸਿੱਖ ਭਾਈਚਾਰੇ ਲਈ ਸਭ ਤੋਂ ਜ਼ਰੂਰੀ ਗੱਲ ਸਿੱਖਣ ਵਾਲੀ ਇਹ ਹੈ ਕਿ ਕੌਮ ਨੂੰ ਏਕਤਾ ਦੀ ਲੋੜ ਹੈ। ਕੌਮ ਦੀ ਵਰਤਮਾਨ ਦਸ਼ਾ ਬਹੁਤ ਚਿੰਤਾ ਦਾ ਵਿਸ਼ਾ ਹੈ। ਪ੍ਰਾਪਤੀ ਕਿਸੇ ਵੀ ਪ੍ਰਕਾਰ ਦੀ ਹੋਵੇ, ਉਸ ਵਾਸਤੇ ਅਨੁਸ਼ਾਸਨ ਤੇ ਏਕਤਾ ਦੀ ਲੋੜ ਹੁੰਦੀ ਹੈ, ਜਿਵੇਂ ਸ੍ਰੀ ਗੁਰੂ ਨਾਨਕ ਦੇਵ ਜੀ ਫੁਰਮਾਉਂਦੇ ਹਨ:

"ਹੋਏ ਇਕਤ੍ਰ ਮਿਲਹੁ ਮੇਰੇ ਭਾਈ,
ਦੁਬਿਧਾ ਦੂਰਿ ਕਰਹੁ ਲਿਵ ਲਾਇ॥
ਹਰ ਨਾਮੈ ਕੇ ਹੋਵਉ ਜੋੜੀ, ਗੁਰ ਮੁਖਿ ਬੈਸਹੁ ਸਫਾ ਵਿਛਾਇ॥੧॥
ਜਬ ਲਗ ਦੁਨੀਆਂ ਰਹੀਏ, ਨਾਨਕ
ਕਿਛ ਸੁਣੀਐ, ਕਿਛੁ ਕਹੀਐ"॥

---

ਸਫਾ 1 ਦਾ ਬਾਕੀ

## ਅਮਰੀਕਾ ਵੱਲੋਂ ਨਵੇਂ ਡਿਪੋਰਟੇਸ਼ਨ ਸੈਂਟਰ...

ਦਸਤਾਵੇਜ਼ ਦਾਅਵਾ ਕਰਦਾ ਹੈ ਕਿ ਇਹ ਕੇਂਦਰ "ਸੁਰੱਖਿਅਤ ਅਤੇ ਮਨੁੱਖੀ ਨਾਗਰਿਕ ਨਜ਼ਰਬੰਦੀ" ਨੂੰ ਯਕੀਨੀ ਬਣਾਉਣਗੇ।

ਇਨ੍ਹਾਂ ਨਜ਼ਰਬੰਦੀ ਕੇਂਦਰਾਂ ਲਈ ਫੰਡਿੰਗ ਜੁਲਾਈ 2025 ਵਿਚ ਰਿਪਬਲਿਕਨ-ਨਿਯੰਤਰਿਤ ਕਾਂਗਰਸ ਦੁਆਰਾ ਪਾਸ ਕੀਤੇ ਗਏ ਇੱਕ ਵੱਡੇ ਖਰਚ ਪੈਕੇਜ ਤੋਂ ਆਵੇਗੀ। "ਵਨ ਬਿੱਗ ਬਿਊਟੀਫੁੱਲ ਬਿੱਲ" ਨਾਮਕ ਇਹ ਪੈਕੇਜ, ਇਮੀਗ੍ਰੇਸ਼ਨ ਲਾਗੂ ਕਰਨ ਲਈ 170 ਬਿਲੀਅਨ ਡਾਲਰ ਪ੍ਰਦਾਨ ਕਰਦਾ ਹੈ, ਜਿਸ ਵਿਚੋਂ 45 ਬਿਲੀਅਨ ਡਾਲਰ ਨਜ਼ਰਬੰਦੀ ਲਈ ਰੱਖੇ ਗਏ ਹਨ। ਇਸ ਦੇ ਮੁਕਾਬਲੇ, ਵਿੱਤੀ ਸਾਲ 2024 ਦੇ ਬਜਟ ਵਿਚ ਇਮੀਗ੍ਰੇਸ਼ਨ ਨਜ਼ਰਬੰਦੀ ਲਈ 3.4 ਬਿਲੀਅਨ ਡਾਲਰ ਅਲਾਟ ਕੀਤੇ ਗਏ ਸਨ। ਇਹ ਖਰਚ ਵਿਚ ਇੱਕ ਮਹੱਤਵਪੂਰਨ ਵਾਧਾ ਦਰਸਾਉਂਦਾ ਹੈ।

ਦਸਤਾਵੇਜ਼ ਅਨੁਸਾਰ, ਇਹ ਸਾਰੀਆਂ ਸਹੂਲਤਾਂ ਨਵੰਬਰ 2026 ਦੇ ਅੰਤ ਤੱਕ ਕਾਰਜਸ਼ੀਲ ਹੋ ਜਾਣਗੀਆਂ। ਇਸ ਨਾਲ ICE ਦੀ ਕੁੱਲ ਬਿਸਤਰੇ ਦੀ ਸਮਰੱਥਾ 92,600 ਹੋ ਜਾਵੇਗੀ। ਸਰਕਾਰੀ ਅੰਕੜਿਆਂ ਦੇ ਅਨੁਸਾਰ, ਜਨਵਰੀ 2025 ਵਿਚ ਡੋਨਾਲਡ ਟਰੰਪ ਦੇ ਦੁਬਾਰਾ ਅਹੁਦਾ ਸੰਭਾਲਣ ਤੋਂ ਬਾਅਦ ICE ਹਿਰਾਸਤ ਵਿਚ ਲੋਕਾਂ ਦੀ ਗਿਣਤੀ ਲਗਭਗ 74% ਵਧ ਗਈ ਹੈ। ਵਰਤਮਾਨ ਵਿਚ ਇਹ ਗਿਣਤੀ 68,000 ਤੋਂ ਵੱਧ ਦੱਸੀ ਜਾ ਰਹੀ ਹੈ।

ਜ਼ਿਕਰਯੋਗ ਹੈ ਕਿ ਡੋਨਾਲਡ ਟਰੰਪ ਦੇ ਸੱਤਾ ਵਿਚ ਵਾਪਸ ਆਉਣ ਤੋਂ ਬਾਅਦ ਇਮੀਗ੍ਰੇਸ਼ਨ ਕਾਨੂੰਨਾਂ ਨੂੰ ਲਾਗੂ ਕਰਨ ਵਿਚ ਵਾਧਾ ਹੋਇਆ ਹੈ। ਪ੍ਰਸ਼ਾਸਨ ਨੇ ਵੱਡੇ ਸ਼ਹਿਰਾਂ ਵਿਚ ਇਮੀਗ੍ਰੇਸ਼ਨ ਏਜੰਟਾਂ ਦੀ ਗਿਣਤੀ ਵਧਾ ਦਿੱਤੀ ਹੈ, ਗੈਰ-ਕਾਨੂੰਨੀ ਪ੍ਰਵਾਸੀਆਂ ਦੀਆਂ ਗ੍ਰਿਫ਼ਤਾਰੀਆਂ ਤੇਜ਼ ਕਰ ਦਿੱਤੀਆਂ ਹਨ, ਗੈਰ-ਕਾਨੂੰਨੀ ਸਰਹੱਦ ਪਾਰ ਕਰਨ ਵਾਲਿਆਂ ਵਿਰੁੱਧ ਸਖ਼ਤ ਰੁਖ਼ ਅਪਣਾਇਆ ਹੈ ਅਤੇ ਲੱਖਾਂ ਪ੍ਰਵਾਸੀਆਂ ਦੀ ਅਸਥਾਈ ਕਾਨੂੰਨੀ ਸਥਿਤੀ ਨੂੰ ਰੱਦ ਕਰ ਦਿੱਤਾ ਹੈ। ਆਉਣ ਵਾਲੀਆਂ ਮੱਧਕਾਲੀ ਚੋਣਾਂ ਤੋਂ ਪਹਿਲਾਂ ਵਿਰੋਧ ਦੇ ਸੰਕੇਤਾਂ ਦੇ ਬਾਵਜੂਦ, ਟਰੰਪ ਪ੍ਰਸ਼ਾਸਨ ਇਸ ਸਾਲ ਇਮੀਗ੍ਰੇਸ਼ਨ ਕਾਰਵਾਈ ਨੂੰ ਹੋਰ ਤੇਜ਼ ਕਰਨ ਦੀ ਤਿਆਰੀ ਕਰ ਰਿਹਾ ਹੈ। ਕਾਂਗਰਸ ਨੇ ਹਜ਼ਾਰਾਂ ਏਜੰਟਾਂ ਨੂੰ ਨਿਯੁਕਤ ਕਰਨ, ਕਿਸੇ ਵੀ ਸਮੇਂ 100,000 ਤੋਂ ਵੱਧ ਲੋਕਾਂ ਨੂੰ ਹਿਰਾਸਤ ਵਿਚ ਲੈਣ ਅਤੇ ਸੰਭਾਵੀ ਇਮੀਗ੍ਰੇਸ਼ਨ ਅਪਰਾਧੀਆਂ ਦੀ ਨਿਗਰਾਨੀ ਵਧਾਉਣ ਲਈ ICE ਨੂੰ ਫੰਡ ਦਿੱਤਾ ਹੈ।

ਸਫਾ 1 ਦਾ ਬਾਕੀ

## ਗੈਰ ਨਾਗਰਿਕਾਂ ਲਈ ਕਮਰਸ਼ੀਅਲ...

ਬਿਨੈਕਾਰਾਂ ਨੂੰ ਇੱਕ ਵੈਧ ਵਿਦੇਸ਼ੀ ਪਾਸਪੋਰਟ ਅਤੇ ਯੋਗ ਸਥਿਤੀ ਦੇ ਅਨੁਸਾਰ ਇੱਕ ਪ੍ਰਵਾਨਿਤ ਫਾਰਮ ਆਈ-94 ਵੀ ਪੇਸ਼ ਕਰਨਾ ਪੈਣਾ ਹੈ।

ਆਵਾਜਾਈ ਸਕੱਤਰ ਸੀਨ ਪੀ. ਡਫੀ ਨੇ ਕਿਹਾ ਕਿ ਬਦਲਾਅ ਸੁਰੱਖਿਆ ਖਾਮੀ ਨੂੰ ਦੂਰ ਕਰਨ ਲਈ ਹਨ। ਇਸ ਨਾਲ ਬਿਨਾਂ ਦਸਤਾਵੇਜ਼ੀ ਵਿਦੇਸ਼ੀ ਡਰਾਈਵਿੰਗ ਇਤਿਹਾਸ ਵਾਲੇ ਡਰਾਈਵਰਾਂ ਨੂੰ ਵੱਡੇ ਵਪਾਰਕ ਵਾਹਨ ਚਲਾਉਣ ਲਈ ਲਾਇਸੈਂਸ ਪ੍ਰਾਪਤ ਕਰਨ ਦੀ ਆਗਿਆ ਮਿਲੀ।

ਐੱਫ.ਐੱਮ.ਸੀ.ਐੱਸ.ਏ. ਨੇ 2025 ਵਿਚ ਘੱਟੋ-ਘੱਟ 17 ਭਿਆਨਕ ਹਾਦਸਿਆਂ ਦੀ ਪਛਾਣ ਕੀਤੀ, ਜਿਨ੍ਹਾਂ ਵਿਚ ਗੈਰ-ਨਿਵਾਸੀ ਸੀ.ਡੀ.ਐੱਲ. ਧਾਰਕ ਸ਼ਾਮਲ ਸਨ, ਜੋ ਨਵੇਂ ਨਿਯਮ ਅਧੀਨ ਅਯੋਗ ਹੋਣਗੇ। ਏਜੰਸੀ ਅਨੁਸਾਰ, ਇਨ੍ਹਾਂ ਹਾਦਸਿਆਂ ਵਿਚ 30 ਲੋਕਾਂ ਦੀ ਮੌਤ ਹੋ ਗਈ।

ਇਨ੍ਹਾਂ ਘਟਨਾਵਾਂ ਦੀ ਜਾਂਚ 'ਚ ਪਾਇਆ ਗਿਆ ਕਿ ਰਾਜ ਦੀਆਂ ਮੋਟਰ ਵਾਹਨ ਏਜੰਸੀਆਂ ਕੋਲ ਲਾਇਸੈਂਸ ਜਾਰੀ ਕਰਨ ਜਾਂ ਨਵਿਆਉਣ ਤੋਂ ਪਹਿਲਾਂ ਸੰਯੁਕਤ ਰਾਜ ਤੋਂ ਬਾਹਰ ਡਰਾਈਵਰਾਂ ਦੇ ਪੂਰੇ ਡਰਾਈਵਿੰਗ ਇਤਿਹਾਸ ਦੀ ਪੁਸ਼ਟੀ ਕਰਨ ਦੀ ਯੋਗਤਾ ਦੀ ਘਾਟ ਸੀ। ਐੱਫ.ਐੱਮ.ਸੀ.ਐੱਸ.ਏ. ਪ੍ਰਸ਼ਾਸਕ ਡੇਰੇਕ ਡੀ. ਬੇਅਰਸ ਨੇ ਕਿਹਾ ਕਿ ਇਹ ਨਿਯਮ ਵਪਾਰਕ ਲਾਇਸੈਂਸ ਪ੍ਰਣਾਲੀ ਵਿਚ ਇੱਕ ਮਹੱਤਵਪੂਰਨ ਸੁਰੱਖਿਆ ਨੁਕਸ ਨੂੰ ਰੋਕੇਗਾ ਅਤੇ ਇਹ ਵੀ ਕਿਹਾ ਗਿਆ ਹੈ ਕਿ ਜਿਨ੍ਹਾਂ ਡਰਾਈਵਰਾਂ ਦੇ ਸੁਰੱਖਿਆ ਇਤਿਹਾਸ ਦੀ ਪੁਸ਼ਟੀ ਨਹੀਂ ਕੀਤੀ ਜਾ ਸਕਦੀ, ਉਨ੍ਹਾਂ ਨੂੰ ਹੁਣ ਸੀ.ਡੀ.ਐੱਲ. ਰੱਖਣ ਦੀ ਇਜਾਜ਼ਤ ਨਹੀਂ ਹੋਵੇਗੀ।

ਸਫਾ 1 ਦਾ ਬਾਕੀ

## ਕੇਂਦਰੀ ਗ੍ਰਹਿ ਮੰਤਰਾਲੇ ਵੱਲੋਂ ਮੁਅੱਤਲ...

ਕਮਿਸ਼ਨ ਨੇ ਵੀ ਆਪਣੀ ਜਾਂਚ ਵਿਚ ਪਾਇਆ ਕਿ ਭੁੱਲਰ ਵਿਰੁੱਧ ਮੁਕੱਦਮਾ ਚਲਾਉਣ ਲਈ ਲੋੜੀਂਦੇ ਸਬੂਤ ਮੌਜੂਦ ਹਨ। ਜਾਂਚ ਏਜੰਸੀਆਂ ਨੇ ਪਾਇਆ ਕਿ ਪਹਿਲੀ ਨਜ਼ਰੇ ਭੁੱਲਰ ਵਿਰੁੱਧ ਰਿਸ਼ਵਤਖੋਰੀ ਅਤੇ ਵਿੱਤੀ ਗੜਬੜੀਆਂ ਦੇ ਦੋਸ਼ ਸਹੀ ਸਾਬਤ ਹੁੰਦੇ ਹਨ। ਹੁਣ ਜਦੋਂ ਸਰਕਾਰ ਵੱਲੋਂ ਮੁਕੱਦਮਾ ਚਲਾਉਣ ਦੀ ਮਨਜ਼ੂਰੀ ਮਿਲ ਗਈ ਹੈ, ਤਾਂ ਜਲਦੀ ਹੀ ਸਮਰੱਥ ਅਦਾਲਤ ਵਿਚ ਇਸ ਕੇਸ ਦੀ ਸੁਣਵਾਈ ਸ਼ੁਰੂ ਕੀਤੀ ਜਾਵੇਗੀ।

ਸਫਾ 1 ਦਾ ਬਾਕੀ

## ਮੁੱਖ ਮੰਤਰੀ ਮਾਨ ਦਾ ਹਸਪਤਾਲ...

ਹੁਣ ਅਣਅਧਿਕਾਰਤ ਕਿਸੇ ਵੱਲੋਂ ਦਾਅਵਾ ਕੀਤਾ ਗਿਆ ਹੈ ਕਿ ਮੁੱਖ ਮੰਤਰੀ ਭਗਵੰਤ ਮਾਨ ਨੂੰ ਕੈਮੀਕਲ ਦਿੱਤਾ ਗਿਆ ਹੈ, ਜਿਸ ਕਰਕੇ ਉਨ੍ਹਾਂ ਦੀ ਸਿਹਤ ਖਰਾਬ ਹੋਈ ਸੀ। ਇਸ ਤੋਂ ਪਹਿਲਾਂ ਮੁੱਖ ਮੰਤਰੀ ਭਗਵੰਤ ਮਾਨ ਬੀ.ਪੀ. ਵਧਣ ਦੀ ਸ਼ਿਕਾਇਤ ਕਾਰਨ ਹਸਪਤਾਲ ਦਾਖਲ ਹੋਏ ਸਨ। ਫਿਰ ਕਿਹਾ ਗਿਆ ਕਿ ਉਹ ਸਾਹ ਲੈਣ ਵਿਚ ਦਿੱਕਤ ਕਾਰਨ ਹਸਪਤਾਲ ਦਾਖਲ ਹੋਏ ਹਨ। ਜਦਕਿ ਰਾਜਨੀਤਿਕ ਤੌਰ 'ਤੇ ਇਸ ਦੇ ਅਰਥ ਇਹੀ ਹਨ ਕਿ ਕੇਜਰੀਵਾਲ ਨਾਲ ਉਨ੍ਹਾਂ ਦਾ 36 ਦਾ ਅੰਕੜਾ ਚੱਲ ਰਿਹਾ ਹੈ। ਕੇਜਰੀਵਾਲ ਨਾਰਾਜ਼ ਚੱਲ ਹਨ ਕਿਉਂਕਿ 2 ਡਿਪਟੀ ਸੀ.ਐੱਮ. ਲਗਾ ਕੇ ਮੁੱਖ ਮੰਤਰੀ ਦੀਆਂ ਸ਼ਕਤੀਆਂ ਖੋਹਣ ਜਾਂ ਸੀਮਤ ਕਰਨ ਕਰਨ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ।

ਸਫਾ 1 ਦਾ ਬਾਕੀ

## ਆਧਾਰ ਕਾਰਡ 'ਚ ਹੋਣਗੀਆਂ...

ਇਹ ਤੁਹਾਡੀ ਨਿੱਜੀ ਜਾਣਕਾਰੀ ਦੀ ਜਨਤਕ ਦਿੱਖ ਨੂੰ ਘਟਾ ਦੇਵੇਗਾ। ਨਵਾਂ ਆਧਾਰ ਕਾਰਡ ਨਾ ਸਿਰਫ਼ ਜਾਣਕਾਰੀ ਨੂੰ ਅਪਡੇਟ ਕਰੇਗਾ, ਸਗੋਂ ਇਹ ਤਕਨੀਕੀ ਤੌਰ 'ਤੇ ਵੀ ਵਧੇਰੇ ਸੁਰੱਖਿਅਤ ਹੋਵੇਗਾ। ਇਸ ਵਿਚ ਪਹਿਲਾਂ ਨਾਲੋਂ ਵੱਡਾ ਅਤੇ ਵਧੇਰੇ ਸੁਰੱਖਿਅਤ ਕਿਊ ਆਰ ਕੋਡ ਹੋਵੇਗਾ। ਇਸ ਵਿਚ ਤੁਹਾਡੀ ਫੋਟੋ ਅਤੇ ਜ਼ਰੂਰੀ ਜਨਸੰਖਿਆ ਜਾਣਕਾਰੀ ਏਨਕ੍ਰਿਪਟਡ ਰੂਪ ਵਿਚ ਹੋਵੇਗੀ। ਸਕੈਨਿੰਗ ਜਾਣਕਾਰੀ ਦੀ ਪ੍ਰਮਾਣਿਕਤਾ ਦੀ ਪੁਸ਼ਟੀ ਕਰੇਗੀ। ਕਾਰਡ ਵਿਚ ਇੱਕ ਵਿਸ਼ੇਸ਼ ਹੋਲੋਗ੍ਰਾਮ ਅਤੇ ਮਾਈਕ੍ਰੋਟੈਕਸਟ (ਬਹੁਤ ਛੋਟੇ ਅੱਖਰ) ਹੋਣਗੇ, ਜਿਨ੍ਹਾਂ ਦੀ ਨਕਲ ਕਰਨਾ ਮੁਸ਼ਕਲ ਹੋਵੇਗਾ। ਇਸ ਨਾਲ ਅਸਲੀ ਅਤੇ ਨਕਲੀ ਕਾਰਡਾਂ ਦੀ ਪਛਾਣ ਕਰਨਾ ਆਸਾਨ ਹੋ ਜਾਵੇਗਾ। ਕਾਰਡ ਵਿਚ ਇੱਕ ਲੋਗੋ ਹੋਵੇਗਾ, ਜੋ ਸਿਰਫ਼ ਯੂਵੀ (ਅਲਟਰਾਵਾਇਲਟ) ਰੋਸ਼ਨੀ ਵਿਚ ਹੀ ਦਿਖਾਈ ਦੇਵੇਗਾ। ਇਹ ਇੱਕ ਵਾਧੂ ਸੁਰੱਖਿਆ ਪਰਤ ਵਜੋਂ ਕੰਮ ਕਰੇਗਾ। ਯੂ.ਆਈ.ਡੀ.ਏ.ਆਈ. ਅਨੁਸਾਰ, ਤੁਹਾਡਾ ਪੁਰਾਣਾ ਆਧਾਰ ਕਾਰਡ ਪੂਰੀ ਤਰ੍ਹਾਂ ਵੈਧ ਰਹੇਗਾ। ਜੇਕਰ ਤੁਸੀਂ ਵਧੇਰੇ ਸੁਰੱਖਿਅਤ ਅਤੇ ਅਪਡੇਟ ਕੀਤਾ ਕਾਰਡ ਚਾਹੁੰਦੇ ਹੋ, ਤਾਂ ਤੁਸੀਂ ਯੂ.ਆਈ.ਡੀ.ਏ.ਆਈ. ਦੀ ਅਧਿਕਾਰਤ ਵੈੱਬਸਾਈਟ ਤੋਂ ਇੱਕ ਨਵਾਂ ਪੀ.ਵੀ.ਸੀ. ਆਧਾਰ ਕਾਰਡ ਆਰਡਰ ਕਰ ਸਕਦੇ ਹੋ।

# ਕੀ ਚਾਲੀ ਮੁਕਤੇ ਆਨੰਦਪੁਰ ਸਾਹਿਬ ਤੋਂ ਬੇਦਾਵਾ ਦੇ ਕੇ ਗਏ ਸਨ ਜਾਂ ਕੋਟਕਪੂਰੇ ਤੋਂ?

ਬਲਰਾਜ ਸਿੰਘ ਸਿੱਧੂ
ਏ.ਆਈ.ਜੀ. (ਰਿਟਾ)
ਪੰਡੋਰੀ ਸਿੱਧਵਾਂ 95011-00062
ਪੰਜਾਬ ਮੇਲ USA



ਸਿੱਖ ਇਤਿਹਾਸ ਵਿਚ 40 ਮੁਕਤਿਆਂ ਦਾ ਪ੍ਰਸੰਗ ਬਹੁਤ ਪ੍ਰਸਿੱਧ ਹੈ ਤੇ ਆਮ ਧਾਰਨਾ ਹੈ ਕਿ ਉਹ ਆਨੰਦਪੁਰ ਸਾਹਿਬ ਤੋਂ ਬੇਦਾਵਾ ਦੇ ਕੇ ਗਏ ਸਨ। ਸਰਹਿੰਦ ਦੇ ਫੌਜਦਾਰ ਵਜ਼ੀਰ ਖਾਨ ਨੇ ਗੁਰੂ ਗੋਬਿੰਦ ਸਿੰਘ ਜੀ ਦੇ ਖਿਲਾਫ ਚਾਰ ਹਮਲੇ ਕੀਤੇ ਸਨ, ਜਿਨ੍ਹਾਂ ਵਿਚੋਂ ਤਿੰਨ ਦੌਰਾਨ ਉਸ ਨੂੰ ਮੂੰਹ ਦੀ ਖਾਣੀ ਪਈ ਸੀ। ਪਰ ਸੰਨ 1704 ਈਸਵੀ ਦੇ ਸਤੰਬਰ ਮਹੀਨੇ ਵਿਚ ਉਸ ਨੇ ਪਹਾੜੀ ਰਾਜਿਆਂ ਸਮੇਤ ਪੂਰੀ ਤਿਆਰੀ ਨਾਲ ਹਮਲਾ ਕੀਤਾ ਤੇ ਆਨੰਦਪੁਰ ਸਾਹਿਬ ਨੂੰ ਘੇਰਾ ਪਾ ਲਿਆ। ਇਹ ਜੰਗ ਲੰਬੀ ਖਿੱਚੀ ਗਈ ਤੇ ਕਈ ਮਹੀਨੇ ਚੱਲਦੀ ਰਹੀ। ਜਦੋਂ ਕਿਲ੍ਹੇ ਵਿਚੋਂ ਰਸਦ ਪਾਣੀ ਖਤਮ ਹੋ ਗਿਆ ਤੇ ਜਿੱਤ ਦੀ ਕੋਈ ਉਮੀਦ ਨਾ ਰਹੀ, ਤਾਂ ਸੀਨਾ ਬਸੀਨਾ ਚਲਦੀ ਆਉਂਦੀ ਕਹਾਣੀ ਮੁਤਾਬਕ ਮਾਝੇ ਨਾਲ ਸਬੰਧਿਤ ਭਾਈ ਮਹਾਂ ਸਿੰਘ ਅਤੇ ਉਸ ਦੇ 39 ਸਾਥੀਆਂ ਨੇ ਗੁਰੂ ਸਾਹਿਬ ਤੋਂ ਕਿਲ੍ਹਾ ਛੱਡਣ ਦੀ ਆਗਿਆ ਮੰਗੀ। ਅਜਿਹੇ ਨਾਜ਼ੁਕ ਮੌਕੇ ਸਾਥ ਛੱਡਣ ਤੋਂ ਕੁਝ ਗੁੱਸੇ ਵਿਚ ਆਏ ਗੁਰੂ ਸਾਹਿਬ ਨੇ ਕਿਹਾ ਕਿ ਜੇ ਤੁਸੀਂ ਜਾਣਾ ਚਾਹੁੰਦੇ ਹੋ, ਤਾਂ ਲਿਖ ਕੇ ਦੇ ਜਾਉ ਕਿ ਤੁਸੀਂ ਮੇਰੇ ਸਿੱਖ ਨਹੀਂ ਤੇ ਮੈਂ ਤੁਹਾਡਾ ਗੁਰੂ ਨਹੀਂ। ਭਾਈ ਮਹਾਂ ਸਿੰਘ ਤੇ ਸਾਥੀਆਂ ਨੇ ਇਹ ਪੱਤਰ ਲਿਖ ਕੇ ਦੇ ਦਿੱਤਾ, ਜੋ ਸਿੱਖ ਇਤਿਹਾਸ ਵਿਚ ਬੇਦਾਵੇ ਦੇ ਨਾਮ ਨਾਲ ਪ੍ਰਸਿੱਧ ਹੈ।

ਪੰਥ ਦੇ ਪ੍ਰਸਿੱਧ ਇਤਿਹਾਸਕਾਰ ਨਿਰੰਜਣ ਸਿੰਘ ਸਾਥੀ ਨੇ ਆਪਣੀ ਪੁਸਤਕ 'ਚਰਨ ਚਲਉ ਮਾਰਗਿ ਗੋਬਿੰਦ' ਵਿਚ ਇਹ ਲਿਖਿਆ ਹੈ ਕਿ ਬੇਦਾਵਾ ਅਸਲ ਵਿਚ ਕੋਟਕਪੂਰੇ ਵਿਖੇ ਲਿਖਿਆ ਗਿਆ ਸੀ। ਸਾਥੀ ਸਾਹਿਬ ਨੇ ਇਸ ਪੁਸਤਕ ਵਿਚ ਦਸਵੇਂ ਪਾਤਸ਼ਾਹ ਦੇ ਆਨੰਦਪੁਰ ਸਾਹਿਬ ਛੱਡਣ ਤੋਂ ਲੈ ਕੇ ਜੋਤੀ ਜੋਤ ਸਮਾਉਣ ਤੱਕ ਬਹੁਤ ਵਿਸਥਾਰ ਨਾਲ ਜਾਣਕਾਰੀ ਦਿੱਤੀ ਹੈ। ਉਹ ਆਨੰਦਪੁਰ ਸਾਹਿਬ ਤੋਂ ਲੈ ਕੇ ਹਜ਼ੂਰ ਸਾਹਿਬ ਤੱਕ ਹਰ ਉਸ ਜਗ੍ਹਾ 'ਤੇ ਖੁਦ ਗਏ ਸਨ, ਜਿੱਥੇ-ਜਿੱਥੇ ਗੁਰੂ ਸਾਹਿਬ ਨੇ ਆਪਣੇ ਚਰਨ ਪਾਏ ਸਨ। ਜੇ ਇਤਿਹਾਸਕ ਤੱਥਾਂ ਨੂੰ ਬਰੀਕੀ ਨਾਲ ਘੋਖਿਆ ਜਾਵੇ, ਤਾਂ ਇਹ ਗੱਲ ਸਹੀ ਲੱਗਦੀ ਹੈ ਕਿ ਬੇਦਾਵਾ ਕੋਟਕਪੂਰੇ ਵਿਖੇ ਹੀ ਲਿਖਿਆ ਗਿਆ ਸੀ। ਗੁਰੂ ਸਾਹਿਬ ਨੇ 20-21 ਦਸੰਬਰ 1704 ਈਸਵੀ ਦੀ ਦਰਮਿਆਨੀ ਰਾਤ ਨੂੰ ਕਿਲਾ ਛੱਡਿਆ ਸੀ। ਕਿਉਂਕਿ ਇਹ ਘੇਰਾ ਕਈ ਮਹੀਨੇ ਚੱਲਦਾ ਰਿਹਾ ਸੀ, ਤਾਂ ਇਹ ਸਤੰਬਰ ਜਾਂ ਅਕਤੂਬਰ ਵਿਚ ਸ਼ੁਰੂ ਹੋਇਆ ਹੋਵੇਗਾ ਤੇ ਜੇ ਘੇਰੇ ਤੋਂ ਦੁਖੀ ਹੋ ਕੇ ਚਾਲੀ ਮੁਕਤਿਆਂ ਨੇ ਬੇਦਾਵਾ ਲਿਖਿਆ ਹੋਵੇਗਾ, ਤਾਂ ਉਨ੍ਹਾਂ ਨੇ ਨਵੰਬਰ ਵਿਚ ਲਿਖਿਆ ਹੋਵੇਗਾ। ਉਹ ਦਸ-ਬਾਰ੍ਹਾਂ ਦਿਨ ਦੇ ਸਫਰ ਤੋਂ ਬਾਅਦ ਆਪਣੇ ਪਿੰਡਾਂ ਵਿਚ ਪਹੁੰਚ ਗਏ ਹੋਣਗੇ। ਭਾਈ ਮਹਾਂ ਸਿੰਘ ਰਟੌਲ ਪਿੰਡ ਦੇ ਰਹਿਣ ਵਾਲੇ ਸਨ, ਜੋ ਤਰਨ ਤਾਰਨ ਦੇ ਨਜ਼ਦੀਕ ਸਥਿਤ ਹੈ ਤੇ ਬਾਕੀ ਸਿੰਘ ਵੀ ਆਸ ਪਾਸ ਦੇ ਪਿੰਡਾਂ ਦੇ ਹੀ ਸਨ।

ਦੂਸਰੇ ਪਾਸੇ ਗੁਰੂ ਸਾਹਿਬ ਵੱਖ-ਵੱਖ ਥਾਵਾਂ ਤੋਂ ਹੁੰਦੇ ਹੋਏ ਨਵੰਬਰ ਦੇ ਅਖੀਰ ਜਾਂ ਦਸੰਬਰ ਦੇ ਸ਼ੁਰੂ ਵਿਚ 1705 ਈਸਵੀ ਨੂੰ ਕੋਟ ਕਪੂਰੇ ਪਹੁੰਚੇ ਸਨ ਤੇ ਚੌਧਰੀ ਕਪੂਰੇ ਕੋਲੋਂ ਮੁਗਲ ਫੌਜ ਦਾ ਟਾਕਰਾ ਕਰਨ ਲਈ ਗੜ੍ਹੀ ਦੀ ਮੰਗ ਕੀਤੀ ਸੀ। ਪਰ ਵਜ਼ੀਰ ਖਾਨ ਦੇ ਕਹਿਰ ਤੋਂ ਡਰਦੇ ਹੋਏ ਕਪੂਰੇ ਨੇ ਗੜ੍ਹੀ ਦੇਣ ਤੋਂ ਇਨਕਾਰ ਕਰ ਦਿੱਤਾ ਤੇ ਗੁਰੂ ਸਾਹਿਬ ਅੱਗੇ ਚਲੇ ਗਏ, ਜਿੱਥੇ 29 ਦਸੰਬਰ 1705 ਈਸਵੀ ਨੂੰ ਖਿਦਰਾਣੇ ਦੀ ਢਾਬ (ਹੁਣ ਮੁਕਤਸਰ) ਦੀ ਜੰਗ ਹੋਈ, ਜਿਸ ਵਿਚ ਮੁਗਲ ਫੌਜ ਪੂਰੀ ਤਰ੍ਹਾਂ ਹਾਰ ਕੇ ਵਾਪਸ ਸਰਹਿੰਦ ਵੱਲ ਦੌੜ ਗਈ। ਇਸ ਜੰਗ ਤੋਂ ਬਾਅਦ ਵਜ਼ੀਰ ਖਾਨ ਦੀ ਗੁਰੂ ਸਾਹਿਬ ਨਾਲ ਹੋਰ ਕੋਈ ਜੰਗ ਲੜਨ ਦੀ ਹਿੰਮਤ ਨਾ ਰਹੀ। ਅਸਲ ਵਿਚ ਹੋਇਆ ਇਹ ਹੋਵੇਗਾ ਕਿ ਜਦੋਂ ਚੌਧਰੀ ਕਪੂਰੇ ਨੇ ਆਪਣੀ ਗੜ੍ਹੀ ਨਾ ਦਿੱਤੀ, ਤਾਂ ਵਜ਼ੀਰ ਖਾਨ ਦੀ ਪਿੱਛਾ ਦਬਾਈ ਆਉਂਦੀ ਫੌਜ ਤੋਂ ਘਬਰਾ ਕੇ ਚਾਲੀ ਮੁਕਤਿਆਂ ਨੇ ਬੇਦਾਵਾ ਲਿਖ ਦਿੱਤਾ ਹੋਵੇਗਾ। ਤੱਥਾਂ ਦੀ ਕਸੌਟੀ 'ਤੇ ਜੇ ਕੱਸ ਕੇ ਵੇਖਿਆ ਜਾਵੇ, ਤਾਂ ਸਾਥੀ ਸਾਹਿਬ ਦੀ ਗੱਲ ਬਿਲਕੁਲ ਸਹੀ ਸਾਬਤ ਹੁੰਦੀ ਹੈ। ਸਿੱਖ ਪ੍ਰੰਪਰਾਵਾਂ ਦੇ ਮੁਤਾਬਕ ਚਾਲੀ ਮੁਕਤੇ ਜਦੋਂ ਆਪਣੇ ਪਿੰਡਾਂ ਨੂੰ ਵਾਪਸ ਆਏ, ਤਾਂ ਮਾਈ ਭਾਗੋ ਸਮੇਤ ਹੋਰ ਲੋਕਾਂ ਵੱਲੋਂ ਉਨ੍ਹਾਂ ਨੂੰ ਤਾਹਨੇ-ਮਿਹਣੇ ਮਾਰੇ ਗਏ ਕਿ ਉਹ ਡਰਪੋਕ ਹਨ, ਜੋ ਗੁਰੂ ਸਾਹਿਬ ਨੂੰ ਮੁਸੀਬਤ ਵੇਲੇ ਛੱਡ ਕੇ ਭੱਜ ਆਏ ਹਨ। ਇਸ ਤੋਂ ਦੁਖੀ ਹੋ ਕੇ ਉਹ ਮਾਈ ਭਾਗੋ ਦੀ ਅਗਵਾਈ ਹੇਠ ਦੁਬਾਰਾ ਗੁਰੂ ਸਾਹਿਬ ਦੀ ਸ਼ਰਨ ਵਿਚ ਆ ਗਏ ਤੇ ਖਿਦਰਾਣੇ ਦੀ ਜੰਗ ਵਿਚ ਸ਼ਹੀਦੀਆਂ ਪ੍ਰਾਪਤ ਕਰ ਕੇ ਟੁੱਟੀ ਗੰਢ ਲਈ।

ਗੁਰੂ ਸਾਹਿਬ ਨੇ ਜਿਵੇਂ ਉੱਪਰ ਵਰਨਣ ਕੀਤਾ ਗਿਆ ਹੈ, 20-21 ਦਸੰਬਰ 1704 ਈਸਵੀ ਨੂੰ ਆਨੰਦਪੁਰ ਸਾਹਿਬ ਛੱਡਿਆ ਸੀ ਤੇ ਖਿਦਰਾਣੇ ਦੀ ਜੰਗ 29 ਦਸੰਬਰ, 1705 ਈਸਵੀ ਨੂੰ ਹੋਈ ਸੀ। ਇਹ ਸਮਾਂ ਤਕਰੀਬਨ ਇੱਕ ਸਾਲ ਬਣਦਾ ਹੈ ਤੇ ਇਹ ਸੰਭਵ ਨਹੀਂ ਕਿ ਚਾਲੀ ਮੁਕਤੇ ਇੱਕ ਸਾਲ ਤੱਕ ਲੋਕਾਂ ਦੇ ਤਾਹਨੇ-ਮਿਹਣੇ ਸੁਣਦੇ ਰਹੇ ਹੋਣ। ਉਹ ਜ਼ਰੂਰ ਹੀ ਨਵੰਬਰ 1705 ਦੇ ਅਖੀਰ ਵਿਚ ਕੋਟਕਪੂਰੇ ਤੋਂ ਬੇਦਾਵਾ ਲਿਖ ਕੇ ਆਏ ਹੋਣਗੇ। ਕੋਟਕਪੂਰੇ ਤੋਂ ਤਰਨ ਤਾਰਨ ਦਾ ਫਾਸਲਾ 141 ਕਿ.ਮੀ. ਹੈ। ਜੇ ਉਹ ਪੈਦਲ ਆਏ ਹੋਣਗੇ, ਤਾਂ 5-6 ਦਿਨ ਲੱਗੇ ਹੋਣਗੇ ਤੇ ਜੇ ਘੋੜਿਆਂ 'ਤੇ ਆਏ ਹੋਣਗੇ, ਤਾਂ 2-3 ਦਿਨ ਲੱਗੇ ਹੋਣਗੇ। 10-15 ਦਿਨ ਘਰ ਰਹੇ ਹੋਣਗੇ ਤੇ ਫਿਰ ਲੋਕਾਂ ਦੇ ਤਾਹਨੇ-ਮਿਹਣਿਆਂ ਤੋਂ ਦੁਖੀ ਹੋ ਕੇ ਗੁਰੂ ਸਾਹਿਬ ਦੀ ਖੋਜ ਵਿਚ ਚੱਲ ਪਏ ਹੋਣਗੇ। ਉਨ੍ਹਾਂ ਨੇ ਗੁਰੂ ਸਾਹਿਬ ਨੂੰ ਇਸ ਲਈ ਜਲਦੀ ਲੱਭ ਲਿਆ ਕਿਉਂਕਿ ਕੋਟਕਪੂਰੇ ਤੋਂ ਸਾਥ ਛੱਡੇ ਗਏ ਹੋਣ ਕਾਰਨ ਉਨ੍ਹਾਂ ਨੂੰ ਪਤਾ ਸੀ ਕਿ ਗੁਰੂ ਸਾਹਿਬ ਉਸ ਵੇਲੇ ਕਿਸ ਇਲਾਕੇ ਵਿਚ ਹੋ ਸਕਦੇ ਹਨ। ਇਸ ਕਾਰਨ ਉਹ ਐਨ ਮੌਕੇ 'ਤੇ ਖਿਦਰਾਣੇ ਦੀ ਜੰਗ ਵਿਚ ਸ਼ਾਮਲ ਹੋ ਸਕੇ।

ਇਸ ਤੋਂ ਇਲਾਵਾ ਜੇ ਬੇਦਾਵਾ ਆਨੰਦਪੁਰ ਸਾਹਿਬ ਤੋਂ ਲਿਖਿਆ ਜਾਂਦਾ, ਤਾਂ ਹੋ ਸਕਦਾ ਸੀ ਕਿ ਉਹ ਪੱਤਰ ਗੁਰੂ ਸਾਹਿਬ ਤੋਂ ਗਵਾਚ ਜਾਂਦਾ ਕਿਉਂਕਿ ਇਸ ਸਮੇਂ ਦੌਰਾਨ ਚਮਕੌਰ ਦੀ ਜੰਗ, ਮਾਛੀਵਾੜੇ ਦੇ ਜੰਗਲਾਂ ਵਿਚ ਬਸੇਰਾ ਅਤੇ ਉੱਚ ਦੇ ਪੀਰ ਬਣਨ ਆਦਿ ਸਮੇਤ ਕਈ ਵੱਡੀਆਂ ਘਟਨਾਵਾਂ ਹੋਈਆਂ ਸਨ। ਖਿਦਰਾਣੇ ਦੀ ਜੰਗ ਸਮੇਂ ਬੇਦਾਵਾ ਗੁਰੂ ਸਾਹਿਬ ਕੋਲ ਮੌਜੂਦ ਹੋਣ ਦਾ ਕਾਰਨ ਇਹ ਹੋ ਸਕਦਾ ਹੈ ਕਿ ਉਹ ਕੁਝ ਦਿਨ ਪਹਿਲਾਂ ਹੀ ਲਿਖਿਆ ਗਿਆ ਸੀ, ਜਿਸ ਕਾਰਨ ਉਹ ਗੁਰੂ ਸਾਹਿਬ ਕੋਲ ਸੰਭਾਲਿਆ ਪਿਆ ਸੀ।



# ਅਜੋਕੇ ਸਮੇਂ ਅੰਦਰ ਵਿਦਿਅਕ ਸੰਸਥਾਵਾਂ ਦੀਆਂ 'ਖੋਖਲੀਆਂ ਹੋ ਰਹੀਆਂ ਨੀਹਾਂ' ਲਈ ਜ਼ਿੰਮੇਵਾਰ ਕੌਣ...

-ਪ੍ਰੋ. ਗੀਤਾ (ਗੁਰਲੀਨ ਕੌਰ)
ਸਹਾਇਕ ਪ੍ਰੋਫੈਸਰ
ਬੋੜਾਵਾਲ ਕਾਲਜ, ਮਾਨਸਾ
ਪੰਜਾਬ ਮੇਲ USA



ਪਿਛਲੇ ਲੰਬੇ ਸਮੇਂ ਤੋਂ ਵਿੱਦਿਅਕ ਇੱਕ ਸੰਸਥਾਵਾਂ ਦੇ ਅੰਦਰ ਬਹੁਤ ਕੁਝ ਅਜਿਹਾ ਵਾਪਰ ਰਿਹਾ ਹੈ, ਜਿਸ ਨੂੰ ਅਸੀਂ ਸਹੀ ਨਹੀਂ ਮੰਨ ਸਕਦੇ। ਭਾਵੇਂ ਕਈ ਸਾਰੀਆਂ ਵਿਦਿਆਕ ਸੰਸਥਾਵਾਂ ਬੱਚਿਆਂ ਨੂੰ ਸਿੱਖਿਆ ਦੇਣ ਲਈ ਮੁਢਲੇ ਅਹਿਮ ਕਦਮ ਮਜ਼ਬੂਤੀ ਨਾਲ ਧਰ ਰਹੀਆਂ ਹਨ ਪਰ ਕਈ ਪੱਖਾਂ ਤੋਂ ਕਈ ਥਾਵਾਂ 'ਤੇ ਕਮਜ਼ੋਰੀ ਵੀ ਵੇਖੀ ਜਾ ਰਹੀ ਹੈ। ਕਈ ਸੰਸਥਾਵਾਂ ਨੌਜਵਾਨਾਂ ਦੇ ਅੰਦਰ ਉੱਚ ਵਿੱਦਿਆ ਗ੍ਰਹਿਣ ਕਰਨ ਦਾ ਮਾਦਾ ਰੱਖਵਾਉਦੀਆ ਹਨ। ਬਿਨਾਂ ਸ਼ੱਕ ਵਿਦਿਅਕ ਸੰਸਥਾਵਾਂ ਸਾਡੇ ਸਮਾਜ ਦਾ ਇੱਕ ਅਜਿਹਾ ਥੰਮ੍ਹ ਹਨ, ਜਿਸ ਤੋਂ ਸ਼ੁਰੂ ਹੋ ਕੇ ਸਾਡਾ ਸਮਾਜ ਅੱਗੇ ਵੱਧਦਾ ਹੋਇਆ ਜ਼ਿੰਦਗੀ ਅੰਦਰ ਕਿਸੇ ਮਹਾਨ ਮਰਤਬੇ ਨੂੰ ਹਾਸਲ ਕਰਦਾ ਹੈ। ਵਿਦਿਅਕ ਸੰਸਥਾਵਾਂ ਦੀ ਕਦਰ ਕਰਨਾ ਸਾਡਾ ਮੁੱਢਲਾ ਫਰਜ਼ ਅਤੇ ਜ਼ਿੰਮੇਵਾਰੀ ਹੈ, ਜੇਕਰ ਅਸੀਂ ਵਿਦਿਅਕ ਸੰਸਥਾਵਾਂ ਦੀ ਕਦਰ ਨਹੀਂ ਕਰਾਂਗੇ, ਤਾਂ ਅਸੀਂ ਜ਼ਿੰਦਗੀ ਅੰਦਰ ਕਦੇ ਵੀ ਪੂਰੀ ਤਰ੍ਹਾਂ ਸਫਲ ਨਹੀਂ ਹੋ ਸਕਦੇ। ਸੰਸਥਾਵਾਂ ਦੀ ਨੀਂਹ ਸਾਨੂੰ ਪੂਰੀ ਤਰ੍ਹਾਂ ਪੱਕੀ ਅਤੇ ਮਜ਼ਬੂਤ ਬਣਾਉਣ ਦੇ ਲਈ ਵੱਡੇ ਪੱਧਰ 'ਤੇ ਕੰਮ ਕਰਨ ਦੀ ਜ਼ਰੂਰਤ ਹੁੰਦੀ ਹੈ, ਇਸ ਦੇ ਕਰਤਾ-ਧਰਤਾ ਲੋਕ ਬਿਨਾਂ ਸ਼ੱਕ ਇੱਕ ਉੱਚੀ ਬੁੱਧੀ ਅਤੇ ਵਿਸ਼ਾਲ ਦਿਮਾਗੀ ਪਰੋੜਤਾ ਦੇ ਮਾਹਰ ਲੋਕ ਹੁੰਦੇ ਹਨ।

ਭਾਵੇਂ ਕਿ ਵਿਦਿਅਕ ਸੰਸਥਾਵਾਂ ਦੇ ਅੰਦਰ ਕੁਦਰਤੀ ਰਹੁ-ਰੀਤਾਂ ਦੀ ਬਹਾਲੀ ਲਈ ਯਤਨ ਕੀਤੇ ਜਾਂਦੇ ਹਨ। ਇਹ ਸੱਜਣ ਅਜਿਹੇ ਹੁੰਦੇ ਹਨ, ਜੋ ਸਮਾਜ ਨੂੰ ਅੱਗੇ ਲੈ ਕੇ ਜਾਣ ਲਈ ਸਿਰਤੋੜ ਯਤਨ ਕਰਦੇ ਰਹਿੰਦੇ ਹਨ। ਪਰ ਇਹ ਵੀ ਸੱਚ ਹੈ ਕਿ ਪਿਛਲੇ ਲੰਬੇ ਸਮੇਂ ਤੋਂ ਵਿਦਿਅਕ ਸੰਸਥਾਵਾਂ ਦੇ ਅੰਦਰ ਕਾਫੀ ਨਿਘਾਰ ਵੇਖਿਆ ਜਾ ਰਿਹਾ ਹੈ, ਭਾਵੇਂ ਵਿਦਿਅਕ ਸੰਸਥਾਵਾਂ ਮਨੁੱਖ ਨੂੰ ਉਸ ਮੰਜ਼ਿਲ 'ਤੇ ਲੈ ਜਾਂਦੀਆਂ ਹਨ, ਜਿੱਥੇ ਜਾ ਕੇ ਉਹ ਸਮਾਜ ਦੇ ਅੰਦਰ ਸਤਿਕਾਰ ਦਾ ਪਾਤਰ ਬਣਦਾ ਹੈ ਪਰ ਬਹੁਤ ਸਾਰੀਆਂ ਇਨ੍ਹਾਂ ਸੰਸਥਾਵਾਂ ਅੱਜ ਡਿੱਗ ਰਹੇ ਗ੍ਰਾਫ ਦੇ ਕਾਰਨ ਅਕਸਰ ਚਰਚਾ ਦਾ ਵਿਸ਼ਾ ਬਣਦੀਆਂ ਰਹਿੰਦੀਆਂ ਹਨ। ਇਨ੍ਹਾਂ ਸੰਸਥਾਵਾਂ ਦੇ ਵਿਚੋਂ ਸਿੱਖਿਆ ਹਾਸਲ ਕਰਕੇ ਬਹੁਤ ਸਾਰੇ ਇਨਸਾਨ ਉਸ ਰੁਤਬੇ ਨੂੰ ਪਹੁੰਚ ਗਏ, ਜੋ ਕਿਸੇ ਬਿਰਲੇ ਇਨਸਾਨ ਨੂੰ ਹਾਸਲ ਹੁੰਦਾ ਹੈ। ਕਈਆਂ ਨੇ ਤਾਂ ਹੋਰਨਾਂ ਮੁਲਕਾਂ ਦੇ ਵਿਚ ਜਾ ਕੇ ਆਪਣੀ ਵਿੱਦਿਆਕ ਯੋਗਤਾ ਜ਼ਰੀਏ ਨਵੇਂ ਕੀਰਤੀਮਾਨ ਸਥਾਪਿਤ ਕੀਤੇ ਹਨ। ਅਜਿਹੇ ਲੋਕਾਂ ਨੂੰ ਸਦਾ ਹੀ ਉਤਸਾਹਿਤ ਕੀਤੇ ਜਾਣ ਦੀ ਲੋੜ ਹੁੰਦੀ ਹੈ।

ਕਈ ਵਿਦਿਅਕ ਸੰਸਥਾਵਾਂ ਦੇ ਅੰਦਰ ਲੋੜਵੰਦ ਬੱਚਿਆਂ ਦੀ ਸਿੱਖਿਆ ਦੇ ਨਾਂ 'ਤੇ ਬਹੁਤ ਕੁਝ ਅਜਿਹਾ ਵਾਪਰ ਰਿਹਾ ਹੈ, ਜੋ ਮਾੜਾ ਵਰਤਾਰਾ ਹੈ। ਸਾਨੂੰ ਕਿਸੇ ਨੂੰ ਦੋਸ਼ੀ ਕਹਿਣ ਦਾ ਕੋਈ ਹੱਕ ਨਹੀਂ, ਪਰ ਜੇਕਰ ਇਹ ਸੰਸਥਾਵਾਂ ਹੀ ਸਹੀ ਨਾ ਰਹੀਆਂ, ਤਾਂ ਸਾਡੀਆਂ ਆਉਣ ਵਾਲੀਆਂ ਪੀੜ੍ਹੀਆਂ ਦਾ ਵੱਡਾ ਨੁਕਸਾਨ ਹੋ ਜਾਵੇਗਾ। ਕਈ ਵਿੱਦਿਅਕ ਇੱਕ ਸੰਸਥਾਵਾਂ ਅੰਦਰ ਘਾਟੇ ਵਾਧੇ ਵਿਖਾ ਕੇ ਸਿੱਖਿਆ ਦੇ ਵਪਾਰੀਕਰਨ ਦੇ ਰੂਪ ਵਿਚ ਬਹੁਤ ਕੁਝ ਅਜਿਹਾ ਕੀਤਾ ਜਾ ਰਿਹਾ ਹੈ, ਜੋ ਕਦਾਚਿਤ ਵੀ ਇਨ੍ਹਾਂ ਵਿਦਿਅਕ ਅਦਾਰਿਆਂ ਦੇ ਹੱਕ ਵਿਚ ਨਹੀਂ ਜਾਵੇਗਾ। ਕਈ ਅਦਾਰੇ ਉਹ ਵੀ ਹਨ, ਜੋ ਪੱਲਾ ਖਰਚ ਕੇ ਲੋੜਵੰਦਾਂ ਦੀ ਮਦਦ ਕਰਦੇ ਹਨ ਬਿਨਾਂ ਸ਼ੱਕ ਉਨ੍ਹਾਂ ਦੀ ਸਿਫਤ ਕਰਨੀ ਬਣਦੀ ਹੈ। ਪਰ ਕਈ ਅਦਾਰਿਆਂ ਵੱਲੋਂ ਵਿਦਿਆਰਥੀਆਂ ਅਤੇ ਅਧਿਆਪਕਾਂ ਕੀਤਾ ਜਾ ਰਿਹਾ ਸ਼ੋਸ਼ਣ ਗਲਤ ਹੈ। ਫਿਰ ਵੀ ਸਾਰੇ ਇੱਕੋ ਜਿਹੇ ਨਹੀਂ ਹੁੰਦੇ।

ਬਹੁਤ ਸਾਰੇ ਸੱਜਣ ਨੇ ਵੀ ਹਨ, ਜੋ ਵਿੱਦਿਆ ਸੰਸਥਾਵਾਂ ਅੰਦਰ ਦਾਨ ਪਾਤਰ ਦਾ ਕੰਮ ਕਰਦੇ ਹਨ, ਇਹ ਇੱਕ ਚੰਗਾ ਕਦਮ ਹੈ। ਇੱਥੇ ਇਹ ਕਹਿਣਾ ਵੀ ਗਲਤ ਨਹੀਂ ਹੋਵੇਗਾ ਕਿ ਕਈ ਅਦਾਰਿਆਂ ਅੰਦਰ ਅਧਿਆਪਕਾਂ ਅਤੇ ਬੱਚਿਆਂ ਨੂੰ ਚੰਗੀ ਸਿੱਖਿਆ ਅਤੇ ਕੁਸ਼ਲ ਪ੍ਰਬੰਧਾਂ ਨੂੰ ਪਾਸੇ ਰੱਖ ਕੇ ਸਿਰਫ ਮੁਨਾਫੇ ਨੂੰ ਪਹਿਲ ਦੇ ਕੇ ਕੰਮ ਕੀਤਾ ਜਾ ਰਿਹਾ ਹੈ। ਫਿਰ ਅਜਿਹੇ ਵਿੱਦਿਅਕ ਅਦਾਰੇ ਕਿੰਨਾ ਚਿਰ ਸਮਾਜ ਲਈ ਚਾਨਣ ਮੁਨਾਰੇ ਦਾ ਕੰਮ ਕਰਨਗੇ, ਇਹ ਵੀ ਸਾਨੂੰ ਸਾਰਿਆਂ ਨੂੰ ਪਤਾ ਹੈ ਕਿਉਂਕਿ ਵਿਦਿਆ ਮਨੁੱਖ ਦਾ ਤੀਜਾ ਨੇਤਰ ਹੈ, ਜੇਕਰ ਅਸੀਂ ਇਸ ਨੂੰ ਹੀ ਸਹੀ ਦਿਸ਼ਾ ਅਤੇ ਦਸ਼ਾ ਨਾ ਦੇ ਸਕੇ, ਤਾਂ ਨੁਕਸਾਨ ਸਾਡਾ ਸਾਰਿਆਂ ਦਾ ਹੋਵੇਗਾ। ਇਸ ਲਈ ਸਾਨੂੰ ਚਾਹੀਦਾ ਹੈ ਕਿ ਵਿਦਿਅਕ ਅਦਾਰਿਆਂ ਦੇ ਅੰਦਰ ਆ ਰਹੇ ਨਿਘਾਰ ਨੂੰ ਦੂਰ ਕਰਨ ਦੇ ਲਈ ਵੱਡੇ ਪੱਧਰ 'ਤੇ ਯਤਨ ਕੀਤੇ ਜਾਣ ਅਤੇ ਖਾਸ ਕਰ ਵਿਦਿਆਰਥੀ ਵਰਗ ਨੂੰ ਨਾਲ ਲੈ ਕੇ ਸੈਮੀਨਾਰ ਕਰਵਾਏ ਜਾਣ।

ਪੰਜਾਬ ਅੰਦਰ ਭਾਵੇਂ ਬਹੁਤ ਸਾਰੇ ਵਿੱਦਿਅਕ ਅਦਾਰੇ ਅਜਿਹੇ ਵੀ ਹਨ, ਜਿਨ੍ਹਾਂ ਵੱਲੋਂ ਲੋੜਵੰਦਾਂ ਨੂੰ ਸਿੱਖਿਆ ਦੇ ਨਾਲ-ਨਾਲ ਧਾਰਮਿਕ ਵਿੱਦਿਆ ਵੀ ਮੁਹੱਈਆ ਕਰਵਾਈ ਜਾਂਦੀ ਹੈ, ਉਹ ਪ੍ਰਬੰਧਕ ਵਧਾਈ ਦੇ ਹੱਕਦਾਰ ਹਨ। ਸਾਨੂੰ ਸਾਰਿਆਂ ਨੂੰ ਇਸ ਦੇ ਲਈ ਆਪਣੀ ਜ਼ਿੰਮੇਵਾਰੀ ਅਤੇ ਫਰਜ਼ ਸਮਝ ਕੇ ਉਚੇਚੇ ਯਤਨ ਕਰਨੇ ਚਾਹੀਦੇ ਹਨ। ਪਰ ਬਹੁਤ ਸਾਰੇ ਪ੍ਰਬੰਧਕ ਅਜਿਹੇ ਵੀ ਹਨ, ਜਿਹੜੇ ਆਪਣੀਆਂ ਜ਼ਿੰਮੇਵਾਰੀਆਂ ਅਤੇ ਫਰਜ਼ਾਂ ਤੋਂ ਭੱਜ ਰਹੇ ਹਨ। ਵਿਦਿਅਕ ਅਦਾਰਿਆਂ ਦੇ ਪ੍ਰਬੰਧਕਾਂ ਅਤੇ ਆਗੂਆਂ ਨੂੰ ਚਾਹੀਦਾ ਹੈ ਕਿ ਨੌਜਵਾਨ ਵਰਗ ਨੂੰ ਨਾਲ ਲੈ ਕੇ ਵਿਦਿਅਕ ਅਦਾਰਿਆਂ ਦੀ ਮਜ਼ਬੂਤੀ ਦੇ ਲਈ ਨਵੀਂ ਰੂਪ-ਰੇਖਾ ਦੇ ਤਹਿਤ ਕੰਮ ਕਰਨਾ ਚਾਹੀਦਾ ਹੈ। ਜੇਕਰ ਸਾਡੇ ਇਹ ਅਦਾਰੇ ਹੀ ਸਹੀ ਕੰਮ ਨਾ ਕਰ ਸਕੇ, ਤਾਂ ਇਹ ਗ੍ਰਾਫ ਆਏ ਦਿਨ ਹੋਰ ਹੇਠਾਂ ਡਿੱਗਦਾ ਜਾਵੇਗਾ। ਸਾਨੂੰ ਸਾਰਿਆਂ ਨੂੰ ਵਿਦਿਅਕ ਸੰਸਥਾਵਾਂ ਦੇ ਅੰਦਰ ਮਜ਼ਬੂਤ ਪ੍ਰਬੰਧ ਬਹਾਲ ਕਰਨ ਦੇ ਨਾਲ-ਨਾਲ ਇਸ ਸਬੰਧੀ ਖੁੱਲ੍ਹੇ ਮਨ ਨਾਲ ਸੋਚਣ ਦੀ ਲੋੜ ਹੈ।



# ਲਿੰਗੂਆਪੈਕਸ ਪ੍ਰਾਈਜ਼ ਅਤੇ ਸਾਡੀ ਮਾਂ ਬੋਲੀ ਪੰਜਾਬੀ

## ਅੰਤਰਰਾਸ਼ਟਰੀ ਮਾਤ ਭਾਸ਼ਾ ਦਿਵਸ (21 ਫਰਵਰੀ) 'ਤੇ ਵਿਸ਼ੇਸ਼



-ਜਸਵਿੰਦਰ ਸਿੰਘ ਰੁਪਾਲ
0019375739812 (ਅਮਰੀਕਾ),
ਵਟਸਐਪ : +91-94175-33060
ਪੰਜਾਬ ਮੇਲ USA

ਅੰਤਰਰਾਸ਼ਟਰੀ ਮਾਤਭਾਸ਼ਾ ਦਿਵਸ ਉੱਤੇ ਪੰਜਾਬੀ ਭਾਸ਼ਾ ਬਾਰੇ ਵਿਚਾਰਾਂ ਹੁੰਦੀਆਂ ਹਨ। ਸੈਮੀਨਾਰ ਹੁੰਦੇ ਹਨ। ਬੋਲੀ ਦੀ ਹੁਣ ਤੱਕ ਹੋਈ ਤਰੱਕੀ ਨੂੰ ਦੇਖਿਆ ਜਾਂਦਾ ਹੈ, ਸਮੱਸਿਆਵਾਂ ਬਾਰੇ ਵਿਚਾਰ ਹੁੰਦੀ ਹੈ ਅਤੇ ਉਨ੍ਹਾਂ ਦੇ ਹੱਲ ਖੋਜੇ ਜਾਂਦੇ ਹਨ। ਨਵੀਆਂ ਯੋਜਨਾਵਾਂ ਅਤੇ ਪ੍ਰੋਜੈਕਟ ਸ਼ੁਰੂ ਹੁੰਦੇ ਹਨ। 21 ਫਰਵਰੀ ਨੂੰ ਇਹ ਦਿਨ ਆ ਰਿਹਾ ਹੈ। ਯੂਨੈਸਕੋ ਅੰਤਰਰਾਸ਼ਟਰੀ ਮਾਤ ਭਾਸ਼ਾ ਦਿਵਸ 'ਤੇ ਖਾਸ ਵਿਸ਼ਾ ਨਿਸ਼ਚਿਤ ਕਰਦੀ ਹੈ ਅਤੇ ਉਨ੍ਹਾਂ ਵਿਸ਼ਿਆਂ ਨਾਲ ਕਿਰਿਆਵਾਂ ਯੂਨੈਸਕੋ ਦੇ ਮੁੱਖ ਦਫਤਰ ਪੈਰਿਸ ਵਿਖੇ ਕਰਵਾਈਆਂ ਜਾਂਦੀਆਂ ਹਨ। ਅੰਤਰਰਾਸ਼ਟਰੀ ਮਾਤਭਾਸ਼ਾ ਦਿਵਸ 2026 ਦਾ ਵਿਸ਼ਾ ਹੈ "ਬਹੁ ਭਾਸ਼ੀ ਸਿੱਖਿਆ ਤੇ ਨੌਜਵਾਨਾਂ ਦੀ ਆਵਾਜ" ਜੋ ਇਹ ਦਰਸਾਉਂਦਾ ਹੈ ਕਿ ਨੌਜਵਾਨ ਕਿਸ ਤਰ੍ਹਾਂ ਭਾਸ਼ਾਵਾਂ ਦੀ ਰੱਖਿਆ, ਪੁਨਰ ਜਾਗਰਣ ਅਤੇ ਤਕਨਾਲੋਜੀ ਦੇ ਜ਼ਰੀਏ ਭਾਸ਼ਾਈ ਵਿਭਿੰਨਤਾ ਨੂੰ ਵਧਾਉਣ ਵਿਚ ਮਹੱਤਵਪੂਰਨ ਭੂਮਿਕਾ ਨਿਭਾ ਰਹੇ ਹਨ। ਇਹ ਦਿਵਸ 21 ਫਰਵਰੀ 2026 ਨੂੰ ਮਨਾਇਆ ਜਾਵੇਗਾ ਅਤੇ ਇਹ ਇਸ ਗੱਲ 'ਤੇ ਜ਼ੋਰ ਦਿੰਦਾ ਹੈ ਕਿ ਕਿਸ ਤਰ੍ਹਾਂ ਭਾਸ਼ਾ ਪਛਾਣ ਸਿੱਖਣ ਅਤੇ ਸ਼ਾਮਿਲਤਾ ਨੂੰ ਗਠਿਤ ਕਰਦੀ ਹੈ।

**2026 ਲਈ ਮੁੱਖ ਕੇਂਦਰੀ ਖੇਤਰ :**

**ਨੌਜਵਾਨ ਕੇਂਦਰਿਤ ਨਵੀਨਤਾ** :- ਨੌਜਵਾਨ ਤਕਨਾਲੋਜੀ ਦੀ ਵਰਤੋਂ ਕਰਕੇ ਡਿਜ਼ੀਟਲ ਸਮੱਗਰੀ ਤਿਆਰ ਕਰ ਰਹੇ ਹਨ, ਜਿਸ ਨਾਲ ਭਾਸ਼ਾਵਾਂ ਨੂੰ ਹੋਰ ਦਿਖਣਯੋਗ ਅਤੇ ਕੀਮਤੀ ਬਣਾਇਆ ਜਾ ਰਿਹਾ ਹੈ।

ਬਹੁ ਭਾਸ਼ੀ ਸਿੱਖਿਆ ਇਹ ਦਿਵਸ ਉਨ੍ਹਾਂ ਸਿੱਖਿਆ ਪ੍ਰਣਾਲੀਆਂ ਦਾ ਸਮਰਥਨ ਕਰਦਾ ਹੈ, ਜੋ ਸਿੱਖਿਅਰਥੀਆਂ ਦੀ ਮਾਤ ਭਾਸ਼ਾ ਨੂੰ ਮਾਨਤਾ ਅਤੇ ਸਹਾਰਾ ਦਿੰਦੀਆਂ ਹਨ, ਤਾਂ ਜੋ ਸਿੱਖਿਆ ਦੇ ਨਤੀਜੇ ਸੁਧਰ ਸਕਣ।

**ਚਾਂਦੀ ਜਿਲਦ ਸੰਦੇਸ਼ (ਸਿਲਵਰ ਜੁਬਲੀ ਸੰਦੇਸ਼)**:- ਯੂਨੈਸਕੋ ਭਾਸ਼ਾਈ ਵਿਭਿੰਨਤਾ ਨੂੰ ਉਤਸ਼ਾਹਿਤ ਕਰਨ ਦੇ 25+ ਸਾਲ ਮਨਾ ਰਿਹਾ ਹੈ। ਜਿਸਦਾ ਮਾਟੋ ਹੈ "ਭਾਸ਼ਾਵਾਂ ਮਹੱਤਵਪੂਰਨ ਹਨ। ਅੰਤਰਰਾਸ਼ਟਰੀ ਮਾਤ ਭਾਸ਼ਾ ਦਿਵਸ ਦਾ ਚਾਂਦੀ ਜੁਬਲੀ ਉਤਸਵ।" ਅੱਜ ਅਸੀਂ ਭਾਸ਼ਾ ਲਈ ਦਿੱਤੇ ਜਾਣ ਵਾਲੇ ਅੰਤਰਰਾਸ਼ਟਰੀ ਪ੍ਰਾਈਜ਼ ਲਿੰਗੂਆਪੈਕਸ ਪ੍ਰਾਈਜ਼ ਬਾਰੇ ਜਾਨਣ ਦੀ ਕੋਸ਼ਿਸ਼ ਕਰਦੇ ਹਾਂ। ਅਤੇ ਇਹ ਵੀ ਕਿ ਇਹ ਪ੍ਰਾਈਜ਼ ਮਿਲਣ ਲਈ ਸਾਡੀ ਮਾਤਭਾਸ਼ਾ ਪੰਜਾਬੀ ਵਿਚ ਅਜੇ ਹੋਰ ਕਿਹੜੇ-ਕਿਹੜੇ ਕੰਮ ਕੀਤੇ ਜਾਣ ਦੀ ਲੋੜ ਹੈ, ਬਾਰੇ ਵਿਚਾਰ ਕਰਾਂਗੇ।

**ਲਿੰਗੂਆਪੈਕਸ ਪ੍ਰਾਈਜ਼ ਕੀ ਹੈ ? ?**:- ਇੰਟਰਨੈਸ਼ਨਲ ਲਿੰਗੂਆਪੈਕਸ ਪ੍ਰਾਈਜ਼ ਇੱਕ ਅੰਤਰਰਾਸ਼ਟਰੀ ਪੁਰਸਕਾਰ ਹੈ, ਜੋ ਭਾਸ਼ਾਈ ਵਿਭਿੰਨਤਾ ਅਤੇ ਬਹੁ ਭਾਸ਼ਾਵਾਦ ਨੂੰ ਉਤਸ਼ਾਹਤ ਕਰਨ ਲਈ ਦਿੱਤਾ ਜਾਂਦਾ ਹੈ। ਇਹ ਪੁਰਸਕਾਰ ਉਨ੍ਹਾਂ ਵਿਅਕਤੀਆਂ, ਸਮੂਹਾਂ ਜਾਂ ਸੰਸਥਾਵਾਂ ਨੂੰ ਮਿਲਦਾ ਹੈ, ਜਿਨ੍ਹਾਂ ਨੇ ਭਾਸ਼ਾਵਾਂ ਦੀ ਸੰਰੱਖਿਆ, ਘੱਟ ਸਮਝੀਆਂ ਜਾਂ ਰਹਿੰਦੀਆਂ ਭਾਸ਼ਾਵਾਂ ਦੀ ਜੀਵੰਤਤਾ, ਮਾਤ ਭਾਸ਼ਾ ਆਧਾਰਿਤ ਸਿੱਖਿਆ, ਭਾਸ਼ਾਈ ਅਧਿਕਾਰਾਂ ਦੀ ਰੱਖਿਆ ਵਰਗਾ ਕੰਮ ਕੀਤਾ ਹੋਵੇ। ਇਸਦਾ ਮੁੱਖ ਉਦੇਸ਼ ਹੈ ਕਿ ਭਾਸ਼ਾਵਾਂ ਵਿਚਲੇ ਫਰਕਾਂ ਨੂੰ ਸਵੀਕਾਰ ਕਰ ਕੇ ਯੋਗਦਾਨ ਦੇਣਾ ਅਤੇ ਸਾਂਝ ਬਣਾਉਣਾ, ਜੋ ਅੰਤ ਵਿਚ ਸ਼ਾਂਤੀ ਅਤੇ ਬਹੁ ਸੰਸਕ੍ਰਿਤਿਕਤਾ ਨੂੰ ਮਜ਼ਬੂਤ ਕਰਦਾ ਹੈ।

**ਕੌਣ ਦਿੰਦਾ ਹੈ ਇਹ ਪ੍ਰਾਈਜ਼**:- ਇਹ ਇਨਾਮ ਲਿੰਗੂਆਪੈਕਸ ਇੰਟਰਨੈਸ਼ਨਲ ਸੰਸਥਾ ਦੁਆਰਾ ਦਿੱਤਾ ਜਾਂਦਾ ਹੈ। ਇਹ ਇੱਕ ਅਜਿਹਾ ਸੰਗਠਨ ਹੈ, ਜੋ 1987 ਵਿਚ ਯੂਨੈਸਕੋ ਤੋਂ ਸ਼ੁਰੂ ਹੋਇਆ ਸੀ ਅਤੇ ਹੁਣ ਇਹ ਇੱਕ ਸੁਤੰਤਰ ਸੰਸਥਾ ਹੈ, ਜੋ ਯੂਨੈਸਕੋ ਨਾਲ ਸਲਾਹਕਾਰੀ ਦਰਜੇ ਵਿਚ ਕੰਮ ਕਰਦੀ ਹੈ।

**ਇਸ ਇਨਾਮ ਦਾ ਹੱਕਦਾਰ ਕੌਣ ਹੋ ਸਕਦਾ ਹੈ ?**:- ਲੋਕ, ਅਕਾਦਮਿਕ ਪੇਸ਼ਾਵਰ, ਗੁਰੂ, ਸਮੂਹ ਅਤੇ ਸੰਗਠਨਾਂ ਨੂੰ ਇਹ ਇਨਾਮ ਮਿਲ ਸਕਦਾ ਹੈ, ਜਿਹੜੇ ਭਾਸ਼ਾਈ ਜਾਗਰੂਕਤਾ ਅਤੇ ਬਚਾਅ 'ਤੇ ਕੰਮ ਕਰਦੇ ਹਨ, ਬਹੁਤ ਘੱਟ ਲੋਕਾਂ ਵੱਲੋਂ ਬੋਲੀਆਂ ਜਾਣ ਵਾਲੀਆਂ ਬੋਲੀਆਂ ਲਈ ਸਿੱਖਿਆ ਜਾਂ ਪੁਨਰ ਜਾਗਰਣ ਯੋਜਨਾ 'ਤੇ ਕੰਮ ਕਰਨ ਵਾਲੇ, ਭਾਸ਼ਾਵਾਂ ਦੇ ਸਹੀ ਉਪਯੋਗ ਬਾਰੇ ਸੋਚ ਜਾਂ ਜਿਹੜੇ ਭਾਸ਼ਾਈ ਅਧਿਕਾਰਾਂ ਦੀ ਰੱਖਿਆ ਕਰਦੇ ਹਨ। ਇਸ ਸੰਸਥਾ ਦੇ ਅੰਦਰਲੇ ਕਰਮਚਾਰੀ ਅਤੇ ਪਹਿਲਾਂ ਇਨਾਮ ਲੈ ਚੁੱਕੇ ਹੋਏ ਦੁਬਾਰਾ ਲਾਭ ਨਹੀਂ ਲੈ ਸਕਦੇ।

**ਕੌਣ ਨੌਮੀਨੇਸ਼ਨ ਭੇਜ ਸਕਦਾ ਹੈ ?**:- ਸੰਸਥਾਵਾਂ, ਯੂਨੈਸਕੋ ਚੇਅਰਜ਼, ਕੌਂਸਲ ਆਫ ਯੂਰਪ ਵਰਗੇ ਸੰਗਠਨ ਜਾਂ ਮੌਜੂਦਾ ਲਿੰਗੂਆਪੈਕਸ ਇੰਟਰਨੈਸ਼ਨਲ ਨੈੱਟਵਰਕ ਦੇ ਮੈਂਬਰ ਨੌਮੀਨੇਸ਼ਨ ਭੇਜ ਸਕਦੇ ਹਨ। ਆਮ ਲੋਕਾਂ ਲਈ ਸਿੱਧੀ ਨੌਮੀਨੇਸ਼ਨ ਨਹੀਂ ਹੁੰਦੀ, ਉਨ੍ਹਾਂ ਨੂੰ ਕਿਸੇ ਸੰਗਠਨ ਜਾਂ ਅਧਿਕਾਰਿਤ ਵਿਅਕਤੀ ਰਾਹੀਂ ਨੌਮੀਨੇਟ ਕਰਵਾਉਣਾ ਪੈਂਦਾ ਹੈ।

**ਇਨਾਮ ਦੀ ਰਕਮ** :- ਲਿੰਗੂਆਪੈਕਸ ਇੰਟਰਨੈਸ਼ਨਲ ਵਲੋਂ ਇੱਕ ਡਿਪਲੋਮਾ ਜਾਂ ਸਨਦ ਦਿੱਤੀ ਜਾਂਦੀ ਹੈ ਅਤੇ ਪ੍ਰੋਜੈਕਟ ਜਾਂ ਅਗਲੇ ਕਾਰਜ ਲਈ 6000 ਯੂਰੋ (ਇਸ ਸਮੇਂ ਕੀਮਤ 6,40,000 ਰੁਪਏ) ਦੀ ਰਕਮ ਦਿੱਤੀ ਜਾਂਦੀ ਹੈ। ਇਹ ਸਨਦ ਸਿਰਫ ਇੱਕ ਸਰਟੀਫਿਕੇਟ ਹੀ ਨਹੀਂ, ਸਗੋਂ ਇਹ ਉਸ ਵਿਅਕਤੀ ਜਾਂ ਸੰਸਥਾ ਦੀ ਇੱਕ ਪਹਿਚਾਣ ਹੈ ਅਤੇ ਉਸਨੂੰ ਕਈ ਨਵੇਂ ਅਧਿਕਾਰ ਦਿੰਦੀ ਹੈ। ਪਹਿਲੀ ਗੱਲ ਇਹ ਇਸ ਗੱਲ ਦਾ ਅਧਿਕਾਰਿਤ ਪ੍ਰਮਾਣ ਪੱਤਰ ਹੈ ਕਿ ਉਕਤ ਵਿਅਕਤੀ ਜਾਂ ਸੰਸਥਾ ਨੇ ਭਾਸ਼ਾ ਵਿਭਿੰਨਤਾ ਅਤੇ ਬਹੁ ਭਾਸ਼ਾਵਾਦ ਰਾਹੀਂ ਅੰਤਰਰਾਸ਼ਟਰੀ ਸ਼ਾਂਤੀ ਲਈ ਕੰਮ ਕੀਤਾ ਹੈ। ਹੁਣ ਯੂਨੈਸਕੋ, ਯੂਰਪੀ ਕੌਂਸਲ ਅਤੇ ਅਜਿਹੀਆਂ ਅੰਤਰਰਾਸ਼ਟਰੀ ਸੰਸਥਾਵਾਂ ਵਿਚ ਉਸਦੀ ਆਵਾਜ਼ ਨੂੰ ਗੰਭੀਰਤਾ ਨਾਲ ਸੁਣਿਆ ਜਾਂਦਾ ਹੈ। ਉਸ ਵਿਅਕਤੀ ਜਾਂ ਸੰਸਥਾ ਵਲੋਂ ਅੰਤਰਰਾਸ਼ਟਰੀ ਪੱਧਰ 'ਤੇ ਗ੍ਰਾਂਟਾਂ ਜਾਂ ਫੰਡ ਲੈਣੇ ਸੌਖੇ ਹੋ ਜਾਂਦੇ ਹਨ। ਇਹ ਸਨਦ ਸੰਬੰਧਿਤ ਵਿਅਕਤੀ ਜਾਂ ਸੰਸਥਾ ਨੂੰ ਇਨਸਾਨੀ ਹੋਂਦ, ਭਾਈਚਾਰਾ ਅਤੇ ਅਮਨ ਦਾ ਹਿੱਸਾ ਦਰਸਾਉਂਦੀ ਹੈ। ਇਹ ਇਨਾਮ ਅੰਤਰਰਾਸ਼ਟਰੀ ਮਾਤ ਭਾਸ਼ਾ ਦਿਵਸ ਯਾਨੀ 21 ਫਰਵਰੀ ਨੂੰ ਦਿੱਤਾ ਜਾਂਦਾ ਹੈ।



**ਲਿੰਗੂਆਪੈਕਸ ਪ੍ਰਾਈਜ਼ ਲੈਣ ਵਾਲੇ** :- ਸਾਲ 2020 ਲਈ ਇਹ ਇਨਾਮ ਮਾਰਿਆ-ਲੀਸਾ ਓਲਤਹੂਇਸ ਨੂੰ ਦਿੱਤਾ ਗਿਆ, ਜੋ ਫਿਨਲੈਂਡ ਨਾਲ ਸੰਬੰਧਿਤ ਹਨ। ਉਹ ਇਨਾਰੀ ਸਾਮੀ ਨਾਮੀ ਮੂਲ ਭਾਸ਼ਾ ਦੇ ਪੁਨਰ ਜਾਗਰਣ ਲਈ ਲੰਬੇ ਸਮੇਂ ਤੋਂ ਵਿਦਿਅਕ, ਭਾਸ਼ਾਈ ਤੇ ਸਮੁਦਾਇਕ ਪੱਧਰ 'ਤੇ ਕੰਮ ਕਰ ਰਹੀਆਂ ਹਨ। ਸ਼ਬਦਾਵਲੀ ਤਿਆਰ ਕਰਨ, ਸਿੱਖਿਆ ਸਮੱਗਰੀ ਵਿਕਸਿਤ ਕਰਨ ਅਤੇ ਸਮੁਦਾਇਕ ਸਰਗਰਮੀਆਂ ਰਾਹੀਂ ਉਨ੍ਹਾਂ ਨੇ ਇਸ ਖਤਰੇ ਵਿਚ ਪਈ ਭਾਸ਼ਾ ਨੂੰ ਮੁੜ ਜੀਵੰਤ ਕਰਨ ਵਿਚ ਵੱਡਾ ਯੋਗਦਾਨ ਪਾਇਆ ਹੈ। ਸਾਲ 2021 ਵਿਚ ਇਹ ਇਨਾਮ ਪਾਕਿਸਤਾਨ ਦੀ ਸੰਸਥਾ ਇਦਾਰਾ ਬਰਾਇ ਤਲੀਮ-ਓ-ਤਰੱਕੀ ਨੂੰ ਮਿਲਿਆ। ਇਸ ਸੰਸਥਾ ਨੇ ਮਾਧਰੀ ਭਾਸ਼ਾ-ਆਧਾਰਿਤ ਬਹੁ ਭਾਸ਼ੀ ਸ਼ੁਰੂਆਤੀ ਬਚਪਨ ਦੀ ਸਿੱਖਿਆ ਦਾ ਮਾਡਲ ਵਿਕਸਿਤ ਕਰਕੇ ਪਹਾੜੀ ਅਤੇ ਦੂਰ ਦਰਾਜ਼ ਇਲਾਕਿਆਂ ਵਿਚ ਬੱਚਿਆਂ ਨੂੰ ਆਪਣੀ ਮਾਤਭਾਸ਼ਾ ਵਿਚ ਸਿੱਖਣ ਦਾ ਮੌਕਾ ਦਿੱਤਾ ਹੈ। ਇਸ ਮਾਡਲ ਰਾਹੀਂ ਨਾ ਸਿਰਫ ਸਕੂਲੀ ਪ੍ਰਦਰਸ਼ਨ ਸੁਧਰਿਆ ਹੈ, ਸਗੋਂ ਭਾਸ਼ਾਈ ਅਤੇ ਸੱਭਿਆਚਾਰਕ ਪਛਾਣ ਨੂੰ ਵੀ ਮਜ਼ਬੂਤੀ ਮਿਲੀ ਹੈ। ਸਾਲ 2022 ਲਈ ਇਹ ਇਨਾਮ ਮੈਕਸੀਕੋ ਦੇ ਅਦਾਰੇ **ADN Maya Collective** ਨੂੰ ਪ੍ਰਦਾਨ ਕੀਤਾ ਗਿਆ। ਇਹ ਕਲੈਕਟਿਵ ਮਾਇਆ ਭਾਸ਼ਾਵਾਂ ਦੀ ਰੱਖਿਆ, ਉਨ੍ਹਾਂ ਦੀ ਰੋਜ਼ਮੱਰਾ ਵਰਤੋਂ ਅਤੇ ਨਵੀਂ ਪੀੜ੍ਹੀ ਵਿਚ ਮਾਇਆ ਭਾਸ਼ਾਈ ਸੱਭਿਆਚਾਰ ਦੇ ਪਸਾਰ ਲਈ ਕੰਮ ਕਰਦਾ ਹੈ। ਸਮੁਦਾਇਕ ਪ੍ਰੋਗਰਾਮਾਂ ਸਿੱਖਿਆਈ ਪ੍ਰੋਜੈਕਟਾਂ ਅਤੇ ਸੱਭਿਆਚਾਰਕ ਗਤੀਵਿਧੀਆਂ ਰਾਹੀਂ ਇਹ ਗਰੁੱਪ ਬਹੁਭਾਸ਼ੀਪਣ ਅਤੇ ਭਾਸ਼ਾਈ ਹੱਕਾਂ ਨੂੰ ਉਭਾਰਦਾ ਹੈ। ਸਾਲ 2023 ਵਿਚ ਇਹ ਇਨਾਮ ਅਬਦੁਵੇਲੀ ਅਯੂਪ ਨੂੰ ਦਿੱਤਾ ਗਿਆ, ਜੋ ਮੂਲ ਰੂਪ ਵਿਚ ਚੀਨ ਦੇ ਉਈਘੁਰ ਸਮੁਦਾਇ ਨਾਲ ਸੰਬੰਧਿਤ ਹਨ ਅਤੇ ਬਾਅਦ ਵਿਚ ਨਾਰਵੇ ਵੀ ਰਹੇ ਹਨ। ਉਹ ਉਈਘੁਰ ਭਾਸ਼ਾ ਦੀ ਰੱਖਿਆ ਅਤੇ ਉਈਘੁਰ ਲੋਕਾਂ ਦੇ ਭਾਸ਼ਾਈ- ਸੱਭਿਆਚਾਰਕ ਹੱਕਾਂ ਲਈ ਲਿਖਤਾਂ, ਸ਼ੋਧ ਅਤੇ ਐਕਟੀਵਿਜ਼ਮ ਰਾਹੀਂ ਆਵਾਜ਼ ਉਠਾਉਂਦੇ ਰਹੇ ਹਨ। ਉਨ੍ਹਾਂ ਦਾ ਕੰਮ ਦਿਖਾਉਂਦਾ ਹੈ ਕਿ ਕਿਸ ਤਰ੍ਹਾਂ ਇੱਕ ਵਿਅਕਤੀ ਖਤਰੇ ਵਿਚ ਪਈ ਭਾਸ਼ਾ ਦੀ ਦਿੱਖ, ਸਨਮਾਨ ਅਤੇ ਹੋਂਦ ਲਈ ਦੁਨੀਆਂ ਭਰ ਵਿਚ ਜਾਗਰੂਕਤਾ ਪੈਦਾ ਕਰ ਸਕਦਾ ਹੈ। ਅਜੇ ਤੱਕ 2024, 2025 ਅਤੇ 2026 ਲਈ ਇਸ ਇਨਾਮ ਨੂੰ ਜਿੱਤਣ ਵਾਲਿਆ ਦਾ ਐਲਾਨ ਨਹੀਂ ਕੀਤਾ ਗਿਆ।

**ਭਾਰਤ ਨੂੰ ਲਿੰਗੂਆਪੈਕਸ ਪ੍ਰਾਈਜ਼** :- ਸਾਡੇ ਲਈ ਇਹ ਖੁਸ਼ੀ ਅਤੇ ਮਾਣ ਦੀ ਗੱਲ ਹੈ ਕਿ ਭਾਰਤ ਦੇ ਗੁਜਰਾਤ ਦੇ ਸ਼੍ਰੀ ਗਨੇਸ਼. ਐੱਨ.ਦੇਵੀ ਨੂੰ 2011 ਵਿਚ ਇਹ ਮਾਣਮੱਤਾ ਇਨਾਮ ਮਿਲਿਆ ਸੀ। ਕੁਝ ਗੱਲਾਂ ਇਸ ਭਾਸ਼ਾ ਵਿਗਿਆਨੀ ਬਾਰੇ ਵੀ ਜਾਣ ਲਈਏ। 1950 ਵਿਚ ਜਨਮੇ ਸ਼੍ਰੀ ਗਨੇਸ਼-ਦੇਵੀ, ਮਹਾਰਾਜਾ ਸਾਇਆਜੀਰਾਓ ਯੂਨੀਵਰਸਿਟੀ ਆਫ ਬਰੌਦਾ (ਗੁਜਰਾਤ) ਵਿਚ ਅੰਗਰੇਜ਼ੀ ਦੇ ਪ੍ਰੋਫੈਸਰ ਹਨ। ਉਹ ਤੇਜਗਧ ਯੂਨੀਵਰਸਿਟੀ ਦੇ ਫਾਊਂਡਰ ਅਤੇ ਡਾਇਰੈਕਟਰ ਵੀ ਹਨ। ਉਹ ਖਤਰੇ ਦੀ ਕਗਾਰ 'ਤੇ ਪੁੱਜੀਆਂ ਭਾਸ਼ਾਵਾਂ ਦੀ ਸੰਭਾਲ ਕਰਨ ਵਾਲੇ ਸਰਗਰਮ ਯੋਧੇ ਹਨ। ਉਨ੍ਹਾਂ ਨੇ ਲਤਾੜੇ ਅਤੇ ਬੇ-ਪਛਾਣ ਲੋਕਾਂ (ਆਦਿਵਾਸੀ) ਦੇ ਮਨੁੱਖੀ ਅਧਿਕਾਰਾਂ ਲਈ ਵੀ ਬਹੁਤ ਕੰਮ ਕੀਤਾ ਹੈ। ਉਨ੍ਹਾਂ ਨੇ ਤੇਜਗਧ ਵਿਚ ਆਦਿਵਾਸੀ ਅਕੈਡਮੀ ਅਤੇ ਹਿਮਾਲਿਆ ਦੇ ਹਿਮਲੋਕ ਇੰਸਟੀਚਿਊਟ ਦੀ ਸਥਾਪਨਾ ਵੀ ਕੀਤੀ ਹੈ। ਉਨ੍ਹਾਂ ਦਾ ਸਾਰਾ ਧਿਆਨ ਜਨ-ਜਾਤੀ ਸਿੱਖਿਆ ਅਤੇ ਉਨ੍ਹਾਂ ਦੀ ਭਾਸ਼ਾ, ਸੱਭਿਆਚਾਰ ਅਤੇ ਕਲਾ ਦੀ ਸੰਭਾਲ ਵੱਲ ਰਿਹਾ ਹੈ। "ਭਾਸ਼ਾ" ਅਨੁਸਾਰ ਉਨ੍ਹਾਂ ਨੇ 23 ਕਿਤਾਬਾਂ ਗੈਰ-ਅਨੁਸੂਚਿਤ ਭਾਸ਼ਾਵਾਂ (Non-scheduled languages) 'ਤੇ ਵੀ ਲਿਖੀਆਂ, ਜਿਨ੍ਹਾਂ ਭਾਸ਼ਾਵਾਂ ਨੂੰ ਅਜੇ ਸਾਡੇ ਸੰਵਿਧਾਨ ਨੇ ਮਾਨਤਾ ਨਹੀਂ ਦਿੱਤੀ ਹੋਈ। ਜਨ-ਜਾਤੀ ਭਾਸ਼ਾਵਾਂ ਲਈ ਉਹ ਰਸਾਲਾ "ਢੋਲ" ਸੰਪਾਦਿਤ ਕਰਦੇ ਨੇ, ਜਿਸ ਵਿਚ ਘੱਟੋ-ਘੱਟ 10 ਜਨ-ਜਾਤੀ ਭਾਸ਼ਾਵਾਂ ਦਾ ਸਾਹਿਤ ਛਪਦਾ ਹੈ।..... ਭਾਰਤ ਸਰਕਾਰ ਨੇ ਭਾਸ਼ਾ ਕੇਂਦਰ ਨੂੰ ਕੁਸ਼ਲਤਾ ਦੇ ਕੇਂਦਰ ਵਜੋਂ ਮਾਨਤਾ ਦਿੱਤੀ ਹੈ ਅਤੇ ਇਸ ਭਾਸ਼ਾ ਨੇ ਪ੍ਰੋ. ਦੇਵੀ ਨੂੰ "ਗਰੀਅਰਸਨ ਲਿੰਗੂਇਸਟਿਕ ਸਰਵੇ ਆਫ ਇੰਡੀਆ (1930-31) ਨੂੰ ਦੁਹਰਾਉਣ ਅਤੇ ਨਵੇਂ ਸਿਰਿਓਂ ਲਿਖਣ ਦਾ ਵੱਡਾ ਪ੍ਰੋਜੈਕਟ ਦਿੱਤਾ ਹੈ। ਪ੍ਰੋ. ਗਨੇਸ਼ ਵੱਲੋਂ ਲਿਖੀਆਂ ਪੁਸਤਕਾਂ ਵਿਚੋਂ ਕ੍ਰਿਟੀਕਲ ਥਾਟਸ, ਆਫਟਰ ਐਮਨੇਸ਼ੀਆ, ਆਫ ਮੈਨੀ ਹੀਰੋਜ਼, ਇੰਡੀਆ ਬਿਟਵੀਨ ਟਰੈਡੀਸ਼ਨ ਐਂਡ ਮੌਡਰਨਿਟੀ, ਐਨ ਐਂਥੋਲੋਜੀ ਆਫ ਟਰਾਈਬਲ ਲਿਟਰੇਚਰ ਦਾ ਨਾਰਮਲ ਕਾਲਡ ਥੀਫ ਪ੍ਰਮੁੱਖ ਹਨ।

ਹੁਣ ਆਪਣੀ ਮਾਂ ਬੋਲੀ ਪੰਜਾਬੀ ਵੱਲ ਆਈਏ। ਪੰਜਾਬੀ ਭਾਸ਼ਾ ਨੂੰ ਇਸ ਪ੍ਰਾਈਜ਼ ਦੇ ਹਾਣ ਦੀ ਹੋਣ ਲਈ ਇਸ ਦੇ ਖੋਜੀਆਂ ਨੂੰ ਅਤੇ ਇਸਦੇ ਵਿਕਾਸ ਲਈ ਯਤਨਸ਼ੀਲ ਸੰਸਥਾਵਾਂ ਨੂੰ ਅਜੇ ਬਹੁਤ ਕੁਝ ਕਰਨਾ ਲੋੜੀਂਦਾ ਹੈ। ਕੁਝ ਪੱਖ ਹੇਠ ਲਿਖੇ ਹਨ:-

1. **ਲਿਪੀ ਦੀ ਇੱਕਰੂਪਤਾ ਅਤੇ ਪਰਸਪਰ ਸਨਮਾਨ** :- ਪੰਜਾਬੀ ਬੋਲੀ ਨੂੰ ਅੱਜ ਤਿੰਨ ਲਿੱਪੀਆਂ ਵਿਚ ਲਿਖਿਆ ਜਾ ਰਿਹਾ ਹੈ। ਭਾਰਤ ਵਿਚ ਇਹ ਗੁਰਮੁਖੀ ਲਿੱਪੀ ਵਿਚ ਲਿਖੀ ਜਾ ਰਹੀ ਹੈ, ਪਾਕਿਸਤਾਨ ਵਿਚ ਇਸਨੂੰ ਸ਼ਾਹਮੁਖੀ ਵਿਚ ਲਿਖਿਆ ਜਾ ਰਿਹਾ ਹੈ ਅਤੇ ਤੀਸਰੇ ਡਿਜ਼ੀਟਲ ਵਰਤੋਂ ਸਮੇਂ ਜਾਂ ਡਾਇਸਪੋਰਾ ਵਿਅਕਤੀਆਂ ਵੱਲੋਂ ਇਸਨੂੰ ਰੋਮਨ ਵਿਚ ਵੀ ਲਿਖਿਆ ਜਾ ਰਿਹਾ ਹੈ। ਇਸ ਨਾਲ ਇੱਕੋ ਭਾਸ਼ਾ ਅਤੇ ਸੱਭਿਆਚਾਰਕ ਸਾਂਝ ਰੱਖਣ ਵਾਲੇ ਪੰਜਾਬੀ ਵੀ ਇੱਕ ਦੂਜੇ ਤੋਂ ਦੂਰ ਹੋ ਰਹੇ ਹਨ, ਬਜਾਇ ਸਾਂਝ ਦੇ ਮਜ਼ਬੂਤ ਹੋਣ ਦੇ।

**ਕਰਨ ਯੋਗ ਕੰਮ** : ਇਸਦੇ ਲਈ ਲਿਪੀ ਨਹੀਂ, ਭਾਸ਼ਾ ਕੇਂਦਰਿਤ ਸੋਚ ਬਣਾਉਣ ਦੀ ਲੋੜ ਹੈ। ਗੁਰਮੁਖੀ ਅਤੇ ਸ਼ਾਹਮੁਖੀ ਪਰਿਵਰਤਨ ਲਈ ਸਰਕਾਰੀ ਅਤੇ ਅਕਾਦਮਿਕ ਸਹਿਯੋਗ ਦੀ ਲੋੜ ਹੈ। ਸਰਕਾਰਾਂ 'ਤੇ ਦਬਾਅ ਪਾਇਆ ਜਾਵੇ ਕਿ ਉਹ ਦੂਸਰੀ ਲਿੱਪੀ ਦੇ ਵਿਕਾਸ ਲਈ ਵੀ ਯਤਨ ਕਰੇ ਅਤੇ ਲੋੜੀਂਦਾ ਬਜਟ ਵੀ ਦੇਵੇ। ਦੋਹਾਂ ਪਾਸਿਆਂ ਦੇ ਪਾਠਕ੍ਰਮ ਵਿਚ ਦੂਜੀ ਲਿੱਪੀ ਨਾਲ ਜਾਣ-ਪਛਾਣ ਜ਼ਰੂਰ ਹੋਵੇ। ਭਾਰਤੀ ਪੰਜਾਬੀ ਦੇ ਸਕੂਲ ਪੱਧਰ ਦੇ ਸਿਲੇਬਸ ਵਿਚ ਹੀ ਸ਼ਾਹਮੁਖੀ ਲਿੱਪੀ ਬਾਰੇ ਮੁੱਢਲੀ ਜਾਣਕਾਰੀ ਹੋਵੇ ਅਤੇ ਪਾਕਿਸਤਾਨੀ ਪੰਜਾਬੀ ਦੇ ਸਕੂਲ ਪੱਧਰ ਦੇ ਸਿਲੇਬਸ ਵਿਚ ਗੁਰਮੁਖੀ ਲਿੱਪੀ ਬਾਰੇ ਮੁੱਢਲੀ ਜਾਣਕਾਰੀ ਹੋਵੇ। ਤਾਂ ਕਿ ਦਸਵੀਂ ਪੜ੍ਹਿਆ ਵਿਦਿਆਰਥੀ ਦੋਵਾਂ ਲਿੱਪੀਆਂ ਨੂੰ ਪੜ੍ਹ ਵੀ ਸਕਦਾ ਹੋਵੇ ਅਤੇ ਲਿਖ ਵੀ ਸਕਦਾ ਹੋਵੇ। ਸਰਕਾਰ ਤੋਂ ਬਿਨਾਂ ਗੈਰ ਸਰਕਾਰੀ ਅਤੇ ਸਵੈ ਸੇਵੀ ਸੰਸਥਾਵਾਂ ਨੂੰ ਵੀ ਅੱਗੇ ਆ ਕੇ ਇਹ ਕੰਮ ਕਰਨਾ ਚਾਹੀਦਾ ਹੈ। ਉਦਾਹਰਣ ਵਜੋਂ ਸ਼ਾਹਮੁਖੀ ਪ੍ਰਚਾਰ ਕਰਨ ਵਾਲੀਆਂ ਸੰਸਥਾਵਾਂ ਅਤੇ ਅਕੈਡਮੀਆਂ ਨੂੰ ਖੁਦ ਸਕੂਲਾਂ ਨਾਲ ਸੰਪਰਕ ਕਰਕੇ ਉਨ੍ਹਾਂ ਤੋਂ ਟਾਈਮ ਟੇਬਲ ਵਿਚ ਕੁਝ ਸਮਾਂ ਲੈ ਲੈਣਾ ਚਾਹੀਦਾ ਹੈ, ਜਿੱਥੇ ਇਨ੍ਹਾਂ ਦੇ ਕਰਮਚਾਰੀ ਵਿਦਿਆਰਥੀਆਂ ਨੂੰ ਸ਼ਾਹਮੁਖੀ ਸਿਖਾਉਣ। ਇਸੇ ਤਰ੍ਹਾਂ ਗੁਰਮੁਖੀ ਲਿੱਪੀ ਲਈ ਯਤਨ ਉਨ੍ਹਾਂ ਸਕੂਲਾਂ ਵਿਚ ਕੀਤੇ ਜਾਣ ਦੀ ਲੋੜ ਹੈ, ਜਿੱਥੇ ਪੰਜਾਬੀ ਸ਼ਾਹਮੁਖੀ ਲਿੱਪੀ ਵਿਚ ਪੜ੍ਹਾਈ ਜਾ ਰਹੀ ਹੈ। ਡਿਜ਼ੀਟਲ ਰੂਪ ਵਿਚ ਰੋਮਨ ਲਿੱਪੀ ਦੀ ਵਰਤੋਂ ਸੁਚੇਤ ਰਹਿ ਕੇ ਰੋਕੀ ਜਾ ਸਕਦੀ ਹੈ। ਅੱਜ ਲਗਭਗ ਹਰ ਮੋਬਾਈਲ ਵਿਚ ਪੰਜਾਬੀ ਫੌਂਟਸ ਆ ਗਏ ਹਨ। ਇਸ ਦੀ ਪ੍ਰੇਰਨਾ ਦਿੱਤੀ ਜਾਵੇ, ਤਾਂ ਕਿ ਸੋਸ਼ਲ ਮੀਡੀਆ 'ਤੇ ਪੰਜਾਬੀ ਲਿਖਣ ਦੀ ਖੁੱਲ੍ਹੀ ਵਰਤੋਂ ਹੋਵੇ।

ਲਿੰਗੂਆਪੈਕਸ ਦਾ ਮੂਲ ਅਸੂਲ ਹੈ, ਭਾਸ਼ਾ ਵੰਡ ਨਹੀਂ, ਜੋੜ ਬਣੇ। ਇਹ ਜੋੜ ਤਦੇ ਹੀ ਬਣ ਸਕਦੀ ਹੈ, ਜੇ ਦੋਹਾਂ ਲਿੱਪੀਆਂ ਨਾਲ ਸਾਰੇ ਪੰਜਾਬੀ ਧੁਰ ਅੰਦਰੋਂ ਜੁੜੇ ਹੋਏ ਹੋਣ। ਇਸ ਤਰ੍ਹਾਂ ਦੀ ਸਾਂਝ ਦੇਸ਼ਾਂ ਦੀ ਆਪਸੀ ਨਫਰਤ ਵੀ ਘਟਾਉਂਦੀ ਹੈ ਅਤੇ ਅੰਤਰਰਾਸ਼ਟਰੀ ਸ਼ਾਂਤੀ ਵੱਲ ਵਧਣ ਵਿਚ ਮਦਦ ਕਰਦੀ ਹੈ।

2. **ਰਾਜਨੀਤਿਕ ਹੱਦਾਂ ਤੋਂ ਉੱਪਰ ਭਾਸ਼ਾ ਦੀ ਪਛਾਣ** :- ਇਸ ਸਮੇਂ ਦੀ ਹਕੀਕਤ ਇਹ ਹੈ ਕਿ ਪੰਜਾਬੀ ਨੂੰ ਇਲਾਕਾਈ ਜਾਂ ਲੋਕਲ ਭਾਸ਼ਾ ਸਮਝਿਆ ਜਾਂਦਾ ਹੈ। ਅੰਤਰਰਾਸ਼ਟਰੀ ਪੱਧਰ 'ਤੇ ਤਾਂ ਦੂਰ ਦੀ ਗੱਲ ਹੈ, ਅਜੇ ਰਾਸ਼ਟਰੀ ਪੱਧਰ ਤੇ ਵੀ ਇਸਦਾ ਸਥਾਨ ਸਨਮਾਨਯੋਗ ਨਹੀਂ ਹੈ। ਚੜ੍ਹਦੇ ਅਤੇ ਲਹਿੰਦੇ ਪੰਜਾਬ ਦੀਆਂ ਸਰਕਾਰਾਂ, ਸਾਹਿਤਿਕ ਸੰਸਥਾਵਾਂ, ਭਾਸ਼ਾ ਵਿਭਾਗਾਂ, ਪੰਜਾਬੀ ਯੂਨੀਵਰਸਿਟੀ, ਯੂਨੀਵਰਸਿਟੀਆਂ ਅਤੇ ਕਾਲਜਾਂ ਦੇ ਪੰਜਾਬੀ ਵਿਭਾਗਾਂ ਨੂੰ ਸਾਂਝੇ ਤੌਰ 'ਤੇ ਪੰਜਾਬੀ ਦੇ ਵਿਕਾਸ ਲਈ ਕੰਮ ਕੀਤੇ ਜਾਣ ਲਈ ਬਾਕਾਇਦਾ ਪ੍ਰੋਜੈਕਟ ਬਣਾਏ ਜਾਣ ਦੀ ਲੋੜ ਹੈ। ਗੈਰ ਪੰਜਾਬੀ ਸੂਬਿਆਂ ਵਿਚ ਪੰਜਾਬੀ ਸਿਖਾਏ ਜਾਣ ਦੇ ਯਤਨ, ਉਨ੍ਹਾਂ ਸੂਬਿਆਂ ਦੇ ਸਾਹਿਤ ਦੇ ਪੰਜਾਬੀ ਅਨੁਵਾਦ ਅਤੇ ਪੰਜਾਬੀ ਸਾਹਿਤ ਦੇ ਉਨ੍ਹਾਂ ਬੋਲੀਆਂ ਵਿਚ ਅਨੁਵਾਦ ਜੰਗੀ ਪੱਧਰ 'ਤੇ ਕੀਤੇ ਜਾਣ ਦੇ ਪ੍ਰੋਗਰਾਮ ਬਣਾਏ ਜਾਣ। ਉਨ੍ਹਾਂ ਸੂਬਿਆਂ ਦੀਆਂ ਸਰਕਾਰਾਂ ਤੋਂ ਸਹਿਯੋਗ ਲੈਣ ਦੀ ਲੋੜ ਹੈ। ਭਾਰਤੀ ਅਤੇ ਪਾਕਿਸਤਾਨੀ ਸਰਕਾਰਾਂ ਨੂੰ ਇਸ ਲਈ ਖੁੱਲ੍ਹੇ ਦਿਲ ਨਾਲ ਫੰਡ ਅਤੇ ਸਹਿਯੋਗ ਦੇਣਾ ਚਾਹੀਦਾ ਹੈ ਕਿਉਂਕਿ ਇਸ ਨਾਲ ਦੇਸ਼ ਦੀ ਏਕਤਾ ਅਤੇ ਅਖੰਡਤਾ ਮਜ਼ਬੂਤ ਹੋਏਗੀ। ਜਿੰਨਾ ਵੱਖ-ਵੱਖ ਸੂਬਿਆਂ ਦੇ ਲੋਕ ਇੱਕ ਦੂਜੇ ਨੂੰ ਵੱਧ ਮਿਲਣਗੇ, ਇੱਕ ਦੂਜੇ ਦੀਆਂ ਬੋਲੀਆਂ ਪੜ੍ਹਨਗੇ ਅਤੇ ਸਮਝਣਗੇ, ਉਤਨਾ ਹੀ ਭਾਰਤ ਹੋਰ ਮਜ਼ਬੂਤ ਹੋਏਗਾ। ਇਸੇ ਤਰ੍ਹਾਂ ਅੰਤਰਰਾਸ਼ਟਰੀ ਪੱਧਰ 'ਤੇ ਵੀ ਭਰਵੇਂ ਅਤੇ ਨਿਰਧਾਰਤ ਪ੍ਰੋਗਰਾਮ ਬਣਾ ਕੇ ਕੰਮ ਕੀਤੇ ਜਾਣ ਦੀ ਲੋੜ ਹੈ। ਇਹ ਬਹੁਤ ਤਸੱਲੀ ਦੀ ਗੱਲ ਹੈ ਕਿ ਪੰਜਾਬੀ ਭਾਸ਼ਾ ਵਿਚ ਪਿਆਰ ਮੁਹੱਬਤ, ਸਾਂਝ, ਭਾਈਚਾਰਾ ਬਣਾਉਣ ਅਤੇ ਨਿਭਾਉਣ ਦੀ ਬਹੁਤ ਜ਼ਿਆਦਾ ਸਮਰੱਥਾ ਹੈ ਪਰ ਪੰਜਾਬੀਆਂ ਦੀ ਆਪਣੀ ਬੋਲੀ ਦੇ ਪ੍ਰਸਾਰ ਅਤੇ ਪ੍ਰਚਾਰ ਦੀ ਬਿਰਤੀ ਨਾ ਦੇ ਬਰਾਬਰ ਹੀ ਹੈ। ਜਿੰਨੀ ਸ਼ਿੱਦਤ ਅਤੇ ਮਿਹਨਤ ਨਾਲ ਪੰਜਾਬੀ ਲੋਕ ਅੰਗਰੇਜ਼ੀ ਅਤੇ ਹੋਰ ਦੇਸ਼ਾਂ ਦੀਆਂ ਭਾਸ਼ਾਵਾਂ ਸਿੱਖਦੇ ਹਨ, ਉਸਦੀ ਅੱਧੀ ਮਾਤਰਾ ਵਿਚ ਵੀ ਆਪਣਾ ਬਲ ਅਤੇ ਊਰਜਾ ਪੰਜਾਬੀ ਨੂੰ ਹੋਰਾਂ ਨੂੰ ਸਿਖਾਉਣ ਵਿਚ ਨਹੀਂ ਲਗਾਉਂਦੇ। ਕੈਨੇਡਾ, ਅਮਰੀਕਾ ਅਤੇ ਹੋਰ ਦੇਸ਼ਾਂ ਵਿਚ ਵਸੇ ਪੰਜਾਬੀਆਂ ਦੀ ਆਪਣੀ ਤੀਸਰੀ ਪੀੜ੍ਹੀ ਪੰਜਾਬੀ ਤੋਂ ਬਿਲਕੁਲ ਟੁੱਟ ਚੁੱਕੀ ਹੋਵੇਗੀ, ਜੇ ਹਾਲਾਤ ਇਹੋ ਰਹੇ ਤਾਂ ...।

**ਕਰਨ ਯੋਗ ਕੰਮ** :- ਪੰਜਾਬੀ ਨੂੰ ਅੰਤਰਰਾਸ਼ਟਰੀ ਸੰਵਾਦ ਦੀ ਭਾਸ਼ਾ ਵਜੋਂ ਪੇਸ਼ ਕਰਨਾ ਪਵੇਗਾ। ਭਾਰਤ-ਪਾਕਿਸਤਾਨ ਵਿਚਕਾਰ ਸਾਂਝੇ ਸਾਹਿਤਿਕ ਤੇ ਸੱਭਿਆਚਾਰਕ ਪ੍ਰੋਗਰਾਮ ਵੱਧ ਤੋਂ ਵੱਧ ਹੋਣੇ ਚਾਹੀਦੇ ਹਨ। ਵੰਡ ਦੀ ਬਜਾਇ ਸਾਂਝੀ ਵਿਰਾਸਤ ਦਾ ਜ਼ਿਕਰ ਵਧੇਰੇ ਕਰਨਾ ਹੋਏਗਾ। ਬਾਹਰਲੇ ਦੇਸ਼ਾਂ ਵਿਚ ਜਿੱਥੇ ਪੰਜਾਬੀ ਵੱਡੀ ਮਾਤਰਾ ਵਿਚ ਰਹਿੰਦੇ ਹਨ, ਉਨ੍ਹਾਂ ਦੇਸ਼ਾਂ ਵਿਚ ਵੀ ਪੰਜਾਬੀ ਦੇ ਪ੍ਰਚਾਰ ਪ੍ਰਸਾਰ ਲਈ ਕੋਈ ਬਕਾਇਦਾ ਕੇਂਦਰ ਜਾਂ ਅਕੈਡਮੀਆਂ ਨਹੀਂ ਹਨ। ਕੁਝ ਵਿਅਕਤੀ, ਗੁਰਦੁਆਰੇ, ਜਾਂ ਸੰਸਥਾਵਾਂ ਆਪੋ ਆਪਣੇ ਪੱਧਰ 'ਤੇ ਯਤਨ ਕਰਦੇ ਦੇਖੇ ਹਨ, ਜਿਹੜੇ ਬਹੁਤ ਘੱਟ ਹਨ ਅਤੇ ਇਨ੍ਹਾਂ ਵਿਚ ਕੋਈ ਸਹਿਯੋਗ ਅਤੇ ਤਾਲਮੇਲ ਵੀ ਨਹੀਂ। ਨਿਰਧਾਰਿਤ ਸਿਲੇਬਸ ਰੱਖ ਕੇ ਪੰਜਾਬੀ ਸਿਖਾਉਣ ਲਈ ਇੱਕੋ ਜਿਹੇ ਯਤਨ ਕੀਤੇ ਜਾਣ ਦੀ ਬਹੁਤ ਜ਼ਿਆਦਾ ਲੋੜ ਹੈ। ਲੰਗਰਾਂ ਅਤੇ ਹੋਰ ਸਮਾਗਮਾਂ 'ਤੇ ਕਰੋੜਾਂ ਡਾਲਰ ਖਰਚ ਕਰਨ ਵਾਲੀ ਸਿੱਖ ਕੌਮ ਨੂੰ ਪੰਜਾਬੀ ਲਈ ਵੀ ਖਰਚ ਅਤੇ ਖੇਚਲ ਕਰਨ ਦੀ ਲੋੜ ਹੈ। ਗੁਰਬਾਣੀ ਸਾਰੇ ਬ੍ਰਹਿਮੰਡ ਨੂੰ ਕਲਾਵੇ ਵਿਚ ਲੈਣਾ ਸਿਖਾਉਂਦੀ ਹੈ, ਇਸ ਲਈ ਸਾਨੂੰ ਹੋਰ ਵਧੇਰੇ ਸੁਚੇਤ ਯਤਨ ਕਰਨੇ ਚਾਹੀਦੇ ਹਨ। ਕੱਟੜਤਾ ਤੋਂ ਪਰ੍ਹੇ ਹੋ ਕੇ ਸਭ ਨਾਲ ਸਾਂਝ ਪਾਉਣ ਲਈ ਪੰਜਾਬੀ ਇੱਕ ਬਹੁਤ ਵੱਡਾ ਸਾਧਨ ਬਣ ਸਕਦੀ ਹੈ। ਲਿੰਗੂਆਪੈਕਸ ਓਹੀ ਭਾਸ਼ਾਵਾਂ ਵੇਖਦਾ ਹੈ, ਜਿਹੜੀਆਂ ਵੈਰ ਘਟਾਉਣ ਦੀ ਤਾਕਤ ਰੱਖਦੀਆਂ ਹਨ। ਪੰਜਾਬੀ ਵਿਚ ਇਹ ਤਾਕਤ ਹੁੰਦੇ ਹੋਏ ਵੀ ਅਸੀਂ ਇਸ ਨੂੰ ਜੋੜਨ ਲਈ ਨਹੀਂ ਵਰਤਦੇ, ਤਾਂ ਕਸੂਰਵਾਰ ਅਸੀਂ ਆਪ ਹੀ ਹਾਂ।

3. **ਉੱਚ ਪੱਧਰੀ ਗਿਆਨ ਦੀ ਭਾਸ਼ਾ ਬਣਾਉਣੀ** :- ਪੰਜਾਬੀ ਵਿਚ ਅਜੇ ਵੀ ਵਿਗਿਆਨ, ਦਰਸ਼ਨ, ਤਕਨਾਲੋਜੀ, ਮਨੋਵਿਗਿਆਨ, ਵਗੈਰਾ ਦਾ ਗਿਆਨ ਪ੍ਰਾਪਤ ਨਹੀਂ ਹੈ। ਇਸ ਸਭ ਕੁਝ ਲਈ ਸਾਨੂੰ ਅੰਗਰੇਜ਼ੀ ਵਰਗੀਆਂ ਭਾਸ਼ਾਵਾਂ 'ਤੇ ਨਿਰਭਰ ਹੋਣਾ ਪੈਂਦਾ ਹੈ। ਅਸੀਂ ਚਾਹ ਕੇ ਵੀ ਵਿਸ਼ਵ ਪੱਧਰ ਦੇ ਗਿਆਨ ਨੂੰ ਪੰਜਾਬੀ ਵਿਚ ਪ੍ਰਾਪਤ ਨਹੀਂ ਕਰ ਸਕਦੇ। ਇਸੇ ਲਈ ਸਮਾਜਿਕ ਵਿਗਿਆਨਾਂ ਦੇ ਡਾਕਟਰੇਟ ਪੱਧਰ ਦੇ ਖੋਜਾਰਥੀਆਂ ਦਾ ਵੀ ਅੰਗਰੇਜ਼ੀ ਤੋਂ ਬਿਨਾਂ ਗੁਜ਼ਾਰਾ ਨਹੀਂ ਹੁੰਦਾ।

**ਕਰਨ ਯੋਗ ਕੰਮ** :- ਯੂਨੀਵਰਸਿਟੀ ਪੱਧਰ 'ਤੇ ਪੰਜਾਬੀ ਮਾਧਿਅਮ ਵਿਚ ਰਿਸਰਚ ਹੋਵੇ। ਅਨੁਵਾਦ ਦੀ ਇੱਕ ਲਹਿਰ ਚਲਾਈ ਜਾਵੇ, ਜਿਸ ਵਿਚ ਪਲੈਟੋ, ਕਾਂਤ, ਆਈਨ ਸਟਾਈਨ, ਡਾਰਵਿਨ ਅਤੇ ਹੈਜਨਬਰਗ ਆਦਿ ਦੇ ਕੰਮਾਂ ਦਾ ਅਨੁਵਾਦ ਕੀਤਾ ਜਾਵੇ। ਯੂਨੀਵਰਸਿਟੀਆਂ ਦੇ ਪੰਜਾਬੀ ਵਿਭਾਗ, ਭਾਸ਼ਾ ਵਿਭਾਗ ਅਤੇ ਪੰਜਾਬੀ ਯੂਨੀਵਰਸਿਟੀ ਮਿਲ ਕੇ ਵਿਗਿਆਨ, ਕਾਨੂੰਨ, ਤਕਨਾਲੋਜੀ ਦੇ ਵਿਸ਼ੇਸ਼ ਸ਼ਬਦ ਕੋਸ਼ ਤਿਆਰ ਕਰਵਾਏ ਅਤੇ ਉਨ੍ਹਾਂ ਨੂੰ ਸਾਰੀਆਂ ਲਾਇਬ੍ਰੇਰੀਆਂ ਵਿਚ ਭੇਜਣ ਦੇ ਨਾਲ-ਨਾਲ ਸਸਤੇ ਮੁੱਲ 'ਤੇ ਉਪਲੱਬਧ ਕਰਵਾਏ। ਵਿਸ਼ਵ ਪੱਧਰ ਦਾ ਹਰ ਚੰਗਾ ਕੰਮ ਕਿਸੇ ਵੀ ਭਾਸ਼ਾ ਦਾ ਹੋਵੇ, ਪੰਜਾਬੀ ਵਿਚ ਅਨੁਵਾਦ ਕੀਤਾ ਜਾਵੇ। ਇਸੇ ਤਰ੍ਹਾਂ ਪੰਜਾਬੀ ਵਿਚ ਪ੍ਰਾਪਤ ਹਰ ਗਿਆਨ ਨੂੰ ਅੰਤਰਰਾਸ਼ਟਰੀ ਭਾਸ਼ਾਵਾਂ ਵਿਚ ਅਨੁਵਾਦ ਕਰਵਾਇਆ ਜਾਵੇ।

ਲਿੰਗੂਆਪੈਕਸ ਸਿਰਫ ਭਾਵਨਾਵਾਂ ਨਹੀਂ, ਸਗੋਂ ਬੌਧਿਕ ਯੋਗਦਾਨ ਵੀ ਵੇਖਦਾ ਹੈ। ਪੰਜਾਬੀ ਨੂੰ ਅੰਤਰਰਾਸ਼ਟਰੀ ਪੱਧਰ ਦੇ ਗਿਆਨ ਦੀ ਭਾਸ਼ਾ ਬਣਾਏ ਜਾਣ ਲਈ ਬਹੁਤ ਜ਼ਿਆਦਾ ਕੰਮ ਕਰਨ ਦੀ ਲੋੜ ਹੈ, ਜਿਸ ਪ੍ਰਤੀ ਨਾ ਸਰਕਾਰਾਂ ਅਤੇ ਨਾ ਭਾਸ਼ਾ ਸੰਬੰਧੀ ਜਥੇਬੰਦੀਆਂ ਸੰਜੀਦਾ ਰੂਪ ਵਿਚ ਕੁਝ ਕਰ ਰਹੀਆਂ ਹਨ।

4. **ਸਹਿਣਸ਼ੀਲਤਾ ਅਤੇ ਬਹੁ ਧਾਰਮਿਕ ਆਵਾਜ਼** :- ਪੰਜਾਬੀ ਦੀ ਇਹ ਤਾਕਤ ਰਹੀ ਹੈ ਕਿ ਇਹ ਸੂਫ਼ੀ, ਗੁਰਮਤਿ, ਭਗਤੀ, ਲੋਕਧਾਰਾ ਸਭ ਦੀ ਸਾਂਝੀ ਆਵਾਜ਼ ਰਹੀ ਹੈ। ਮਹਾਨ ਸੰਤਾਂ, ਗੁਰੂਆਂ, ਸੂਫ਼ੀਆਂ ਅਤੇ ਮਹਾਨ ਲੇਖਕਾਂ ਨੇ ਪੰਜਾਬੀ ਵਿਚ ਬਹੁਤ ਖੂਬਸੂਰਤ ਅਧਿਆਤਮਕ, ਸਮਾਜਿਕ ਅਤੇ ਮਨੋਵਿਗਿਆਨਕ ਗਿਆਨ ਦੇਣ ਵਾਲੀਆਂ ਰਚਨਾਵਾਂ ਦੀ ਰਚਨਾ ਕੀਤੀ ਹੈ। ਗੁਰਮਤਿ ਸਾਹਿਤ, ਸੂਫ਼ੀ ਸਾਹਿਤ ਅਤੇ ਭਗਤਾਂ ਦੀ ਬਾਣੀ ਵਿਚ ਆਦਰਸ਼ਕ ਜੀਵਨ ਦੇ ਬਹੁਮੁੱਲੇ ਉੱਚੇ ਨੈਤਿਕ ਗੁਣ ਪੈਦਾ ਕਰਨ ਦੀ ਪ੍ਰੇਰਨਾ ਦਿੱਤੀ ਗਈ ਹੈ। ਸ਼ਾਂਤੀ, ਪ੍ਰੇਮ, ਭਾਈਚਾਰਕ ਸਾਂਝ ਦੀ ਗੱਲ ਬਹੁਤ ਜ਼ੋਰ-ਸ਼ੋਰ ਨਾਲ ਕੀਤੀ ਗਈ ਹੈ। ਪੰਜਾਬੀਆਂ ਨੂੰ ਇਸ ਅਨਮੋਲ ਅਤੇ ਬਹੁਮੁੱਲੀ ਫਿਲਾਸਫੀ ਨੂੰ ਵਿਸ਼ਵ ਭਰ ਵਿਚ ਪ੍ਰਚਾਰਨਾ ਚਾਹੀਦਾ ਹੈ।

**ਕਰਨ ਯੋਗ ਕੰਮ** :- ਧਾਰਮਿਕ ਜਾਂ ਵਿਚਾਰਧਾਰਕ ਇੱਕਪੱਖੀ ਕਬਜ਼ਾ ਨਾ ਹੋਵੇ। ਬੁੱਲ੍ਹੇ ਸ਼ਾਹ, ਵਾਰਿਸ ਸ਼ਾਹ, ਗੁਰੂ ਨਾਨਕ, ਸ਼ਾਹ ਹੁਸੈਨ ਸਭ ਦੀ ਸਾਂਝੀ ਗੱਲ ਹੋਵੇ। ਬ੍ਰਹਿਮੰਡੀ ਸਾਂਝ, ਪ੍ਰੇਮ, ਸਹਿਣਸ਼ੀਲਤਾ ਅਤੇ ਸ਼ਾਂਤੀ ਦਾ ਮਾਰਗ ਦਿਖਾਉਂਦੇ ਹੋਏ ਸਾਹਿਤ ਦਾ ਅਨੁਵਾਦ ਸੰਸਾਰ ਭਰ ਦੀਆਂ ਭਾਸ਼ਾਵਾਂ ਵਿਚ ਅਨੁਵਾਦ ਹੋਣਾ ਚਾਹੀਦਾ ਹੈ। ਅਜਿਹੇ ਕੰਮਾਂ ਲਈ ਲਗਨ ਨਾਲ ਹੰਭਲਾ ਮਾਰਨ ਦੀ ਲੋੜ ਹੈ।

ਲਿੰਗੂਆਪੈਕਸ ਲਈ ਇਹ ਬਹੁਤ ਵੱਡਾ ਸਕਾਰਾਤਮਕ ਅੰਸ਼ ਹੈ।

5. **ਨਵੀਂ ਪੀੜ੍ਹੀ ਨਾਲ ਜੋੜ** :- ਅਸੀਂ ਦੇਖਦੇ ਹਾਂ ਕਿ ਨਵੀਂ ਪੀੜ੍ਹੀ ਦੇ ਬੱਚੇ ਪੰਜਾਬੀ ਬੋਲਦੇ ਤਾਂ ਹਨ, ਪਰ ਲਿਖਦੇ ਅਤੇ ਪੜ੍ਹਦੇ ਨਹੀਂ ਹਨ। ਇਹ ਬਹੁਤ ਵੱਡੀ ਖਤਰੇ ਦੀ ਘੰਟੀ ਹੈ। ਮੋਬਾਈਲ ਅਤੇ ਏ.ਆਈ. ਦੇ ਯੁੱਗ ਵਿਚ ਪੰਜਾਬੀ ਹਾਸ਼ੀਏ 'ਤੇ ਰਹਿ ਗਈ ਹੈ। ਪੰਜਾਬੀ ਨੌਜਵਾਨ ਪੀੜ੍ਹੀ ਨੂੰ ਪਿਆਰ ਨਾਲ ਪ੍ਰੇਰਿਆ ਜਾਵੇ, ਤਾਂ ਉਹ ਬਹੁਤ ਮਸਲੇ ਆਪ ਹੀ ਹੱਲ ਕਰ ਸਕਦੇ ਹਨ।

**ਕਰਨ ਯੋਗ ਕੰਮ** :- ਏ.ਆਈ., ਐਪਸ, ਆਡੀਓ ਪੁਸਤਕਾਂ, ਪੌਡਕਾਸਟ ਆਦਿ ਪੰਜਾਬੀ ਵਿਚ ਹੋਣੇ ਚਾਹੀਦੇ ਹਨ। ਵਿਗਿਆਨਕ ਤੇ ਦਾਰਸ਼ਨਿਕ ਯੂਟਿਊਬ ਸਮੱਗਰੀ ਪੰਜਾਬੀ ਵਿਚ ਹੋਣੇ ਚਾਹੀਦੇ ਹਨ। ਪੰਜਾਬੀ ਸਿਰਫ ਜਜ਼ਬਾਤ ਨਹੀਂ, ਗਿਆਨ ਵੀ ਹੈ, ਸੋਚ ਨੂੰ ਉਤਸ਼ਾਹਿਤ ਕਰਨ ਦੀ ਲੋੜ ਹੈ। ਨਵੀਂ ਪੀੜ੍ਹੀ ਨੂੰ ਵਿਗਿਆਨਕ ਗਿਆਨ ਦੀ ਲੋੜ ਹੈ, ਜਿਹੜਾ ਵਿਗਿਆਨਕ ਵਿਧੀਆਂ ਰਾਹੀਂ ਹੀ ਦਿੱਤਾ ਜਾਣਾ ਚਾਹੀਦਾ ਹੈ। ਵਿਸ਼ਵਾਸ ਅਤੇ ਸ਼ਰਧਾ ਆਧਾਰਿਤ ਗੱਲਾਂ ਨਵੀਂ ਪੀੜ੍ਹੀ ਨੂੰ ਨਹੀਂ ਖਿੱਚ ਸਕਣਗੀਆਂ।

6. **ਵਿਸ਼ਵ ਪੱਧਰੀ ਦਾਅਵੇਦਾਰੀ** :- ਲਿੰਗੂਆਪੈਕਸ ਪ੍ਰਾਈਜ਼ ਆਪੇ ਨਹੀਂ ਮਿਲਦਾ। ਉਸ ਲਈ ਅਕਾਦਮਿਕ ਸੰਸਥਾਵਾਂ, ਅੰਤਰਰਾਸ਼ਟਰੀ ਭਾਸ਼ਾ ਮੰਚ, ਸੱਭਿਆਚਾਰਕ ਅਦਾਰੇ ਵਲੋਂ ਸੰਯੁਕਤ ਦਾਅਵਾ ਚਾਹੀਦਾ ਹੈ।

ਅਜੇ ਪੰਜਾਬੀ ਪੱਖੋਂ ਇਹ ਗੰਭੀਰ ਕੋਸ਼ਿਸ਼ ਕਮਜ਼ੋਰ ਹੈ।

**ਸਿੱਟਾ**:- ਪੰਜਾਬੀ ਭਾਸ਼ਾ ਰੂਹਾਨੀ, ਸਾਹਿਤਿਕ ਅਤੇ ਲੋਕਧਾਰਕ ਤੌਰ 'ਤੇ ਲਿੰਗੂਆਪੈਕਸ ਦੇ ਪੂਰੇ ਹਾਣ ਦੀ ਹੈ। ਪਰ ਸੰਸਥਾਗਤ, ਅਕਾਦਮਿਕ ਅਤੇ ਅੰਤਰਰਾਸ਼ਟਰੀ ਪੱਧਰ 'ਤੇ ਅਜੇ ਹੋਰ ਮਿਹਨਤ ਚਾਹੀਦੀ ਹੈ। ਅਸੰਭਵ ਕੁਝ ਵੀ ਨਹੀਂ ਹੁੰਦਾ, ਜੇ ਸਰਕਾਰਾਂ, ਸਵੈ ਸੇਵੀ ਸੰਸਥਾਵਾਂ, ਲੇਖਕ ਵਿਦਵਾਨ ਅਤੇ ਆਮ ਲੋਕ ਰਲ-ਮਿਲ ਕੇ ਕੋਸ਼ਿਸ਼ਾਂ ਕਰਨ ਤਾਂ ਅਸੀਂ ਹੌਲੀ-ਹੌਲੀ ਪੰਜਾਬੀ ਨੂੰ ਹੋਰ ਵਿਕਸਿਤ ਕਰਕੇ ਇੰਨਾ ਉੱਚਾ ਲਿਜਾ ਸਕਦੇ ਹਾਂ, ਜਿੱਥੇ ਲਿੰਗੂਆਪੈਕਸ ਪ੍ਰਾਈਜ਼ ਵਰਗੇ ਪ੍ਰਾਈਜ਼ ਆਪੇ ਹੀ ਭੱਜੇ ਆਉਣਗੇ।

# ਸੁਰਿੰਦਰ ਕੌਰ ਸੈਣੀ ਦਾ 'ਮੇਰੇ ਮਹਿਰਮਾ' ਨਾਵਲ ਦਰਦਾਂ ਦੀ ਦਾਸਤਾਂ

-ਉਜਾਗਰ ਸਿੰਘ
ਸਾਬਕਾ ਜ਼ਿਲ੍ਹਾ ਲੋਕ ਸੰਪਰਕ ਅਧਿਕਾਰੀ
ਮੋਬਾਈਲ-94178 13072
ujagarsingh48@yahoo.com
ਪੰਜਾਬ ਮੇਲ USA



ਸੁਰਿੰਦਰ ਕੌਰ ਸੈਣੀ ਬਹੁ-ਵਿਧਾਵੀ ਸਾਹਿਤਕਾਰ ਹੈ। ਹੁਣ ਤੱਕ ਉਸਦੀਆਂ ਦਸ ਪੁਸਤਕਾਂ ਪ੍ਰਕਾਸ਼ਤ ਹੋ ਚੁੱਕੀਆਂ ਹਨ, ਜਿਨ੍ਹਾਂ ਵਿਚ ਚਾਰ ਕਾਵਿ-ਸੰਗ੍ਰਹਿ, ਇੱਕ ਕਹਾਣੀ-ਸੰਗ੍ਰਹਿ ਅਤੇ ਪੰਜ ਨਾਵਲ ਸ਼ਾਮਲ ਹਨ। ਪੜਚੋਲ ਅਧੀਨ 'ਮੇਰੇ ਮਹਿਰਮਾ' ਉਸਦਾ ਛੇਵਾਂ ਨਾਵਲ ਅਤੇ ਗਿਆਰਵੀਂ ਪੁਸਤਕ ਹੈ। ਕਵਿਤਰੀ ਹੋਣ ਕਰਕੇ ਸੁਰਿੰਦਰ ਕੌਰ ਸੈਣੀ ਦੀ ਵਾਰਤਕ ਵੀ ਕਾਵਿਮਈ, ਸੁਹਜਮਈ ਤੇ ਵੈਰਾਗਮਈ ਹੈ, ਜਿਸ ਕਰਕੇ ਨਾਵਲ ਦੀ ਵਾਰਤਾਲਾਪ ਵਿਚ ਪਾਤਰਾਂ ਦੀ ਬੋਲਚਾਲ ਰਸਮਈ ਤੇ ਦਿਲਚਸਪ ਬਣ ਜਾਂਦੀ ਹੈ। ਭਾਵੇਂ ਨਾਵਲ ਵਿਚਲੇ ਪਾਤਰ ਕਾਲਪਨਿਕ ਹਨ, ਪ੍ਰੰਤੂ ਨਾਵਲ ਦਾ ਬਿਰਤਾਂਤ ਲੋਕਾਈ ਦੀ ਸਮਾਜਿਕ ਜ਼ਿੰਦਗੀ ਦੀ ਅਸਲੀਅਤ ਨੂੰ ਬਿਆਨ ਕਰਦਾ, ਪੂਰਨ ਯਥਾਰਥਿਕ ਤਾਂ ਨਹੀਂ ਲੱਗਦਾ, ਪ੍ਰੰਤੂ ਸੱਚਾਈ ਦੇ ਨੇੜੇ-ਤੇੜੇ ਮਹਿਸੂਸ ਹੁੰਦਾ ਹੈ। ਨਾਵਲ ਦੇ ਦੋ ਮੁੱਖ ਪਾਤਰ ਡਾ. ਗੁਰਜੋਤ ਕੌਰ ਅਤੇ ਗੁਰਕੰਵਲ ਸਿੰਘ ਦੀ ਜ਼ਿੰਦਗੀ ਦੀ ਕਹਾਣੀ ਨੂੰ ਆਦਰਸ਼ਕ ਬਣਾਕੇ ਵਿਖਾਇਆ ਗਿਆ ਹੈ, ਪ੍ਰੰਤੂ ਜਿਹੜੇ ਦਰਦ ਇਸ ਕਹਾਣੀ ਵਿਚੋਂ ਮਹਿਸੂਸ ਹੁੰਦੇ ਹਨ, ਉਹ ਵਰਤਮਾਨ ਸਮਾਜ ਵਿਚ ਆਮ ਵੇਖਣ ਤੇ ਮਹਿਸੂਸ ਕਰਨ ਨੂੰ ਮਿਲਦੇ ਹਨ, ਕਿਉਂਕਿ ਪਿਆਰ ਮੁਹੱਬਤ ਵਿਚ ਅਜਿਹੀਆਂ ਘਟਨਾਵਾਂ ਆਮ ਹੁੰਦੀਆਂ ਰਹਿੰਦੀਆਂ ਹਨ, ਜਿਨ੍ਹਾਂ ਕਰਕੇ ਇਹ ਨਾਵਲ ਰੁਮਾਂਸਵਾਦ ਤੇ ਸਮਾਜਿਕ ਸਰੋਕਾਰਾਂ ਦਾ ਸੁਮੇਲ ਬਣ ਗਿਆ ਹੈ। ਦੋ ਸਹਾਇਕ ਪਾਤਰ ਡਾ. ਮਹੇਸ਼ ਚੌਧਰੀ ਤੇ ਮੀਨਾ ਚੌਧਰੀ ਵੀ ਆਦਰਸ਼ਕ ਹੀ ਵਿਖਾਏ ਗਏ ਹਨ, ਜਿਨ੍ਹਾਂ ਦਾ ਇਕਲੌਤਾ ਲੜਕਾ ਕੈਂਸਰ ਵਰਗੀ ਨਾਮੁਰਾਦ ਬਿਮਾਰੀ ਦਾ ਸ਼ਿਕਾਰ ਹੋ ਕੇ ਸਵਰਗ ਸਿਧਾਰ ਜਾਂਦਾ ਹੈ। ਇਸ ਤੋਂ ਇਹ ਸਿੱਖਿਆ ਮਿਲਦੀ ਹੈ ਕਿ ਸਮਾਜ ਨੂੰ ਕੈਂਸਰ ਵਰਗੀ ਬਿਮਾਰੀ ਦੇ ਬਚਾਓ ਲਈ ਇਹਤਾਤ ਰੱਖਣ ਦੀ ਲੋੜ ਹੈ। ਡਾ. ਮਹੇਸ਼ ਚੌਧਰੀ ਤੇ ਡਾ. ਮੀਨਾ ਚੌਧਰੀ ਇਹ ਦੋਵੇਂ ਗੁਰਕੰਵਲ ਸਿੰਘ ਯਾਦਗਾਰੀ ਹਸਪਤਾਲ ਨੂੰ ਗੁਰਜੋਤ ਕੌਰ ਦੇ ਫ਼ੌਜ ਵਿੱਚ ਜਾਣ ਤੋਂ ਬਾਅਦ ਸੰਭਾਲਦੇ ਹਨ। ਪਿੰਡ ਦਾ ਸਰਪੰਚ ਵੀ ਆਦਰਸ਼ਕ ਹੀ ਵਿਖਾਇਆ ਗਿਆ ਹੈ, ਇਨ੍ਹਾਂ ਆਦਰਸ਼ਕ ਪਾਤਰਾਂ ਨਾਲ ਨਾਵਲ ਦਿਲਚਸਪ ਬਣ ਜਾਂਦਾ ਹੈ। ਇਹ ਪਾਤਰ ਸਮਾਜ ਨੂੰ ਸ਼ੁੱਭ ਕੰਮਾਂ ਲਈ ਪ੍ਰੇਰਨਾ ਦੇਣ ਵਾਲੇ ਮਾਰਗ ਦਰਸ਼ਕ ਬਣਦੇ ਹਨ। ਇਸ਼ਕ ਵਿਚ ਧੋਖੇ ਆਮ ਹੁੰਦੇ ਹਨ, ਪ੍ਰੰਤੂ ਇਹ ਨਾਵਲ ਸੱਚੇ-ਸੁੱਚੇ ਆਸ਼ਕਾਂ ਦੀ ਉਦਾਹਰਣ ਦਿੰਦਾ ਹੈ। ਨਾਵਲ ਭਾਵੇਂ ਅਲ੍ਹੜ ਉਮਰ ਵਿਚ ਆਪ ਮੁਹਾਰੇ ਹੋਏ ਪਿਆਰ ਦੀ ਰੋਮਾਂਟਿਕ ਕਹਾਣੀ ਹੈ, ਪ੍ਰੰਤੂ ਇਸ ਵਿਚਲੇ ਵਿਸ਼ੇ ਸਮਾਜਿਕ ਸਰੋਕਾਰਾਂ ਨਾਲ ਸੰਬੰਧਤ ਹਨ, ਜਿਵੇਂ ਬੇਰੋਜ਼ਗਾਰੀ, ਦਾਜ, ਗ਼ਰੀਬੀ ਅਮੀਰੀ ਦਾ ਪਾੜਾ, ਨਸ਼ੇ, ਪੁਲਿਸਤੰਤਰ ਵਿਚ ਭ੍ਰਿਸ਼ਟਾਚਾਰ, ਜੂਆ, ਆਤਮ ਹੱਤਿਆਵਾਂ, ਜਾਤ-ਪਾਤ, ਭਰੂਣ ਹੱਤਿਆ, ਕੈਂਸਰ, ਵਾਤਾਵਰਨ, ਤਿਆਗ ਅਤੇ ਵਿਧਵਾਵਾਂ ਦੀ ਜ਼ਿੰਦਗੀ ਦੀ ਤ੍ਰਾਸਦੀ ਆਦਿ ਹਨ। ਨਾਵਲਕਾਰਾਂ ਦੀ ਪਾਤਰ ਸਿਰਜਣ ਦੀ ਸਮਰੱਥਾ ਬਾਕਮਾਲ ਹੈ। ਸਾਰੇ ਪਾਤਰ ਜਿਉਂਦੇ ਜਾਗਦੇ ਸਮਾਜ ਵਿਚ ਵਿਚਰਦੇ ਮਹਿਸੂਸ ਹੁੰਦੇ ਹਨ। ਇਸ ਨਾਵਲ ਦੀ ਹਰ ਘਟਨਾ ਵਿਚੋਂ ਪਾਤਰਾਂ ਰਾਹੀਂ ਜਿਹੜੀ ਦਰਦ ਦੀ ਚੀਸ ਨਿਕਲਦੀ ਹੈ, ਉਹ ਹਰ ਪਾਤਰ ਦਾ ਕਿਰਦਾਰ ਬਾਖ਼ੂਬੀ ਦਰਸਾ ਦਿੰਦੀ ਹੈ। ਪਾਲੋ ਦਾ ਪਾਤਰ ਸਿਰਜਣ ਵੀ ਕਮਾਲ ਦਾ ਹੈ। ਪੰਜਾਬ ਸਮੁੱਚੇ ਦੇਸ਼ ਵਿਚੋਂ ਦੇਸ਼ ਦੀਆਂ ਸਰਹੱਦਾਂ ਦੀ ਰਾਖੀ ਕਰਨ ਲਈ ਮੁੱਖ ਤੌਰ 'ਤੇ ਯੋਗਦਾਨ ਪਾ ਰਿਹਾ ਹੈ। ਨਾਵਲਕਾਰਾਂ ਨੇ ਪੰਜਾਬੀਆਂ ਵਿਚ ਦੇਸ਼ ਭਗਤੀ ਦੀ ਭਾਵਨਾ ਦਾ ਪ੍ਰਗਟਾਵਾ ਵੀ ਬਹੁਤ ਵਧੀਆ ਢੰਗ ਨਾਲ ਚਿਤਰਿਆ ਹੈ। ਲਗਪਗ ਹਰ ਪੰਜਾਬੀ ਨੇ ਫ਼ੌਜੀ ਜੀਵਨ ਦੀਆਂ ਵੇਦਨਾਵਾਂ ਆਪੋ-ਆਪਣੇ ਪਿੰਡਾਂ/ਸ਼ਹਿਰਾਂ ਵਿਚ ਵੇਖੀਆਂ ਹੋਣਗੀਆਂ, ਕਿਉਂਕਿ ਪੰਜਾਬ ਭਾਰਤ ਦੀ ਖੜਗਭੁਜਾ ਹੈ, ਏਥੇ ਦੇ ਲੋਕਾਂ ਨੇ ਪਾਕਿਸਤਾਨ ਅਤੇ ਚੀਨ ਨਾਲ ਹੋਏ ਯੁੱਧਾਂ ਦਾ ਸੰਤਾਪ ਹੰਢਾਇਆ ਹੈ। ਫ਼ੌਜੀ ਜੀਵਨ ਦੀਆਂ ਕਠਿਨਾਈਆਂ, ਤ੍ਰਾਸਦੀਆਂ ਅਤੇ ਦੁਖਦਾਈ ਘਟਨਾਵਾਂ ਦਾ ਪ੍ਰਭਾਵ ਸਮੁੱਚੇ ਸਮਾਜ 'ਤੇ ਪੈਂਦਾ ਹੈ, ਕਿਉਂਕਿ ਪੰਜਾਬੀਆਂ ਵਿਚ ਦੇਸ਼ ਭਗਤੀ ਦੀ ਭਾਵਨਾ ਬਾਕੀ ਦੇਸ਼ ਵਾਸੀਆਂ ਦੇ ਮੁਕਾਬਲੇ ਜ਼ਿਆਦਾ ਹੈ। ਖਾਸ ਤੌਰ 'ਤੇ ਦੇਸ਼ ਦੀਆਂ ਸਰਹੱਦਾਂ 'ਤੇ ਕੁਰਬਾਨੀਆਂ ਦੇਣ ਵਿਚ ਵੀ ਪੰਜਾਬੀਆਂ ਨੇ ਮੋਹਰੀ ਦੀ ਭੂਮਿਕਾ ਨਿਭਾਈ ਹੈ। ਇਸ ਕਰਕੇ ਇਸ ਨਾਵਲ ਨੂੰ ਹਰ ਪੰਜਾਬੀ ਦੇ ਲਈ ਸਿੱਧੇ ਜਾਂ ਅਸਿੱਧੇ ਦਰਦ ਦੀ ਦਾਸਤਾਂ ਕਿਹਾ ਜਾ ਸਕਦਾ ਹੈ। ਨਾਵਲਕਾਰਾਂ ਨੇ ਸਕੂਲ ਵਿਚ ਪੜ੍ਹਦੇ ਗ਼ਰੀਬ ਪ੍ਰੰਤੂ ਹੁਸ਼ਿਆਰ ਲੜਕੇ ਨੂੰ ਅਮੀਰ ਘਰ ਦੀ ਲੜਕੀ ਵੱਲੋਂ ਪਿਆਰ ਹੋ ਜਾਣ ਤੋਂ ਬਾਅਦ ਉਨ੍ਹਾਂ ਦੇ ਪਰਿਵਾਰਾਂ ਦੀਆਂ ਭਾਵਨਾਵਾਂ ਦਾ ਦ੍ਰਿਸ਼ਟਾਂਤਿਕ ਪ੍ਰਗਟਾਵਾ ਕਰਕੇ ਨਾਵਲ ਨੂੰ ਸਰਵ ਪ੍ਰਵਾਨਤ ਕੀਤਾ ਹੈ। ਇਸ ਨਾਵਲ ਦੀ ਕਹਾਣੀ ਵਿਚੋਂ ਸੁਰਿੰਦਰ ਕੌਰ ਸੈਣੀ ਦੇ ਪਤੀ ਦੇ ਵਿਛੋੜੇ ਦੇ ਦਰਦ ਦੀ ਗਹਿਰੀ ਚੀਸ ਵੀ ਵਿਖਾਈ ਦਿੰਦੀ ਹੈ, ਲੇਖਿਕਾ ਦੇ ਬ੍ਰਿਹਾ ਦੇ ਤਜ਼ਰਬੇ ਨਾਲ ਨਾਵਲ ਅਤਿਅੰਤ ਸੰਜੀਦਾ ਤੇ ਸਾਰਥਿਕ ਬਣ ਗਿਆ ਹੈ। ਗੁਰਕੰਵਲ ਸਿੰਘ ਹੁਸ਼ਿਆਰ ਵਿਦਿਆਰਥੀ ਹੋਣ ਦੇ ਬਾਵਜੂਦ ਗ਼ਰੀਬੀ ਕਰਕੇ ਅੱਗੇ ਪੜ੍ਹ ਨਹੀਂ ਸਕਿਆ। ਉਸਦੀ ਵਿਧਵਾ ਮਾਂ ਨੇ ਲੋਕਾਂ ਦੇ ਘਰਾਂ ਵਿਚ ਮਜ਼ਦੂਰੀ ਕਰਕੇ ਉਸਨੂੰ ਪਾਲਿਆ ਸੀ। ਉਸਦੇ ਪਰਿਵਾਰ ਦੀ ਗ਼ਰੀਬੀ ਪੰਜਾਬ ਦੇ ਇਨ੍ਹਾਂ ਸ਼੍ਰੇਣੀਆਂ ਦੇ ਪਰਿਵਾਰਾਂ ਆਰਥਿਕ ਮਜਬੂਰੀ ਦਾ ਪ੍ਰਗਟਾਵਾ ਕਰਦੀ ਹੈ। ਇਸ ਲਈ ਗੁਰਕੰਵਲ ਸਿੰਘ ਦਸਵੀਂ ਪਾਸ ਨੂੰ ਨੌਕਰੀ ਨਾ ਮਿਲਣ ਦੇ ਹੰਦੇਸੇ ਕਰਕੇ ਫ਼ੌਜ ਵਿਚ ਭਰਤੀ ਹੋਣ ਲਈ ਮਜਬੂਰ ਕੀਤਾ ਸੀ। ਉਹ ਇਹ ਵੀ ਮਹਿਸੂਸ ਕਰਦਾ ਸੀ ਕਿ ਗੁਰਜੋਤ ਕੌਰ ਦੇ ਪਰਿਵਾਰ ਨੇ ਗ਼ਰੀਬੀ ਅਤੇ ਵੱਖਰੀ ਜਾਤ ਕਰਕੇ ਇਸ ਵਿਆਹ ਨੂੰ ਪ੍ਰਵਾਨ ਨਹੀਂ ਕਰਨਾ, ਕਿਉਂਕਿ ਆਮ ਤੌਰ 'ਤੇ ਪਿਆਰ ਵਿਆਹਾਂ ਵਿਚ ਇਹ ਮੁਸ਼ਕਲ ਹੁੰਦੀ ਹੈ। ਇਸ ਲਈ ਉਹ ਸਕੂਲ ਸਮੇਂ ਵੀ ਗੁਰਜੋਤ ਕੌਰ ਦੇ ਇਸ਼ਕ ਦੀਆਂ ਰਮਜ਼ਾਂ ਨੂੰ ਅਣਡਿੱਠ ਕਰਦਾ ਰਿਹਾ। ਸ਼ੁਰੂ ਵਿਚ ਇਉਂ ਮਹਿਸੂਸ ਹੁੰਦਾ ਸੀ ਕਿ ਗੁਰਜੋਤ ਕੌਰ ਦਾ ਇੱਕਤਰਫਾ ਪਿਆਰ ਹੈ, ਪ੍ਰੰਤੂ ਅਖ਼ੀਰ ਵਿਚ ਇਹ ਸਾਬਤ ਹੋ ਗਿਆ ਕਿ ਗੁਰਕੰਵਲ ਸਿੰਘ ਵੀ ਗੁਰਜੋਤ ਕੌਰ ਨੂੰ ਚਾਹੁੰਦਾ ਸੀ। ਇਹ ਵੀ ਨਤੀਜਾ ਨਿਕਲਦਾ ਹੈ ਕਿ ਸੱਚੇ ਦਿਲੋਂ ਕੀਤੇ ਪਿਆਰ ਸਫ਼ਲ ਹੁੰਦੇ ਹਨ। ਗੁਰਜੋਤ ਦੇ ਮਾਤਾ-ਪਿਤਾ ਨੂੰ ਜਦੋਂ ਪਤਾ ਲੱਗਣਾ ਕਿ ਉਹ ਦੂਸਰੀ ਜਾਤ ਦੇ ਲੜਕੇ ਨਾਲ ਵਿਆਹ ਕਰਵਾਉਣਾ ਚਾਹੁੰਦੀ ਹੈ, ਤਾਂ ਉਨ੍ਹਾਂ ਦਾ ਝਿਜਕਣਾ ਕੁਦਰਤੀ ਵਿਵਹਾਰ ਹੈ। ਇਸੇ ਤਰ੍ਹਾਂ ਗੁਰਕੰਵਲ ਦੇ ਸ਼ਹੀਦ ਹੋਣ ਤੋਂ ਬਾਅਦ ਗੁਰਜੋਤ ਕੌਰ ਨੂੰ ਉਸਦੇ ਮਾਪਿਆਂ ਵੱਲੋਂ ਦੁਬਾਰਾ ਵਿਆਹ ਕਰਵਾਉਣ ਲਈ ਜ਼ੋਰ ਪਾਉਣਾ ਕੁਦਰਤੀ ਹੈ। ਨਿਸ਼ਾ ਦੇ ਭਰਾ ਦਾ ਸ਼ਰਾਬ ਪੀਣਾ ਪਿੰਡਾਂ ਵਿਚ ਨੌਜਵਾਨਾਂ ਦੇ ਕੁਰੀਤੀਆਂ ਵਿਚ ਪੈਣ ਦਾ ਦ੍ਰਿਸ਼ਟਾਂਤਿਕ ਵਰਣਨ ਹੈ। ਨਾਵਲ ਦੀ ਬੋਲੀ ਅਤੇ ਸ਼ੈਲੀ ਵਿਲੱਖਣ ਕਿਸਮ ਦੀ ਹੈ, ਜਿਸ ਕਰਕੇ ਵਾਰਤਾਲਾਪ ਬਹੁਤ ਹੀ ਦਿਲਚਸਪ ਬਣ ਗਈ ਹੈ। ਹਰ ਸ਼ਬਦ ਬ੍ਰਿਹਾ ਅਤੇ ਪਿਆਰ ਦੇ ਵੈਰਾਗਮਈ ਅਲਾਪ ਵਿਚੋਂ ਮੁਹੱਬਤ ਦੀ ਖ਼ੁਸ਼ਬੋ ਆਉਂਦੀ ਹੋਈ, ਦਰਿਆ ਦੇ ਵਹਿਣ ਦੀ ਤਰ੍ਹਾਂ ਲਹਿਰਾਂ ਪੈਦਾ ਕਰਦੀ ਪਾਠਕਾਂ ਦੇ ਦਿਲਾਂ ਨੂੰ ਹਲੂਣਾ ਦਿੰਦੀ ਹੈ। ਬੋਲੀ ਅਤੇ ਸ਼ਬਦਾਵਲੀ ਭਾਵਨਾਤਮਿਕ ਹੈ, ਜਿਹੜੀ ਪਾਠਕ ਨੂੰ ਆਪਣੇ ਨਾਲ ਜੋੜ ਲੈਂਦੀ ਹੈ। ਪਾਠਕ ਹਰ ਚੈਪਟਰ ਤੋਂ ਬਾਅਦ ਅੱਗੇ ਕੀ ਹੋਇਆ? ਉਸਨੂੰ ਜਾਨਣ ਲਈ ਉਤਸ਼ਾਹਤ ਹੋ ਜਾਂਦਾ ਹੈ, ਇਸ ਲਈ ਇੱਕ ਬੈਠਕ ਵਿਚ ਹੀ ਨਾਵਲ ਪੜ੍ਹਿਆ ਜਾਂਦਾ ਹੈ। ਡਾ. ਗੁਰਜੋਤ ਕੌਰ ਦੀ ਆਪਣੇ ਕੰਮ ਪ੍ਰਤੀ ਲਗਨ ਤੇ ਮਿਹਨਤ ਲਾਜਵਾਬ ਹੈ, ਜਿਸ ਦਾ ਅਰਥ ਇਹ ਨਿਕਲਦਾ ਹੈ ਕਿ ਜੇਕਰ ਇਨਸਾਨ ਆਪਣਾ ਨਿਸ਼ਾਨਾ ਨਿਸ਼ਚਿਤ ਕਰਕੇ ਜ਼ਿੰਮੇਵਾਰੀ ਨਾਲ ਮਿਹਨਤ ਕਰੇ, ਤਾਂ ਸਫ਼ਲਤਾ ਉਸਦੇ ਪੈਰ ਚੁੰਮੇਗੀ। ਗੁਰਜੋਤ ਕੌਰ ਨੇ ਆਪਣੀ ਮਿਹਨਤ ਨਾਲ ਡਾਕਟਰ ਬਣਨ ਦਾ ਆਪਣਾ ਸਪਨਾ ਪੂਰਾ ਕੀਤਾ। ਪਾਕਿ ਪਵਿਤਰ ਸੱਚੇ-ਸੁੱਚੇ ਪਿਆਰ ਦਾ ਨਮੂਨਾ ਬਣਕੇ ਵਿਚਰਦੀ ਰਹੀ। ਸਮਾਜ ਵਿਚ ਫ਼ੈਲੀਆਂ ਸਮਾਜਿਕ ਕੁਰੀਤੀਆਂ ਦੇ ਵਿਰੁੱਧ ਕੀਤੀ ਯੋਜਨਾਬੱਧ ਕੋਸ਼ਿਸ਼ ਨਾਲ ਉਹ ਹਰ ਖੇਤਰ ਵਿਚ ਸਫ਼ਲ ਹੁੰਦੀ ਰਹੀ। ਜਾਤ-ਪਾਤ ਦੇ ਬੰਧਨਾਂ ਨੂੰ ਤੋੜਕੇ ਵਿਆਹ ਕਰਵਾਇਆ, ਕੈਂਸਰ ਤੇ ਨਸ਼ਿਆਂ ਵਰਗੀਆਂ ਬਿਮਾਰੀਆਂ ਤੋਂ ਸੁਚੇਤ ਕੀਤਾ, ਤਿਆਗ ਦੀ ਮੂਰਤ ਬਣੀ, ਸਮਾਜ ਸੇਵਾ ਦਾ ਬੀੜਾ ਚੁੱਕਿਆ, ਬੇਰੋਜ਼ਗਾਰੀ ਖ਼ਤਮ ਕਰਨ ਵਿਚ ਯੋਗਦਾਨ ਪਾਇਆ, ਸਾਦਾ ਵਿਆਹ ਕੀਤਾ, ਦੀਨ ਦੁਖੀਆਂ ਦਾ ਦਰਦ ਵੰਡਾਇਆ, ਵਾਤਾਵਰਨ ਦੀ ਸੰਭਾਲ ਦੀ ਪ੍ਰੇਰਨਾ ਕੀਤੀ ਆਦਿ ਕਾਰਵਾਈਆਂ ਸਮਾਜ ਲਈ ਪ੍ਰੇਰਨਾ ਸਰੋਤ ਬਣੀਆਂ ਹਨ। ਸਮਾਜ ਸੇਵਾ ਦੀ ਪ੍ਰਵਿਰਤੀ ਨੂੰ ਵੀ ਬਾਖ਼ੂਬੀ ਨਿਖ਼ਾਰਿਆ ਹੈ। ਪਿੰਡ ਵਿਚ ਕਲੀਨਿਕ ਖੋਲ੍ਹਕੇ ਲੋਕਾਂ ਦੀ ਸੇਵਾ ਕਰਨੀ, ਨਸ਼ਈ ਪਿਤਾ ਦੇ ਆਤਮਹੱਤਿਆ ਕਰਨ ਤੋਂ ਬਾਅਦ ਉਸਦੀ ਲੜਕੀ ਰੀਮਾ ਦੀ ਪੜ੍ਹਾਈ ਦਾ ਆਪਣੇ ਘਰ ਲਿਆਕੇ ਖ਼ਰਚਾ ਚੁੱਕਣਾ ਆਦਿ ਗੁਰਜੋਤ ਦੀ ਸਮਾਜ ਸੇਵਾ ਦਾ ਨਮੂਨਾ ਹੈ। ਸੁਰਿੰਦਰ ਕੌਰ ਸੈਣੀ ਤੋਂ ਭਵਿੱਖ ਵਿਚ ਯਥਾਰਥਕ ਘਟਨਾਵਾਂ 'ਤੇ ਆਧਾਰਿਤ ਸਾਹਿਤ ਸਿਰਜਣ ਦੀ ਆਸ਼ਾ ਕੀਤੀ ਜਾ ਸਕਦੀ ਹੈ।







**ਦੋ ਸਹਾਇਕ ਪਾਤਰ ਡਾ. ਮਹੇਸ਼ ਚੌਧਰੀ ਤੇ ਮੀਨਾ ਚੌਧਰੀ ਵੀ ਆਦਰਸ਼ਕ ਹੀ ਵਿਖਾਏ ਗਏ ਹਨ, ਜਿਨ੍ਹਾਂ ਦਾ ਇਕਲੌਤਾ ਲੜਕਾ ਕੈਂਸਰ ਵਰਗੀ ਨਾਮੁਰਾਦ ਬਿਮਾਰੀ ਦਾ ਸ਼ਿਕਾਰ ਹੋ ਕੇ ਸਵਰਗ ਸਿਧਾਰ ਜਾਂਦਾ ਹੈ। ਇਸ ਤੋਂ ਇਹ ਸਿੱਖਿਆ ਮਿਲਦੀ ਹੈ ਕਿ ਸਮਾਜ ਨੂੰ ਕੈਂਸਰ ਵਰਗੀ ਬਿਮਾਰੀ ਦੇ ਬਚਾਓ ਲਈ ਇਹਤਾਤ ਰੱਖਣ ਦੀ ਲੋੜ ਹੈ। ਡਾ. ਮਹੇਸ਼ ਚੌਧਰੀ ਤੇ ਡਾ. ਮੀਨਾ ਚੌਧਰੀ ਇਹ ਦੋਵੇਂ ਗੁਰਕੰਵਲ ਸਿੰਘ ਯਾਦਗਾਰੀ ਹਸਪਤਾਲ ਨੂੰ ਗੁਰਜੋਤ ਕੌਰ ਦੇ ਫ਼ੌਜ ਵਿੱਚ ਜਾਣ ਤੋਂ ਬਾਅਦ ਸੰਭਾਲਦੇ ਹਨ। ਪਿੰਡ ਦਾ ਸਰਪੰਚ ਵੀ ਆਦਰਸ਼ਕ ਹੀ ਵਿਖਾਇਆ ਗਿਆ ਹੈ, ਇਨ੍ਹਾਂ ਆਦਰਸ਼ਕ ਪਾਤਰਾਂ ਨਾਲ ਨਾਵਲ ਦਿਲਚਸਪ ਬਣ ਜਾਂਦਾ ਹੈ।**

**136 ਪੰਨਿਆਂ, 250 ਰੁਪਏ ਕੀਮਤ ਵਾਲਾ ਇਹ ਨਾਵਲ ਪ੍ਰੀਤ ਪਬਲੀਕੇਸ਼ਨ, ਨਾਭਾ ਨੇ ਪ੍ਰਕਾਸ਼ਤ ਕੀਤਾ ਹੈ। ਸੰਪਰਕ: ਸੁਰਿੰਦਰ ਕੌਰ ਸੈਣੀ : 9501073600**

# ਰੜ੍ਹਦੇ ਪੰਜਾਬ ਦੇ ਪੰਜਾਬੀ ਸਿਨੇਮੇ ਦੀ ਪਹਿਲੀ ਫ਼ਿਲਮ ਚਮਨ

ਅੰਗਰੇਜ ਸਿੰਘ ਵਿਰਦੀ

94646-28857
ਪੰਜਾਬ ਮੇਲ USA




ਰੜ੍ਹਦੇ ਪੰਜਾਬ ਦੇ ਪੰਜਾਬੀ ਸਿਨੇਮੇ ਦਾ 7 ਅਗਸਤ, ਸੰਨ 1948 ਨੂੰ ਰਤਨ ਸਿਨੇਮਾ, ਲਾਹੌਰ ਵਿਚ ਰਿਲੀਜ਼ ਹੋਈ ਪਹਿਲੀ ਪੰਜਾਬੀ ਫ਼ਿਲਮ ਚਮਨ ਨਾਲ ਮੁੜ ਤੋਂ ਮੁੱਢ ਬੱਝਾ। 47 ਦੀ ਵੰਡ ਤੋਂ ਬਾਅਦ ਪੰਜਾਬੀ ਫ਼ਿਲਮ ਚਮਨ ਨਾਲ ਪੰਜਾਬੀ ਸਿਨੇਮੇ ਨੇ ਇੱਕ ਵਾਰ ਫ਼ਿਰ ਤੋਂ ਨਵੀ ਪਰਵਾਜ਼ ਭਰੀ। ਵੰਡ ਤੋਂ ਪਹਿਲਾਂ ਸ਼ੋਰੀ ਪਿਕਚਰਜ਼ ਦੇ ਬੈਨਰ ਹੇਠ ਬਣਨ ਵਾਲੀ ਇਸ ਫ਼ਿਲਮ ਦਾ ਪਹਿਲਾ ਸਿਰਲੇਖ "ਭਾਈਆ ਜੀ" ਸੀ, ਜੋ ਕਿ ਫ਼ਿਲਮ ਦੇ ਮੁੱਖ ਕਿਰਦਾਰ ਭਾਈਆ ਜੀ (ਆਦਾਕਾਰ ਓਮ ਪ੍ਰਕਾਸ਼) ਤੋਂ ਲਿਆ ਗਿਆ ਸੀ, ਪਰ ਬਾਅਦ ਵਿਚ ਇਸ ਨੂੰ ਬਦਲ ਕੇ ਦੂਜੇ ਮੁੱਖ ਕਿਰਦਾਰ ਡਾ. ਚਮਨ ਦੇ ਨਾਂ 'ਤੇ ਇਸ ਦਾ ਨਾਂ "ਚਮਨ" ਰੱਖ ਦਿੱਤਾ ਗਿਆ। ਫ਼ਿਲਮ ਦੀ ਸ਼ੂਟਿੰਗ ਸ਼ੋਰੀ ਸਟੂਡੀਓ ਮੁਲਤਾਨ ਰੋਡ ਲਾਹੌਰ ਵਿਖੇ ਕੀਤੀ ਜਾ ਰਹੀ ਸੀ ਪਰ ਫ਼ਿਲਮ ਪੂਰੀ ਹੋਣ ਤੋਂ ਪਹਿਲਾਂ ਹੀ ਦੇਸ਼ ਦੀ ਵੰਡ ਹੋ ਗਈ। ਫ਼ਿਰਕੂ ਭੀੜਾਂ ਵਲੋਂ ਲਾਹੌਰ ਵਿਚ ਹਿੰਦੂ ਸਿੱਖਾਂ ਦੀਆਂ ਜਾਇਦਾਦਾਂ ਲੁੱਟੀਆਂ ਜਾਣ ਲੱਗੀਆਂ ਤੇ ਉਨ੍ਹਾਂ ਨੂੰ ਜਾਨੋਂ ਮਾਰਿਆ ਜਾਣ ਲੱਗਾ, ਜਿਸ ਕਰਕੇ ਵੱਡੇ ਕਾਰੋਬਾਰੀ ਜਿਨ੍ਹਾਂ ਵਿਚ ਫ਼ਿਲਮੀ ਲੋਕ ਵੀ ਸ਼ਾਮਿਲ ਸਨ, ਲਾਹੌਰ ਛੱਡ ਭਾਰਤ ਆਉਣ ਲੱਗੇ। ਰੂਪ ਕੇ ਸ਼ੋਰੀ ਵੀ ਪਰਿਵਾਰ ਸਮੇਤ ਭਾਰਤ ਆ ਗਿਆ, ਜਿੱਥੇ ਉਸ ਨੇ ਫ਼ਿਲਮ ਨਗਰੀ ਮੁੰਬਈ ਨੂੰ ਆਪਣੀ ਕਰਮ ਭੂਮੀ ਵਜੋਂ ਚੁਣਿਆਂ। ਰੂਪ ਕੇ ਸ਼ੋਰੀ ਇਸ ਫ਼ਿਲਮ ਦਾ ਪ੍ਰਿੰਟ ਵੀ ਨਾਲ ਹੀ ਲੈ ਆਇਆ ਤੇ ਉਸ ਨੇ ਫ਼ਿਲਮ ਦਾ ਬਾਕੀ ਕੰਮ ਮੁੰਬਈ ਦੇ ਫ਼ਿਲਮ ਸਟੂਡੀਓ ਵਿਚ ਪੂਰਾ ਕੀਤਾ। ਇਸ ਫ਼ਿਲਮ ਵਿਚ ਰੂਪ ਕੇ ਸ਼ੋਰੀ ਦੀ ਪਤਨੀ ਮੀਨਾ ਸ਼ੋਰੀ ਮੁੱਖ ਕਿਰਦਾਰ ਨਿਭਾ ਰਹੀ ਸੀ। ਮਗਰੋਂ ਇਸ ਫ਼ਿਲਮ ਨੂੰ ਜੈਮਨੀ ਦੀਵਾਨ ਪ੍ਰੋਡੰਕਸ਼ਨ, ਬੰਬਈ ਦੇ ਬੈਨਰ ਹੇਠ ਰਿਲੀਜ਼ ਕੀਤਾ ਗਿਆ।

ਜੈਮਨੀ ਦੀਵਾਨ ਪ੍ਰੋਡਕਸ਼ਨ, ਬੰਬਈ ਦੇ ਬੈਨਰ ਹੇਠ ਬਣੀ ਨਿਰਮਾਤਾ ਜੈਮਨੀ ਦੀਵਾਨ ਦੀ ਇਸ ਫ਼ਿਲਮ ਦੇ ਨਿਰਦੇਸ਼ਕ ਸਨ ਰੂਪ ਕੇ ਸ਼ੋਰੀ। ਫ਼ਿਲਮ ਦੇ ਸੰਵਾਦ ਲਿਖੇ ਸਨ ਅਜ਼ੀਜ਼ ਕਸ਼ਮੀਰੀ ਨੇ ਅਤੇ ਸੰਗੀਤ ਨਿਰਦੇਸ਼ਕ ਸਨ ਵਿਨੋਦ। ਫ਼ਿਲਮ ਦੇ ਗੀਤਕਾਰ ਵੀ ਅਜ਼ੀਜ਼ ਕਸ਼ਮੀਰੀ ਹੀ ਸਨ। ਫ਼ਿਲਮ ਦੀ ਖ਼ੂਬਸੂਰਤ ਸਿਨੇਮੈਟੋਗ੍ਰਾਫੀ ਕੀਤੀ ਸੀ ਰਤਨ ਲਾਲ ਨਗਰ ਨੇ, ਸੰਪਾਦਨਾਂ ਵਸੰਤ ਬੋਰਕਰ ਦੀ ਸੀ ਅਤੇ ਕਲਾ ਨਿਰਦੇਸ਼ਕ/ਪ੍ਰੋਡਕਸ਼ਨ ਡਿਜ਼ਾਈਨ ਕੀਤਾ ਸੀ ਪਾਂਡੂਰੰਗ ਕ੍ਰਿਸ਼ਨ ਸ਼ਿੰਦੇ ਨੇ। ਫ਼ਿਲਮ ਵਿਚ ਵੱਖ-ਵੱਖ ਕਿਰਦਾਰਾਂ ਵਿਚ ਨਜ਼ਰ ਆਉਣ ਵਾਲੇ ਅਦਾਕਾਰ ਦਾ ਵੇਰਵਾ ਕੁੱਝ ਇੰਝ ਹੈ:-



ਅਦਾਕਾਰਾ ਮੀਨਾ ਸ਼ੌਰੀ ਨੇ ਫ਼ਿਲਮ ਵਿਚ ਮੁੱਖ ਨਾਇਕਾ ਸ਼ਾਂਤੀ ਦਾ ਅਤੇ ਅਦਾਕਾਰ ਕਰਨ ਦੀਵਾਨ ਨੇ ਮੁੱਖ ਨਾਇਕ ਡਾ. ਚਮਨ ਦਾ ਕਿਰਦਾਰ ਅਦਾ ਕੀਤਾ। ਇਨ੍ਹਾਂ ਤੋਂ ਇਲਾਵਾ ਫ਼ਿਲਮ ਵਿਚ ਮਜਾਹੀਆ ਅਦਾਕਾਰ ਮਜਨੂੰ ਨੇ ਭੋਲਾ ਦਾ ਕਿਰਦਾਰ, ਅਦਾਕਾਰਾ ਗੁਲਾਬ ਨੇ ਭੋਲੇ ਦੀ ਮਾਂ ਦਾ, ਮਸ਼ਹੂਰ ਬਾਲੀਵੁੱਡ ਅਦਾਕਾਰ ਓਮ ਪ੍ਰਕਾਸ਼ ਨੇ ਭਾਈਆ ਜੀ ਭਗਵਾਨ ਦਾਸ ਦਾ ਕਿਰਦਾਰ, ਬਾਲੀਵੁੱਡ ਦੀ ਪਹਿਲੀ ਖਲਨਾਇਕਾ ਜਿਨ੍ਹਾਂ ਦੀ ਬਤੌਰ ਅਦਾਕਾਰਾ ਇਹ ਪਹਿਲੀ ਫ਼ਿਲਮ ਸੀ ਕੁਲਦੀਪ ਕੌਰ ਨੇ ਪਾਰੋ ਦਾ ਕਿਰਦਾਰ, ਸੁਰੱਈਆ ਚੌਧਰੀ ਨੇ ਰਾਜ ਕੁਮਾਰੀ ਦਾ ਕਿਰਦਾਰ, ਰਣਧੀਰ ਨੇ ਦੌਲੂ ਦਾ ਕਿਰਦਾਰ, ਰਮੇਸ਼ ਠਾਕੁਰ ਨੇ ਫੌਜੀ ਆਦਮੀ ਦਾ ਕਿਰਦਾਰ, ਕਥਾਨਾ ਨੇ ਇਲਮਦੀਨ ਦਾ ਕਿਰਦਾਰ, ਸ਼ਿਵਰਾਜ ਨੇ ਡਾ. ਚਮਨ ਦੇ ਕੰਪਾਊਂਡਰ ਬੇਲੀਰਾਮ ਦਾ ਕਿਰਦਾਰ ਅਤੇ ਅਜ਼ੀਜ਼ ਕਸ਼ਮੀਰੀ ਨੇ ਹਕੀਮ ਦਾ ਮਹੱਤਵਪੂਰਨ ਕਿਰਦਾਰ ਨਿਭਾਇਆ।

ਫ਼ਿਲਮ ਦੀ ਕਹਾਣੀ ਦੀ ਜੇਕਰ ਗੱਲ ਕੀਤੀ ਜਾਵੇ, ਤਾਂ ਫ਼ਿਲਮ ਦੇ ਨਾਇਕ ਡਾ. ਚਮਨ (ਅਦਾਕਰਾ ਕਰਨ ਦੀਵਾਨ) ਅਤੇ ਭਾਈਆ ਜੀ (ਅਦਾਕਾਰ ਓਮ ਪ੍ਰਕਾਸ਼) ਦੋਵੇਂ ਜਣੇ ਨਗਰ ਨਿਗਮ ਦੀਆਂ ਚੋਣਾਂ ਲੜ ਰਹੇ ਹਨ। ਨੌਜਵਾਨ ਵਿਚ ਹਰਮਨ ਪਿਆਰਾ, ਸ਼ਰੀਫ਼ ਅਤੇ ਇਮਾਨਦਾਰ ਹੋਣ ਕਰਕੇ ਡਾ. ਚਮਨ ਦਾ ਸਮਰਥਨ ਉਸ ਦੇ ਇਲਾਕੇ ਦੇ ਸਾਰੇ ਨੌਜਵਾਨ ਕਰ ਰਹੇ ਹਨ, ਜਦੋਂ ਕਿ ਇਲਾਕੇ ਦੇ ਜ਼ਿਆਦਾਤਰ ਬਜ਼ੁਰਗ ਭਾਈਆ ਭਗਵਾਨ ਦਾਸ ਦੇ ਹੱਕ ਵਿਚ ਹਨ। ਦੋਵੇਂ ਚੋਣਾਂ ਵਿਚ ਖ਼ੂਬ ਪ੍ਰਚਾਰ ਕਰਦੇ ਪਰ ਭਾਈਆ ਜੀ ਨੂੰ ਆਪਣੀ ਹਾਰ ਹੁੰਦੀ ਨਜ਼ਰ ਆਉਂਦੀ ਹੈ, ਜਿਸ ਕਰਕੇ ਉਹ ਬੇਹੱਦ ਚਿੰਤਾ ਵਿਚ ਹੈ। ਭਾਈਆ ਜੀ ਦਾ ਪੁੱਤਰ ਭੋਲਾ (ਮਜਨੂੰ) ਜੋ ਕਿ ਇੱਕ ਬਦਮਾਸ਼ ਅਤੇ ਅੱਯਾਸ਼ ਕਿਸਮ ਦਾ ਬੰਦਾ ਹੈ, ਆਪਣੇ ਪਿਓ ਨੂੰ ਭਰੋਸਾ ਦਿਵਾਉਂਦਾ ਹੈ ਕਿ ਉਹ ਉਸ ਦੀ ਜਿੱਤ ਨੂੰ ਰੁਪਈਆਂ ਨਾਲ ਖਰੀਦ ਸਕਦਾ ਹੈ। ਉਹ ਆਪਣੇ ਪਿਤਾ ਤੋਂ ਵੋਟਾਂ ਖਰੀਦਣ ਦੇ ਬਹਾਨੇ ਪੈਸੇ ਮੰਗਦਾ ਰਹਿੰਦਾ ਹੈ। ਉਹ ਆਪਣੇ ਪਿਤਾ ਦੇ ਮਿਹਨਤ ਨਾਲ ਕਮਾਏ ਪੈਸੇ ਨੂੰ ਆਪਣੀ ਮੌਜ-ਮਸਤੀ 'ਤੇ ਬਰਬਾਦ ਕਰ ਦਿੰਦਾ ਹੈ। ਹਾਲਾਂਕਿ, ਭਈਆ ਜੀ ਦੀ ਧੀ ਸ਼ਾਂਤੀ (ਮੀਨਾ ਸ਼ੋਰੀ) ਆਪਣੇ ਭਰਾ ਭੋਲੇ ਨੂੰ ਇਸ ਧੋਖੇ ਲਈ ਸਜ਼ਾ ਦੇਣ ਦੀ ਕੋਸ਼ਿਸ਼ ਕਰਦੀ ਹੈ ਪਰ ਉਨ੍ਹਾਂ ਦੀ ਮਾਂ ਆਪਣੇ ਪੁੱਤਰ ਨੂੰ ਬਚਾ ਲੈਂਦੀ ਹੈ।

ਭਾਈਆ ਜੀ ਦੀਆਂ ਚੋਣ ਜਿੱਤਣ ਦੀਆਂ ਸਾਰੀਆਂ ਕੋਸ਼ਿਸ਼ਾਂ ਵਿਅਰਥ ਜਾਂਦੀਆਂ ਹਨ ਅਤੇ ਡਾ. ਚਮਨ ਚੋਣ ਜਿੱਤ ਜਾਂਦੇ ਹਨ। ਆਪਣੀ ਹਾਰ ਕਰਕੇ ਭਾਈਆ ਜੀ ਬੇਹੱਦ ਮਾਯੂਸ ਹੋ ਜਾਂਦੇ ਹਨ ਤੇ ਘਰ ਵਾਪਸ ਆ ਕੇ ਨਿਰਾਸ਼ਾ ਵਿਚ ਉਹ ਆਪਣੀ ਪਤਨੀ (ਗੁਲਾਬ) 'ਤੇ ਆਪਣਾ ਗੁੱਸਾ ਕੱਢਦਾ ਹੈ। ਉਹ ਚਾਕੂ ਨਾਲ ਖੁਦਕੁਸ਼ੀ ਦੀ ਕੋਸ਼ਿਸ਼ ਕਰਦਾ ਹੈ, ਪਰ ਉਸਦੀ ਬੇਟੀ ਸ਼ਾਂਤੀ ਉਸਦੇ ਹੱਥੋਂ ਚਾਕੂ ਖੋਹ ਲੈਂਦੀ ਹੈ। ਫਿਰ ਵੀ ਗੁੱਸੇ ਨਾਲ ਭੜਕਿਆ ਹੋਇਆ ਭਾਈਆ ਜੀ ਆਪਣੀ ਧੀ ਨੂੰ ਉਸੇ ਹਥਿਆਰ ਨਾਲ ਆਪਣੇ ਦੁਸ਼ਮਣ ਨੂੰ ਮਾਰਨ ਲਈ ਉਕਸਾਉਂਦਾ ਹੈ। ਆਪਣੇ ਪਿਤਾ ਦੇ ਬਹਿਕਾਵੇ ਵਿਚ ਆ ਕੇ ਸ਼ਾਂਤੀ ਡਾ. ਚਮਨ ਦਾ ਕਤਲ ਕਰਨ ਲਈ ਤਿਆਰ ਹੋ ਜਾਂਦੀ ਹੈ। ਰਾਤ ਦੇ ਹਨੇਰੇ ਵਿਚ ਹੱਥ ਵਿਚ ਚਾਕੂ ਲੈ ਉਹ ਡਾ. ਚਮਨ ਨੂੰ ਮਾਰਨ ਲਈ ਉਸਦੇ ਬੈੱਡਰੂਮ ਵਿਚ ਦਾਖਲ ਹੁੰਦੀ ਹੈ, ਪਰ ਕਿਸਮਤ ਨੂੰ ਕੁੱਝ ਹੋਰ ਹੀ ਮੰਜ਼ੂਰ ਹੁੰਦਾ ਹੈ। ਸ਼ਾਂਤੀ ਮੇਜ਼ ਨਾਲ ਟਕਰਾ ਜਾਂਦੀ ਹੈ ਅਤੇ ਡਾ. ਚਮਨ ਖੜਾਕ ਸੁਣ ਕੇ ਜਾਗ ਜਾਂਦੇ ਹਨ। ਸ਼ਾਂਤੀ ਡਾਕਟਰ ਚਮਨ ਦੇ ਸਾਹਮਣੇ ਇੱਕ ਅਪਰਾਧੀ ਵਾਂਗ ਖੜ੍ਹੀ ਹੈ। ਉਹ ਸ਼ਾਂਤੀ ਕੋਲੋਂ ਮਾਰਨ ਦੀ ਸੱਚਾਈ ਸੁਣ ਕੇ ਉਸਨੂੰ ਆਖਦਾ ਹੈ ਕਿ ਜੇਕਰ ਉਸਨੇ ਉਸਦੇ ਪਿਤਾ ਨਾਲ ਬੁਰਾ ਕੀਤਾ ਹੈ, ਤਾਂ ਉਹ ਉਸਨੂੰ ਮਾਰ ਸਕਦੀ ਹੈ। ਡਾ. ਚਮਨ ਦੀ ਇਮਾਨਦਾਰੀ ਅਤੇ ਨਿਮਰਤਾ ਸ਼ਾਂਤੀ ਦਾ ਮਨ ਬਦਲ ਦਿੰਦੀ ਹੈ ਅਤੇ ਉਸਨੂੰ ਅਹਿਸਾਸ ਹੁੰਦਾ ਹੈ ਕਿ ਉਹ ਬੁਰਾ ਨਹੀਂ ਹੈ। ਜਦੋਂ ਉਹ ਘਰ ਲਈ ਜਾਣ ਲੱਗਦੀ ਹੈ, ਤਾਂ ਸਰਦ ਹਵਾਵਾਂ ਤੋਂ ਬਚਾਉਣ ਲਈ ਡਾ. ਚਮਨ ਆਪਣਾ ਕੋਟ ਸ਼ਾਂਤੀ ਨੂੰ ਪਹਿਨਣ ਲਈ ਦੇ ਦਿੰਦਾ ਹੈ। ਅਗਲੇ ਦਿਨ, ਉਹ ਉਸਦੇ ਛੋਟੇ ਭਰਾ ਨੂੰ ਕੋਟ ਵਾਪਸ ਕਰ ਦਿੰਦੀ ਹੈ। ਸ਼ਾਂਤੀ ਮਨ ਹੀ ਮਨ ਡਾ. ਚਮਨ ਨੂੰ ਪਿਆਰ ਕਰਨ ਲੱਗ ਪੈਂਦੀ ਹੈ।

ਇਸ ਦੌਰਾਨ ਭੋਲਾ ਆਪਣੇ ਪਿਤਾ ਨੂੰ ਲੁੱਟਣਾ ਜਾਰੀ ਰੱਖਦਾ ਹੈ ਅਤੇ ਪਾਰੋ (ਕੁਲਦੀਪ ਕੌਰ) ਨਾਮਕ ਇੱਕ ਤਵਾਇਫ਼ ਦੇ ਕੋਠੇ 'ਤੇ ਜਾਣ ਲੱਗਦਾ ਹੈ। ਉਹ ਪਾਰੋ ਨਾਲ ਵਿਆਹ ਕਰਵਾਉਣਾ ਚਾਹੁੰਦਾ ਹੈ ਪਰ ਪਾਰੋ ਭੋਲੇ ਨਾਲ ਵਿਆਹ ਕਰਨ ਤੋਂ ਇਨਕਾਰ ਕਰ ਦਿੰਦੀ ਹੈ। ਪਾਰੋ ਖ਼ੁੱਦ ਨੂੰ ਕੋਠੇ ਤੋਂ ਛੁਟਕਾਰਾ ਹਾਸਲ ਕਰਨ ਲਈ ਡਾਕਟਰ ਚਮਨ ਕੋਲੋਂ ਮਦਦ ਮੰਗਦੀ ਹੈ। ਡਾ. ਚਮਨ ਉਸਨੂੰ ਉਸਦੇ ਘਰ ਮਿਲਣ ਜਾਂਦਾ ਹੈ ਅਤੇ ਉਸਦੀ ਮਦਦ ਕਰਨ ਦਾ ਵੀ ਵਾਅਦਾ ਕਰਦਾ ਹੈ ਪਰ ਭੋਲਾ ਨੂੰ ਉਨ੍ਹਾਂ ਦੀ ਇਹ ਮੁਲਾਕਾਤ ਚੰਗੀ ਨਹੀਂ ਲੱਗਦੀ। ਇਸ ਦੌਰਾਨ, ਡਾ. ਚਮਨ ਪਾਰੋ ਨੂੰ ਘਰ ਲੈ ਜਾਣ ਦਾ ਫੈਸਲਾ ਕਰਦਾ ਹੈ। ਪਾਰੋ ਖੁਸ਼ ਹੈ ਕਿਉਂਕਿ ਉਹ ਸੋਚਦੀ ਹੈ ਕਿ ਡਾ. ਚਮਨ ਉਸ ਨਾਲ ਵਿਆਹ ਕਰਵਾ ਲਵੇਗਾ, ਪਰ ਜਦੋਂ ਭੋਲਾ ਉਸਨੂੰ ਦੱਸਦਾ ਹੈ ਕਿ ਡਾ. ਚਮਨ ਉਸਦੀ ਭੈਣ ਸ਼ਾਂਤੀ ਨੂੰ ਪਿਆਰ ਕਰਦਾ ਹੈ, ਤਾਂ ਪਾਰੋ ਦਾ ਦਿਲ ਟੁੱਟ ਜਾਂਦਾ ਹੈ ਅਤੇ ਉਹ ਆਪਣੇ ਪੁਰਾਣੇ ਘਰ ਵਾਪਸ ਆ ਜਾਂਦੀ ਹੈ। ਭੋਲਾ ਸ਼ਾਂਤੀ ਦੇ ਡਾ. ਚਮਨ ਨਾਲ ਸਬੰਧਾਂ ਦਾ ਖੁਲਾਸਾ ਆਪਣੇ ਪਰਿਵਾਰ ਸਾਹਮਣੇ ਕਰ ਦਿੰਦਾ ਹੈ, ਜਿਸ ਕਰਕੇ ਭਾਈਆ ਜੀ ਸ਼ਾਂਤੀ ਦਾ ਵਿਆਹ ਸੇਠ ਧਨੀ ਰਾਮ ਨਾਲ ਕਰਨ ਦਾ ਫੈਸਲਾ ਕਰਦੇ ਹਨ। ਵਿਆਹ ਵਾਲੀ ਰਾਤ, ਪਾਰੋ ਬੇਲੀ ਰਾਮ (ਸ਼ਿਵਰਾਜ) ਨੂੰ ਡਾ. ਚਮਨ ਦੇ ਗੰਭੀਰ ਬਿਮਾਰ ਹੋਣ ਦੇ ਬਹਾਨੇ ਸ਼ਾਂਤੀ ਨੂੰ ਉਸ ਦੇ ਘਰ ਲੈ ਕੇ ਆਉਣ ਲਈ ਕਹਿੰਦੀ ਹੈ। ਜਦੋਂ ਸ਼ਾਂਤੀ ਪਾਰੋ ਨੂੰ ਮਿਲਣ ਜਾਂਦੀ ਹੈ, ਤਾਂ ਪਾਰੋ ਸ਼ਾਂਤੀ ਨੂੰ ਆਪਣੇ ਸੱਚੇ ਪਿਆਰ ਚਮਨ ਨਾਲ ਵਿਆਹ ਕਰਨ ਦੀ ਸਲਾਹ ਦਿੰਦੀ ਹੈ। ਉਧਰ ਧਨੀ ਰਾਮ ਅਤੇ ਉਸਦੀ ਬਾਰਾਤ ਦੁਲਹਨ ਦਾ ਬੇਸਬਰੀ ਨਾਲ ਇੰਤਜ਼ਾਰ ਕਰ ਰਹੇ ਹਨ। ਇਸ ਦੌਰਾਨ, ਧਨੀ ਰਾਮ ਨੂੰ ਜਦੋਂ ਪਤਾ ਲੱਗਦਾ ਹੈ ਕਿ ਉਸ ਦੀ ਹੋਣ ਵਾਲੀ ਦੁਲਹਨ ਭੱਜ ਗਈ ਹੈ, ਤਾਂ ਉਹ ਵਿਆਹ ਵਾਲੀ ਥਾਂ ਛੱਡ ਕੇ ਚਲਾ ਜਾਂਦਾ ਹੈ। ਭਾਈਆ ਜੀ ਅਤੇ ਉਸਦੇ ਪਰਿਵਾਰ ਨੂੰ ਉਨ੍ਹਾਂ ਦੀ ਜ਼ਿੰਦਗੀ ਦਾ ਸਭ ਤੋਂ ਵੱਡਾ ਝਟਕਾ ਲੱਗਦਾ ਹੈ। ਪਾਰੋ ਆਪਣੀ ਬਦਕਿਸਮਤ ਜ਼ਿੰਦਗੀ ਨੂੰ ਖਤਮ ਕਰਨ ਲਈ ਜ਼ਹਿਰ ਖਾ ਲੈਂਦੀ ਹੈ। ਭੋਲਾ ਆਪਣੇ ਪਿਆਰ ਪਾਰੋ ਨੂੰ ਗੁਆਉਣ ਤੋਂ ਬਾਅਦ, ਹੁਣ ਇੱਕ ਬਦਲਿਆ ਹੋਇਆ ਵਿਅਕਤੀ ਹੈ, ਉਹ ਆਪਣੇ ਮਾਪਿਆਂ ਨੂੰ ਬੇਨਤੀ ਕਰਦਾ ਹੈ ਕਿ ਸ਼ਾਂਤੀ ਨੂੰ ਡਾ. ਚਮਨ ਨਾਲ ਵਿਆਹ ਕਰਨ ਦੀ ਇਜ਼ਾਜਤ ਦੇ ਦਿੱਤੀ ਜਾਵੇ। ਅਖੀਰ ਡਾ. ਚਮਨ ਅਤੇ ਸ਼ਾਂਤੀ ਦਾ ਵਿਆਹ ਹੋ ਜਾਂਦਾ ਹੈ। ਫਿਲਮ ਦਾ ਆਖਰੀ ਦ੍ਰਿਸ਼ ਦੋ ਜਲੂਸਾਂ ਨਾਲ ਖਤਮ ਹੁੰਦਾ ਹੈ, ਇੱਕ ਪਾਸੇ ਕੁਹਾਰ ਪਾਲਕੀ ਵਿਚ ਨਵ-ਵਿਆਹੀ ਸ਼ਾਂਤੀ ਨੂੰ ਲੈ ਜਾ ਰਹੇ ਹੈ ਅਤੇ ਦੂਜੇ ਪਾਸੇ ਲੋਕ ਬਦਕਿਸਮਤ ਪਾਰੋ ਦੀ ਅਰਥੀ ਨੂੰ ਲੈ ਜਾ ਰਹੇ ਹਨ।

ਫ਼ਿਲਮ ਵਿਚ ਕੁੱਲ 16 ਗੀਤ ਸ਼ਾਮਲ ਕੀਤੇ ਗਏ ਸਨ, ਜਿਨ੍ਹਾਂ ਨੂੰ ਲੋਕਾਂ ਨੇ ਬੇਹੱਦ ਪਸੰਦ ਕੀਤਾ ਪਰ ਕੁੱਝ ਗੀਤ ਜਿਵੇਂ 'ਚੰਨ ਕਿੱਥਾਂ ਗੁਜ਼ਾਰੀ ਆਈ ਰਾਤ ਵੇ', 'ਸਾਰੀ ਰਾਤ ਤੇਰਾ ਤੱਕਣੀ ਆਂ ਰਾਹ', 'ਜਦੋਂ ਨਰਮ ਕਾਲਜਾ ਧੜਕੇ ਨੀਂ' ਅੱਜ ਵੀ ਸਰੋਤਿਆ ਵੱਲੋਂ ਸ਼ੌਂਕ ਨਾਲ ਸੁਣੇ ਜਾਂਦੇ ਹਨ। ਫ਼ਿਲਮ ਵਿਚ ਹਰੇਕ ਅਦਾਕਾਰ ਨੇ ਬੇਹਤਰੀਨ ਅਦਾਕਾਰੀ ਕੀਤੀ ਸੀ। ਖ਼ੂਬਸੂਰਤ ਸੰਗੀਤ, ਕਮਾਲ ਦੀ ਸੰਵਾਦ ਅਦਾਇਗੀ, ਉੱਤਮ ਸਿਨੇਮੈਟੋਗ੍ਰਾਫੀ ਵਾਲੀ ਇਹ ਇੱਕ ਬੇਹਤਰੀਨ ਫ਼ਿਲਮ ਹੈ।

ਪ੍ਰੋ. ਕੁਲਬੀਰ ਸਿੰਘ
94171-53513
ਪੰਜਾਬ ਮੇਲ USA



# ਸਮਾਰਟ ਫ਼ੋਨ : ਬੱਚਿਆਂ ਦਾ ਭਵਿੱਖ ਦਾਅ 'ਤੇ



ਹਰਿਆਣਾ, ਗੁਜਰਾਤ ਅਤੇ ਉਤਰਾਖੰਡ ਵਿਚ ਵੀ ਅਜਿਹੀਆਂ ਵਾਰਦਾਤਾਂ ਅਖ਼ਬਾਰ ਦੀਆਂ ਸੁਰਖੀਆਂ ਬਣ ਚੁੱਕੀਆਂ ਹਨ। ਦੋ ਵੱਡੇ ਸਵਾਲ ਦੁਨੀਆਂ ਸਾਹਮਣੇ ਉੱਭਰ ਆਏ ਹਨ। ਮਾਪੇ ਅਜਿਹੀ ਸਥਿਤੀ ਵਿਚ ਕੀ ਕਰਨ? ਕਿਸ ਤਰ੍ਹਾਂ ਵਿਵਹਾਰ ਕਰਨ ਕਿ ਬੱਚਿਆਂ ਨੂੰ ਅਜਿਹੇ ਕਦਮ ਚੁੱਕਣ ਤੋਂ ਬਚਾਇਆ ਜਾ ਸਕੇ? ਜਾਂ ਸਮਾਂ ਰਹਿੰਦੇ ਸਰਕਾਰਾਂ ਆਸਟ੍ਰੇਲੀਆ, ਸਪੇਨ, ਫਰਾਂਸ, ਗ੍ਰੀਸ ਅਤੇ ਨੌਰਵੇ ਵਰਗੇ ਸਖ਼ਤ ਫ਼ੈਸਲੇ ਕਰਨ?

ਆਸਟ੍ਰੇਲੀਆ ਨੇ 16 ਸਾਲ ਤੱਕ ਦੇ ਬੱਚਿਆਂ 'ਤੇ ਸੋਸ਼ਲ ਮੀਡੀਆ ਵਰਤਣ ਉੱਤੇ ਰੋਕ ਲਗਾਈ, ਤਾਂ ਪੂਰੀ ਦੁਨੀਆਂ ਵਿਚ ਇਸ ਵਿਸ਼ੇ 'ਤੇ ਚਰਚਾ ਚੱਲ ਪਈ।

ਆਸਟ੍ਰੇਲੀਆ ਤੋਂ ਬਾਅਦ ਇਹੀ ਕਦਮ ਸਪੇਨ, ਫਰਾਂਸ, ਗ੍ਰੀਸ, ਨੌਰਵੇ ਜਿਹੇ ਮੁਲਕਾਂ ਨੇ ਚੁੱਕਿਆ। ਸਾਊਥ ਕੋਰੀਆ ਨੇ ਇਸ ਦੀ ਵਰਤੋਂ ਨੂੰ ਸਮਾਂ-ਬੱਧ ਕੀਤਾ ਹੈ। ਦੇਰ ਰਾਤ ਨੂੰ ਬੱਚੇ ਇਸ ਦੀ ਵਰਤੋਂ ਨਹੀਂ ਕਰ ਸਕਦੇ।

ਇਸੇ ਤਰ੍ਹਾਂ ਅਮਰੀਕਾ ਦੇ ਕੁਝ ਰਾਜਾਂ ਨੇ ਕੁਝ ਬੰਦਸ਼ਾਂ ਲਗਾਈਆਂ ਹਨ ਅਤੇ ਕੁਝ ਨੇ ਅਜਿਹਾ ਕਰਨ ਲਈ ਸੁਝਾਅ ਦਿੱਤੇ ਹਨ।

ਤਾਜ਼ਾ ਖ਼ਬਰਾਂ ਭਾਰਤ ਨਾਲ ਸੰਬੰਧਤ ਹਨ। ਇਕ ਪਿਤਾ ਨੇ ਆਪਣੀਆਂ ਧੀਆਂ ਤੋਂ ਮੋਬਾਇਲ ਫ਼ੋਨ ਲੈ ਲਿਆ। ਤਿੰਨ ਧੀਆਂ ਨੇ ਉੱਚੀ ਇਮਾਰਤ ਤੋਂ ਛਾਲ ਮਾਰ ਕੇ ਜੀਵਨ-ਲੀਲਾ ਸਮਾਪਤ ਕਰ ਲਈ। ਇਹ ਘਟਨਾ ਗਾਜ਼ੀਆਬਾਦ ਦੀ ਹੈ। ਹਿਮਾਚਲ ਦੇ ਮੁੱਖ ਮੰਤਰੀ ਨੇ ਸਖ਼ਤ ਫ਼ੈਸਲਾ ਲੈਂਦਿਆਂ ਸਰਕਾਰੀ ਅਤੇ ਗ਼ੈਰ-ਸਰਕਾਰੀ ਸਕੂਲਾਂ ਵਿਚ ਫ਼ੋਨ ਦੀ ਵਰਤੋਂ 'ਤੇ ਪਾਬੰਦੀ ਲਗਾ ਦਿੱਤੀ ਹੈ। ਜੇਕਰ ਕਿਸੇ ਵਿਦਿਆਰਥੀ ਕੋਲੋਂ ਸਕੂਲ ਸਮੇਂ ਦੌਰਾਨ ਫ਼ੋਨ ਮਿਲਦਾ ਹੈ, ਤਾਂ ਉਸ ਨੂੰ ਜੁਰਮਾਨਾ ਲਗਾਇਆ ਜਾਵੇਗਾ। ਇਹ ਫ਼ੈਸਲਾ ਪਹਿਲੀ ਮਾਰਚ 2026 ਤੋਂ ਲਾਗੂ ਹੋਵੇਗਾ।

ਇਸ ਦਾ ਮਕਸਦ ਪੜ੍ਹਾਈ ਪ੍ਰਤੀ ਵਿਦਿਆਰਥੀਆਂ ਦੀ ਇਕਾਗਰਤਾ ਨੂੰ ਵਧਾਉਣਾ ਦੱਸਿਆ ਗਿਆ ਹੈ। ਇਹ ਬੈਨ ਸਮਾਰਟ ਘੜੀਆਂ, ਟੈਬਲੇਟ ਅਤੇ ਹੈੱਡਫ਼ੋਨਾਂ 'ਤੇ ਵੀ ਲਾਗੂ ਹੋਵੇਗਾ।

ਮਨੋਵਿਗਿਆਨੀ ਦੱਸਦੇ ਹਨ ਕਿ ਸਮਾਰਟ ਫ਼ੋਨ 'ਤੇ ਜਦੋਂ ਬੱਚੇ ਵੱਖ-ਵੱਖ ਤਰ੍ਹਾਂ ਦੀਆਂ ਗੇਮਾਂ ਖੇਡਦੇ ਹਨ, ਤਾਂ ਦਿਮਾਗ਼ ਵਿਚੋਂ ਡੋਪਾਮਾਈਨ ਹਾਰਮੋਨ (ਖ਼ੁਸ਼ੀ ਪੈਦਾ ਕਰਨ ਵਾਲਾ) ਰਲੀਜ਼ ਹੁੰਦਾ ਹੈ। ਨਤੀਜੇ ਵਜੋਂ ਉਹ ਲੰਮਾ ਸਮਾਂ ਗੇਮਾਂ ਖੇਡਣ ਵਿਚ ਰੁੱਝੇ ਰਹਿੰਦੇ ਹਨ ਅਤੇ ਅਸਲ ਜੀਵਨ ਨਾਲੋਂ, ਅਸਲ ਖ਼ੁਸ਼ੀ ਨਾਲੋਂ ਟੁੱਟਦੇ ਜਾਂਦੇ ਹਨ।

ਉਤਰ ਪ੍ਰਦੇਸ਼ ਦੇ ਗਾਜ਼ੀਆਬਾਦ ਵਾਲੀ ਘਟਨਾ ਤੋਂ ਪਹਿਲਾਂ ਭੁਪਾਲ ਦੇ ਇਕ ਲੜਕੇ ਨੇ ਫ਼ੋਨ ਗੇਮਾਂ ਉੱਤੇ ਆਪਣੇ ਆਪ ਨੂੰ ਖ਼ਤਮ ਕਰ ਲਿਆ ਸੀ। ਤਾਮਿਲਨਾਡੂ ਅਤੇ ਦਿੱਲੀ ਵਿਚ ਵੀ ਇਸੇ ਤਰ੍ਹਾਂ ਵਾਪਰਿਆ ਸੀ। ਤੇਲੰਗਾਨਾ ਦੇ ਇਕ 13 ਸਾਲ ਦੇ ਬੱਚੇ ਨੇ ਪੱਬਜੀ ਖੇਡ ਕਾਰਨ ਖ਼ੁਦਕੁਸ਼ੀ ਕੀਤੀ ਸੀ। ਮਾਂ-ਪਿਉ ਉਸ ਨੂੰ ਫ਼ੋਨ 'ਤੇ ਗੇਮਾਂ ਖੇਡਣ ਤੋਂ ਰੋਕਦੇ ਸਨ।

ਹਰਿਆਣਾ, ਗੁਜਰਾਤ ਅਤੇ ਉਤਰਾਖੰਡ ਵਿਚ ਵੀ ਅਜਿਹੀਆਂ ਵਾਰਦਾਤਾਂ ਅਖ਼ਬਾਰ ਦੀਆਂ ਸੁਰਖੀਆਂ ਬਣ ਚੁੱਕੀਆਂ ਹਨ।

ਦੋ ਵੱਡੇ ਸਵਾਲ ਦੁਨੀਆਂ ਸਾਹਮਣੇ ਉੱਭਰ ਆਏ ਹਨ। ਮਾਪੇ ਅਜਿਹੀ ਸਥਿਤੀ ਵਿਚ ਕੀ ਕਰਨ? ਕਿਸ ਤਰ੍ਹਾਂ ਵਿਵਹਾਰ ਕਰਨ ਕਿ ਬੱਚਿਆਂ ਨੂੰ ਅਜਿਹੇ ਕਦਮ ਚੁੱਕਣ ਤੋਂ ਬਚਾਇਆ ਜਾ ਸਕੇ? ਜਾਂ ਸਮਾਂ ਰਹਿੰਦੇ ਸਰਕਾਰਾਂ ਆਸਟ੍ਰੇਲੀਆ, ਸਪੇਨ, ਫਰਾਂਸ, ਗ੍ਰੀਸ ਅਤੇ ਨੌਰਵੇ ਵਰਗੇ ਸਖ਼ਤ ਫ਼ੈਸਲੇ ਕਰਨ?

ਮਾਪਿਆਂ ਨੂੰ ਚੌਕਸ ਰਹਿਣਾ ਹੀ ਪਵੇਗਾ। ਬੱਚਿਆਂ ਦੇ ਬਦਲਦੇ ਸੁਭਾਅ, ਵਿਵਹਾਰ ਅਤੇ ਸਕਰੀਨ ਟਾਈਮ 'ਤੇ ਨਜ਼ਰ ਰੱਖਣੀ ਹੋਵੇਗੀ। ਸਮਾਰਟ ਫ਼ੋਨ 'ਤੇ ਉਹ ਕੀ ਵੇਖਦੇ ਹਨ, ਵਧੇਰੇ ਸਮਾਂ ਕਿੰਝ ਬਿਤਾਉਂਦੇ ਹਨ, ਇਹ ਵੇਖਣਾ ਸਮਝਣਾ ਹੋਵੇਗਾ। ਜੇ ਸੁਭਾਅ ਚਿੜਚੜਾ ਅਤੇ ਗ਼ੁੱਸੇ ਵਾਲਾ ਹੋ ਰਿਹਾ ਹੈ, ਤਾਂ ਉਸ ਨੂੰ ਕਲਪਨਾ ਦੀ ਦੁਨੀਆਂ 'ਚੋਂ ਕੱਢ ਕੇ ਅਸਲ ਜੀਵਨ ਨਾਲ ਜੋੜਨਾ ਹੋਵੇਗਾ। ਡਾਕਟਰ ਜਾਂ ਮਾਹਰ ਦੀ ਮਦਦ ਲੈਣੀ ਪਵੇਗੀ। ਉਸ ਨੂੰ ਖੁੱਲ੍ਹੇ ਅਸਮਾਨ ਹੇਠ ਸਾਥੀਆਂ ਨਾਲ ਰਲ ਕੇ ਖੇਡੀਆਂ ਜਾਣ ਵਾਲੀਆਂ ਖੇਡਾਂ ਨਾਲ ਜੋੜਨਾ ਹੋਵੇਗਾ। ਉਸ ਨਾਲ ਗੱਲਬਾਤ ਕਰਦਿਆਂ ਸਮਾਂ ਬਿਤਾਉਣਾ ਜ਼ਰੂਰੀ ਹੈ। ਅਚਾਨਕ ਪਾਬੰਦੀ ਜਾਂ ਅਚਾਨਕ ਸਖ਼ਤੀ ਨਾਲ ਮਾਮਲਾ ਵਿਗੜ ਸਕਦਾ ਹੈ। ਸਮਾਰਟ ਫ਼ੋਨ ਦਾ ਬਦਲ ਜ਼ਰੂਰੀ ਹੈ। ਬਦਲਵਾਂ ਮਨੋਰੰਜਨ, ਬਦਲਵਾਂ ਮਾਹੌਲ। ਸ਼ੌਕ ਤੇ ਸਿਰਜਣਾਤਮਕ ਰੁਝੇਵੇਂ। ਉਤਸ਼ਾਹ ਤੇ ਹੱਲਾਸ਼ੇਰੀ। ਪ੍ਰਸ਼ੰਸਾ ਤੇ ਪ੍ਰੇਰਨਾ। ਅਜਿਹਾ ਕਰਕੇ ਮਾਪੇ ਕਾਫ਼ੀ ਹੱਦ ਤਕ ਬੱਚਿਆਂ ਦਾ ਸਕਰੀਨ-ਸਮਾਂ ਘਟਾ ਸਕਦੇ ਹਨ।

ਬੀਤੇ ਦਿਨੀਂ ਵਿਦਿਆਰਥੀਆਂ ਨੂੰ ਸੰਬੋਧਨ ਕਰਦਿਆਂ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਕਿਹਾ ਕਿ ਵਿਦਿਆਰਥੀ ਤਕਨੀਕ ਦੇ ਗੁਲਾਮ ਨਾ ਬਣਨ। ਮੈਰੀ ਵੇਅਨਰਚੈਕ ਦਾ ਕਹਿਣਾ ਹੈ ਕਿ ਸੋਸ਼ਲ ਮੀਡੀਆ ਦੀ ਲਤ ਨਸ਼ਿਆਂ ਨਾਲੋਂ ਵੀ ਬੁਰੀ ਹੈ। ਅਜਿਹੇ ਮਾਹੌਲ ਵਿਚ ਬੱਚਿਆਂ ਅਤੇ ਵਿਦਿਆਰਥੀਆਂ ਦੀ ਮਾਨਸਿਕ ਤੰਦਰੁਸਤੀ ਨੂੰ ਲੈ ਕੇ ਚਿੰਤਾਵਾਂ ਵੱਧਦੀਆਂ ਜਾ ਰਹੀਆਂ ਹਨ। ਹਰ ਕੋਈ, ਕੀ ਵੱਡਾ, ਕੀ ਛੋਟਾ, ਸਮਾਰਟ ਫ਼ੋਨ ਦੀ ਸਕਰੀਨ ਵਿਚ ਉਲਝਿਆ ਹੋਇਆ ਹੈ। ਸਮਾਰਟ ਫ਼ੋਨ ਹੁਣ ਕੇਵਲ ਫ਼ੋਨ ਕਰਨ ਅਤੇ ਫ਼ੋਨ ਸੁਣਨ ਲਈ ਹੀ ਨਹੀਂ ਵਰਤਿਆ ਜਾਂਦਾ। ਫ਼ੋਨ ਕਰਨ ਅਤੇ ਫ਼ੋਨ ਸੁਣਨ ਵਿਚ ਤਾਂ ਸ਼ਾਇਦ ਦਿਨ ਦੇ ਦਸ ਮਿੰਟ ਹੀ ਲੱਗਦੇ ਹੋਣਗੇ। ਪਰ ਅੰਕੜੇ ਦੱਸਦੇ ਹਨ ਕਿ ਬੱਚੇ ਅਤੇ ਆਮ ਇਨਸਾਨ ਸਮਾਰਟ ਫ਼ੋਨ ਦੇ ਸਕਰੀਨ 'ਤੇ ਦਿਨ ਦੇ ਚਾਰ-ਪੰਜ ਘੰਟੇ ਬਤੀਤ ਕਰ ਰਹੇ ਹਨ।

ਸਮਾਰਟ ਫ਼ੋਨ ਦੀ ਲੱਤ ਨੂੰ ਵੇਖਦੇ ਹੋਏ ਮੋਗਾ ਦੇ ਪਿੰਡ ਘੋਲ਼ੀਆ ਖੁਰਦ ਵਿਖੇ ਇਕ ਦਿਲਚਸਪ ਮੁਕਾਬਲਾ ਕਰਵਾਇਆ ਗਿਆ ਤੇ ਜੇਤੂਆਂ ਨੂੰ ਸਾਈਕਲ ਅਤੇ ਪੈਸੇ ਇਨਾਮ ਵਜੋਂ ਵੰਡੇ ਗਏ। ਮੁਕਾਬਲੇ ਦਾ ਸਿਰਲੇਖ ਸੀ 'ਬਿਨਾਂ ਫ਼ੋਨ ਤੋਂ ਵਿਹਲੇ ਬੈਠਣ ਦਾ ਮੁਕਾਬਲਾ'। ਕੋਈ ਸਮਾਂ-ਸੀਮਾ ਨਹੀਂ ਰੱਖੀ ਗਈ ਸੀ। ਇਸ ਮੁਕਾਬਲੇ ਵਿਚ 55 ਜਣਿਆਂ ਨੇ ਹਿੱਸਾ ਲਿਆ। ਕੁਝ ਸਖ਼ਤ ਸ਼ਰਤਾਂ ਸਨ। ਸਮਾਰਟ ਫ਼ੋਨ ਦੀ ਲਤ ਨੂੰ ਘਟਾਉਣ ਲਈ, ਇਸ ਪ੍ਰਤੀ ਲੋਕਾਂ ਦਾ ਧਿਆਨ ਆਕਰਸ਼ਿਤ ਕਰਨ ਲਈ ਵਿਹਲੇ ਬੈਠਣਾ ਸੀ। ਸਮਾਰਟ ਫ਼ੋਨ ਦੀ ਵਰਤੋਂ ਨਹੀਂ ਕਰਨੀ ਸੀ। ਸੌਣਾ ਨਹੀਂ ਸੀ, ਇਧਰ ਉਧਰ ਨਹੀਂ ਜਾਣਾ ਸੀ। ਇਸ ਮੁਕਾਬਲੇ ਵਿਚ ਕਈ ਜਣੇ ਕਾਮਯਾਬ ਹੋਏ ਅਤੇ ਲਗਾਤਾਰ 31 ਘੰਟੇ ਸਮਾਰਟ ਫ਼ੋਨ ਤੋਂ ਦੂਰ ਰਹੇ। ਇਸ ਸਮੇਂ ਦੌਰਾਨ ਉਹ ਕਿਤਾਬਾਂ ਪੜ੍ਹਦੇ ਰਹੇ, ਮੈਡੀਟੇਸ਼ਨ ਕਰਦੇ ਰਹੇ।

ਅਜਿਹੇ ਮੁਕਾਬਲੇ ਵੱਖ-ਵੱਖ ਪਿੰਡਾਂ, ਸ਼ਹਿਰਾਂ ਵਿਚ ਹੁੰਦੇ ਰਹਿਣੇ ਚਾਹੀਦੇ ਹਨ। ਇਸ ਲਈ ਗ਼ੈਰ-ਸਰਕਾਰੀ ਸੰਸਥਾਵਾਂ ਨੂੰ ਅੱਗੇ ਆਉਣਾ ਚਾਹੀਦਾ ਹੈ। ਭਾਵੇਂ ਇਹ ਅੱਜ ਸਥਾਨਕ ਸਮੱਸਿਆ ਨਹੀਂ ਰਹੀ, ਵਿਸ਼ਵ ਵਿਆਪੀ ਵਰਤਾਰਾ ਬਣ ਚੁੱਕਾ ਹੈ। ਇਕ ਅਨੁਮਾਨ ਅਨੁਸਾਰ ਦੁਨੀਆਂ ਵਿਚ 30-40 ਪ੍ਰਤੀਸ਼ਤ ਸਿਆਣੀ ਉਮਰ ਦੇ, 20-22 ਪ੍ਰਤੀਸ਼ਤ ਔਰਤਾਂ, 50 ਪ੍ਰਤੀਸ਼ਤ ਨੌਜਵਾਨਾਂ ਅਤੇ 70 ਪ੍ਰਤੀਸ਼ਤ ਕੁੱਲ ਲੋਕਾਂ ਵਿਚ ਸਮਾਰਟ ਫ਼ੋਨ ਦੀ ਵਰਤੋਂ ਦੇ ਦੁਰਪ੍ਰਭਾਵ ਨਜ਼ਰ ਆਉਣ ਲੱਗੇ ਹਨ। ਇਹ ਅਜਿਹੇ ਲੋਕ ਹਨ, ਜਿਨ੍ਹਾਂ ਨੂੰ ਫ਼ੋਨ ਤੋਂ ਬਿਨਾਂ ਡਰ ਲੱਗਣ ਲੱਗਦਾ ਹੈ। ਘਬਰਾਹਟ ਹੋਣ ਲੱਗਦੀ ਹੈ।

ਤਾਜ਼ਾ ਅੰਕੜਿਆਂ ਅਨੁਸਾਰ 60 ਪ੍ਰਤੀਸ਼ਤ ਤੋਂ ਵਧੇਰੇ ਬੱਚੇ, ਜਿਨ੍ਹਾਂ ਦੀ ਉਮਰ 5 ਤੋਂ 16 ਸਾਲ ਦਰਮਿਆਨ ਹੈ, ਨੂੰ ਸਮਾਰਟ ਫ਼ੋਨ ਦੀ ਲਤ ਲੱਗ ਚੁੱਕੀ ਹੈ।



11-14 ਸਾਲ ਦੇ 91 ਪ੍ਰਤੀਸ਼ਤ ਬੱਚਿਆਂ ਕੋਲ ਫ਼ੋਨ ਅਤੇ ਇੰਟਰਨੈੱਟ ਦੀ ਸਹੂਲਤ ਹੈ। ਇਸ ਉਮਰ ਵਰਗ ਦੇ ਬੱਚੇ ਰੋਜ਼ਾਨਾ 4 ਤੋਂ 6 ਘੰਟੇ ਸਮਾਰਟ ਫ਼ੋਨ ਦੀ ਵਰਤੋਂ ਕਰਦੇ ਹਨ।

ਭਾਰਤ ਵਿਚ 64 ਪ੍ਰਤੀਸ਼ਤ ਬੱਚਿਆਂ ਨੂੰ ਸਮਾਰਟ ਫ਼ੋਨ ਦੀ ਲਤ ਲੱਗ ਚੁੱਕੀ ਹੈ ਅਤੇ ਇਹ ਔਸਤਨ 4-5 ਘੰਟੇ ਫ਼ੋਨ 'ਤੇ ਰੁੱਝੇ ਰਹਿੰਦੇ ਹਨ। ਬਹੁਤੇ ਮੁਲਕਾਂ ਵਿਚ ਇਹ ਪ੍ਰਤੀਸ਼ਤ ਭਾਰਤ ਨਾਲੋਂ ਕਾਫ਼ੀ ਘੱਟ ਹੈ।

ਮਾਹਰ ਮੰਨਦੇ ਹਨ ਕਿ 13 ਸਾਲ ਦੀ ਉਮਰ ਤੋਂ ਪਹਿਲਾਂ ਸਮਾਰਟ ਫ਼ੋਨ ਦੀ ਵਰਤੋਂ ਵਧੇਰੇ ਨੁਕਸਾਨਦਾਇਕ ਹੈ। ਇਸ ਨਾਲ ਅਨੇਕਾਂ ਤਰ੍ਹਾਂ ਦੀਆਂ ਮਾਨਸਿਕ ਸਮੱਸਿਆਵਾਂ ਪੈਦਾ ਹੋਣ ਦੀ ਸੰਭਾਵਨਾ ਰਹਿੰਦੀ ਹੈ। ਉਪਰੋਕਤ ਵਰਗਾਂ ਦੇ ਬੱਚਿਆਂ ਵਿਚੋਂ ਵਧੇਰੇ ਸਮਾਰਟ ਫ਼ੋਨ 'ਤੇ ਗੇਮਾਂ ਖੇਡਣ ਨੂੰ ਤਰਜੀਹ ਦਿੰਦੇ ਹਨ।

ਵੇਖਣ ਵਿਚ ਆਇਆ ਹੈ ਕਿ ਅਜਿਹੇ ਬੱਚੇ ਚਿੰਤਾ, ਡਰ ਅਤੇ ਉਦਾਸੀ ਦਾ ਸ਼ਿਕਾਰ ਹੁੰਦੇ ਹਨ। ਚਾਲੀ ਪ੍ਰਤੀਸ਼ਤ ਨੂੰ ਵੱਖ-ਵੱਖ ਤਰ੍ਹਾਂ ਦੀਆਂ ਸਰੀਰਕ ਸਮੱਸਿਆਵਾਂ ਦਾ ਸਾਹਮਣਾ ਕਰਨਾ ਪੈਂਦਾ ਹੈ। ਬਾਹਠ ਪ੍ਰਤੀਸ਼ਤ ਨੂੰ ਗੂੜ੍ਹੀ ਨੀਂਦ ਲੈਣ ਵਿਚ ਦਿੱਕਤ ਆਉਣ ਲੱਗਦੀ ਹੈ। ਚਾਲੀ ਪ੍ਰਤੀਸ਼ਤ ਅੱਖਾਂ ਦੀਆਂ ਪ੍ਰੇਸ਼ਾਨੀਆਂ ਵਿਚ ਘਿਰ ਜਾਂਦੇ ਹਨ ਅਤੇ ਏਨੇ ਹੀ ਗਰਦਨ ਅਤੇ ਮੋਢਿਆਂ ਦੇ ਦਰਦ ਕਾਰਨ ਪ੍ਰੇਸ਼ਾਨ ਰਹਿੰਦੇ ਹਨ।

67 ਪ੍ਰਤੀਸ਼ਤ ਅਧਿਆਪਕਾਂ ਦਾ ਮੰਨਣਾ ਹੈ ਕਿ ਸਮਾਰਟ ਫ਼ੋਨ ਦੀ ਵਜ੍ਹਾ ਕਰਕੇ ਵਧੇਰੇ ਬੱਚਿਆਂ ਦੀ ਕਲਾਸ ਰੂਮ ਅਤੇ ਇਮਤਿਹਾਨਾਂ ਵਿਚ ਕਾਰਗੁਜ਼ਾਰੀ ਪ੍ਰਭਾਵਿਤ ਹੋ ਰਹੀ ਹੈ।

ਜੇਕਰ ਅਸੀਂ ਚਾਹੁੰਦੇ ਹਾਂ ਕਿ ਬੱਚਿਆਂ ਦਾ ਭਵਿੱਖ ਸੁਰੱਖਿਅਤ ਰਹੇ, ਜੇਕਰ ਅਸੀਂ ਚਾਹੁੰਦੇ ਹਾਂ ਕਿ ਉਹ ਮਾਨਸਿਕ ਤੌਰ 'ਤੇ ਤੰਦਰੁਸਤ ਰਹਿਣ, ਜੇਕਰ ਅਸੀਂ ਚਾਹੁੰਦੇ ਹਾਂ ਕਿ ਉਨ੍ਹਾਂ ਦੀ ਸ਼ਖ਼ਸੀਅਤ ਉਸਾਰੀ ਸੰਤੁਲਿਤ ਢੰਗ ਨਾਲ ਹੋਵੇ, ਜੇਕਰ ਅਸੀਂ ਚਾਹੁੰਦੇ ਹਾਂ ਕਿ ਉਹ ਕੋਈ ਅਣਕਿਆਸਿਆ ਖ਼ਤਰਨਾਕ ਕਦਮ ਨਾ ਚੁੱਕਣ, ਤਾਂ ਉਨ੍ਹਾਂ ਨੂੰ ਸਮਾਰਟ ਫ਼ੋਨ ਵੱਲੋਂ ਵਰਜ ਕੇ ਸਿਰਜਣਾਤਮਿਕ ਸਰਗਰਮੀਆਂ ਨਾਲ ਜੋੜਨਾ ਹੋਵੇਗਾ।

11 ਫਰਵਰੀ 2026 ਦੀਆਂ ਅਖ਼ਬਾਰਾਂ ਵਿਚ ਪ੍ਰਕਾਸ਼ਿਤ ਇਕ ਚਿੰਤਾਜਨਕ ਰਿਪੋਰਟ ਵਿਚ ਦਾਅਵਾ ਕੀਤਾ ਗਿਆ ਹੈ ਕਿ ਇੰਟਰਨੈੱਟ ਮੀਡੀਆ ਪਲੇਟਫਾਰਮਾਂ ਨੇ ਅਜਿਹੇ ਐਲਗੋਰਿਦਮ ਅਤੇ ਫੀਚਰ ਤਿਆਰ ਕਰ ਰੱਖੇ ਹਨ, ਜਿਹੜੇ ਬੱਚਿਆਂ ਨੂੰ ਟਾਰਗੈਟ ਕਰਦੇ ਹਨ। ਰਿਪੋਰਟ ਵਿਚ ਇੰਟਰਨੈੱਟ ਮੀਡੀਆ ਪਲੇਟਫਾਰਮਾਂ ਦਾ ਮੁਕਾਬਲਾ ਕੈਸੀਨੋ ਅਤੇ ਨਸ਼ੀਲੀਆਂ ਦਵਾਈਆਂ ਨਾਲ ਕੀਤਾ ਗਿਆ ਹੈ। ਕਿਹਾ ਗਿਆ ਹੈ ਕਿ ਇਹ ਕੰਪਨੀਆਂ ਬੱਚਿਆਂ ਨੂੰ ਆਪਣੇ ਉਤਪਾਦਾਂ ਦੀ ਲਤ ਲਾਉਣ ਵਾਲੇ ਡਿਜ਼ਾਈਨ ਜਾਣਬੁੱਝ ਕੇ ਤਿਆਰ ਕਰਦੀਆਂ ਹਨ। ਇਹ ਡਿਜ਼ਾਈਨ ਪੂਰੀ ਰੀਸਰਚ ਬਾਅਦ ਤਿਆਰ ਕੀਤੇ ਜਾਂਦੇ ਹਨ।

ਰਿਪੋਰਟ ਦੇ ਅਖ਼ੀਰ ਵਿਚ ਦਾਅਵਾ ਕੀਤਾ ਗਿਆ ਹੈ ਕਿ ਸਮਾਰਟ ਫ਼ੋਨ ਅਤੇ ਸੋਸ਼ਲ ਮੀਡੀਆ ਕਾਰਨ ਬੱਚਿਆਂ ਨੂੰ ਵੱਡੇ ਰੋਗ ਲੱਗ ਰਹੇ ਹਨ। ਜਿਹੜੇ ਬੱਚੇ ਘੱਟ ਉਮਰ ਵਿਚ ਇਨ੍ਹਾਂ ਪਲੇਟਫਾਰਮਾਂ ਨਾਲ ਜੁੜਦੇ ਹਨ, ਉਨ੍ਹਾਂ ਦੇ ਦਿਮਾਗ਼ ਅਤੇ ਸਿਹਤ 'ਤੇ ਮੁਕਾਬਲਤਨ ਵਧੇਰੇ ਉਲਟਾ ਅਸਰ ਪੈਂਦਾ ਹੈ। ਦੁਨੀਆਂ ਦੇ ਵੱਖ-ਵੱਖ ਦੇਸ਼ਾਂ ਵਿਚ ਇਨ੍ਹਾਂ ਇੰਟਰਨੈੱਟ ਮੀਡੀਆ ਪਲੇਟਫਾਰਮਾਂ ਵਿਰੁੱਧ ਅਨੇਕਾਂ ਮੁਕੱਦਮੇ ਚੱਲ ਰਹੇ ਹਨ। ਲਾਸ ਏਂਜਲਸ ਦੇ ਵਕੀਲ ਮਾਰਕ ਲੈਨੀਅਰ ਨੇ ਅਦਾਲਤ 'ਚ ਇਨ੍ਹਾਂ ਪਲੇਟਫਾਰਮਾਂ ਦੇ ਅੰਦਰੂਨੀ ਦਸਤਾਵੇਜ਼ਾਂ ਦੇ ਆਧਾਰ 'ਤੇ ਕਰਮਚਾਰੀਆਂ ਦਰਮਿਆਨ ਹੋਏ ਅੰਦਰੂਨੀ ਸੰਚਾਰ ਦਾ ਜ਼ਿਕਰ ਕੀਤਾ, ਜਿਸ ਵਿਚ ਕਰਮਚਾਰੀ ਕਹਿ ਰਹੇ ਹਨ, 'ਸਾਡਾ ਪਲੇਟਫਾਰਮ ਇਕ ਡਰੱਗ ਵਾਂਗ ਹੈ' ਅਤੇ ਇਸ ਦੀ ਲਤ ਲੱਗਣ 'ਤੇ ਡਰੱਗ ਵਾਂਗ ਹੀ ਦਿਮਾਗ਼ 'ਤੇ ਅਸਰ ਹੁੰਦਾ ਹੈ।

# ਪੁਸਤਕ ਸਮੀਖਿਆ




**ਪੁਸਤਕ- ਪਲਾਸਟਿਕ ਦਾ ਡੱਡੂ**
**ਲੇਖਕ: ਹਰੀ ਕ੍ਰਿਸ਼ਨ ਮਾਇਰ**
**ਪ੍ਰਕਾਸ਼ਕ: ਗੋਰਕੀ ਪ੍ਰਕਾਸ਼ਨ ਲੁਧਿਆਣਾ,**
**ਪੰਨੇ: 64,**
**ਮੁੱਲ: 200 ਰੁਪਏ**

**ਬਲਜਿੰਦਰ ਮਾਨ**
ਸੰਪਾਦਕ ਨਿੱਕੀਆਂ ਕਰੂੰਬਲਾਂ
ਮਾਹਿਲਪੁਰ (ਹੁਸ਼ਿਆਰਪੁਰ)
98150-18947
ਪੰਜਾਬ ਮੇਲUSA



ਬਾਲ ਸਾਹਿਤ ਦੇ ਖੇਤਰ ਵਿਚ ਸਿਰਜੀਆਂ ਜਾ ਰਹੀਆਂ ਕਹਾਣੀਆਂ ਨੂੰ ਜਦੋਂ ਅਸੀਂ ਗੰਭੀਰ ਹੋ ਕੇ ਪੜ੍ਹਦੇ ਹਾਂ, ਤਾਂ ਵਿਗਿਆਨਕ ਕਹਾਣੀਆਂ ਦੀ ਹਮੇਸ਼ਾ ਘਾਟ ਦਿਖਾਈ ਦਿੰਦੀ ਹੈ। ਇਸ ਖੇਤਰ ਵਿਚ ਨਰੋਆ ਕਾਰਜ ਕਰਨ ਵਾਲੇ ਲੇਖਕ ਉਂਗਲਾਂ 'ਤੇ ਗਿਣਨ ਜੋਗੇ ਵੀ ਨਹੀਂ ਹਨ। ਵਿਗਿਆਨਿਕ ਰਚਨਾਵਾਂ ਰਚਨਾ ਵਾਲਿਆਂ ਵਿਚ ਪ੍ਰਿੰ. ਹਰੀ ਕ੍ਰਿਸ਼ਨ ਮਾਇਰ ਦਾ ਨਾਂ ਸਭ ਤੋਂ ਅੱਗੇ ਆ ਜਾਂਦਾ ਹੈ। ਤਿੰਨ ਦਹਾਕੇ ਪਹਿਲਾਂ ਡਾ. ਡੀ.ਪੀ. ਸਿੰਘ, ਡਾ. ਧਰਮਪਾਲ ਸਾਹਿਲ ਹੋਰਾਂ ਇਸ ਖੇਤਰ ਵਿਚ ਆਪਣਾ ਸ਼ਾਨਦਾਰ ਯੋਗਦਾਨ ਪਾਉਣਾ ਆਰੰਭ ਕੀਤਾ ਸੀ। ਡਾ. ਸੋਨੀਆ ਚਹਿਲ ਅਤੇ ਅਮਨਦੀਪ ਸਿੰਘ ਨੌਰਾ ਦਾ ਵੀ ਉਨ੍ਹਾਂ ਨਾਲ ਜ਼ਿਕਰ ਹੋਣਾ ਆਰੰਭ ਹੋਇਆ ਹੈ। ਪ੍ਰਿੰ. ਹਰੀ ਕ੍ਰਿਸ਼ਨ ਮਾਇਰ ਇੱਕ ਦਰਜਨ ਤੋਂ ਵੱਧ ਬਾਲ ਸਾਹਿਤ ਦੀਆਂ ਪੁਸਤਕਾਂ ਦੀ ਸਿਰਜਣਾ ਕਰਕੇ ਆਪਣਾ ਸ਼ਾਨਦਾਰ ਮੁਕਾਮ ਸਿਰਜ ਚੁੱਕੇ ਹਨ। ਇਨ੍ਹਾਂ ਵਿਚ ਬਾਲ ਕਹਾਣੀਆਂ ਅਤੇ ਵਿਗਿਆਨੀਆਂ ਦੀਆਂ ਜੀਵਨੀਆਂ ਵੀ ਸ਼ਾਮਲ ਹਨ। ਇਸ ਪ੍ਰਕਾਰ ਉਹ ਸਮਾਜ ਵਿਚ ਵਿਗਿਆਨਿਕ ਸੋਚ ਨੂੰ ਪ੍ਰਚਲਿਤ ਕਰਨ ਵਿਚ ਆਪਣਾ ਸ਼ਾਨਦਾਰ ਯੋਗਦਾਨ ਪਾ ਰਹੇ ਹਨ। ਹਥਲੇ ਕਹਾਣੀ ਸੰਗ੍ਰਹਿ 'ਪਲਾਸਟਿਕ ਦਾ ਡੱਡੂ' ਨੂੰ ਪੜ੍ਹਦਿਆਂ ਇੰਝ ਮਹਿਸੂਸ ਹੁੰਦਾ ਹੈ ਕਿ ਅਸੀਂ 21ਵੀਂ ਸਦੀ ਦੇ ਤੀਜੇ ਦਹਾਕੇ ਵਿਚ ਪੁੱਜ ਕੇ ਵੀ ਵਹਿਮਾਂ-ਭਰਮਾਂ ਤੋਂ ਛੁਟਕਾਰਾ ਨਹੀਂ ਪਾ ਸਕੇ। ਸਮਾਜ ਨੂੰ ਵਿਗਿਆਨਿਕ ਦ੍ਰਿਸ਼ਟੀ ਤੋਂ ਨਵਾਂ ਤੇ ਨਰੋਆ ਨਜ਼ਰੀਆ ਪ੍ਰਦਾਨ ਕਰਨ ਵਾਲੀ ਇਹ ਪੁਸਤਕ ਹਰ ਬਾਲ ਪਾਠਕ ਲਈ ਜਿੱਥੇ ਸਿੱਖਿਆਦਾਇਕ ਹੈ, ਉੱਥੇ ਪ੍ਰੇਰਨਾਦਾਇਕ ਵੀ ਹੈ। ਕਿਉਂਕਿ ਸਾਨੂੰ ਕੁਦਰਤ ਵੱਲੋਂ ਬਖਸ਼ੀਆਂ ਨਿਆਮਤਾਂ ਨੂੰ ਸਹੀ ਢੰਗ ਨਾਲ ਪ੍ਰਯੋਗ ਕਰਨ ਦੀ ਮੱਤ ਆਉਣੀ ਚਾਹੀਦੀ ਹੈ। ਇਹ ਪੁਸਤਕ ਮੱਤਾਂ ਤਾਂ ਦਿੰਦੀ ਹੈ ਪਰ ਉਪਦੇਸ਼ਾਤਮਕ ਨਹੀਂ ਬਣਦੀ, ਸਗੋਂ ਬਾਲ ਪਾਠਕ ਕਹਾਣੀਆਂ ਪੜ੍ਹਦੇ-ਪੜ੍ਹਦੇ ਹੀ ਆਪਣੇ ਅੰਦਰ ਝਾਤੀ ਮਾਰਨ ਲਈ ਤਿਆਰ ਹੋ ਜਾਂਦੇ ਹਨ। ਉਹ ਇੰਜ ਮਹਿਸੂਸ ਕਰਦੇ ਹਨ ਕਿ ਹੋਣਾ ਕੀ ਚਾਹੀਦਾ ਹੈ ਤੇ ਅਸੀਂ ਕਰ ਕੀ ਰਹੇ ਹਾਂ?

ਕਹਾਣੀਕਾਰ ਨੇ ਇਨ੍ਹਾਂ ਕਹਾਣੀਆਂ ਦੀ ਬਣਤਰ ਤੇ ਬੁਣਤਰ ਨੂੰ ਨਵੀਂ ਰੰਗਤ ਪ੍ਰਦਾਨ ਕਰਨ ਦੀ ਪੂਰੀ ਕੋਸ਼ਿਸ਼ ਕੀਤੀ ਹੈ, ਤਾਂ ਕਿ ਤਕਨੀਕੀ ਯੁਗ ਦੇ ਹਾਣੀ ਬੱਚੇ ਇਨ੍ਹਾਂ ਤੋਂ ਲਾਭ ਉਠਾ ਸਕਣ। ਗੁਰੂ ਸਾਹਿਬਾਨ ਅਤੇ ਮਹਾਂਪੁਰਸ਼ਾਂ ਨੇ ਸੈਂਕੜੇ ਸਾਲ ਪਹਿਲਾਂ ਊਚ-ਨੀਚ, ਜਾਤ-ਪਾਤ ਅਤੇ ਸਭ ਵਿਤਕਿਰਿਆਂ ਨੂੰ ਖਤਮ ਕੀਤਾ ਸੀ। ਪ੍ਰੰਤੂ ਅੱਜ ਵੀ ਅਸੀਂ ਵਰਗਾਂ, ਜਾਤਾਂ, ਧਰਮਾਂ ਵਿਚ ਵੰਡੇ ਹੋਏ ਹਾਂ। ਪੁਸਤਕ ਵਿਚ ਸ਼ਾਮਲ ਕਹਾਣੀਆਂ ਸਾਨੂੰ ਇਨਸਾਨੀਅਤ ਦਾ ਪਾਠ ਪੜ੍ਹਾਉਂਦੀਆਂ ਹੋਈਆਂ ਕੁਦਰਤ ਦੇ ਵਰਤਾਰੇ ਵਿਚ ਖਲਲ ਨਾ ਪਾਉਣ ਦਾ ਸੁਨੇਹਾ ਦਿੰਦੀਆਂ ਹਨ। ਕਹਾਣੀਕਾਰ ਨੂੰ ਚਿੰਤਾ ਹੈ ਕਿ ਮਨੁੱਖ ਵਿਚੋਂ ਮਨੁੱਖਤਾ ਖਤਮ ਹੋ ਰਹੀ ਹੈ, ਜਿਸ ਕਾਰਨ ਉਹ ਕੁਦਰਤੀ ਜੀਵਾਂ ਪ੍ਰਤੀ ਦਇਆ ਕਰਨ ਦੀ ਬਜਾਏ ਜ਼ੁਲਮ ਕਰ ਰਿਹਾ ਹੈ। ਉਹ ਇਹ ਨਹੀਂ ਜਾਣਦਾ ਕਿ ਪਾਣੀ ਗੰਧਲਾ ਹੋਣ ਨਾਲ ਪਾਣੀ ਅੰਦਰ ਰਹਿਣ ਵਾਲੇ ਜੀਵ ਖਤਮ ਹੋ ਰਹੇ ਹਨ ਅਤੇ ਵਾਤਾਵਰਣ ਗੰਧਲਾ ਹੋਣ ਨਾਲ ਅਸੀਂ ਸਾਰੇ ਹੀ ਦੁੱਖਾਂ ਦੀ ਹਨੇਰ ਕੋਠੜੀ ਵਿਚ ਜਾ ਰਹੇ ਹਾਂ। ਮਨੁੱਖ ਬਨਾਉਟੀ ਪੰਛੀ ਅਤੇ ਜਾਨਵਰ ਆਪਣੇ ਘਰਾਂ ਵਿਚ ਰੱਖ ਰਹੇ ਹਨ। ਜਦਕਿ ਜਿਉਂਦੇ ਜਾਗਦੇ ਜੀਵਾਂ 'ਤੇ ਅੱਤਿਆਚਾਰ ਕਰ ਰਹੇ ਹਨ। ਪੁਸਤਕ ਵਿਚ ਦਰਜ ਵੀਹ ਕਹਾਣੀਆ ਪਾਠਕਾਂ ਦੀ ਕਿਰਤ ਅਤੇ ਕਿਰਦਾਰ ਨੂੰ ਉੱਚੀਆਂ ਦਿਸ਼ਾਵਾਂ ਵੱਲ ਤੋਰਦੀਆਂ ਹਨ। ਪੁਸਤਕ ਦੀ ਰੌਚਕ ਸ਼ੈਲੀ ਅਤੇ ਨਾਟਕੀ ਤੱਤ ਹਰ ਕਿਸੇ ਨੂੰ ਪ੍ਰਭਾਵਿਤ ਕਰਦੇ ਹਨ। ਮਾਨਵੀ ਸੋਚ ਦਾ ਪ੍ਰਚਾਰ ਅਤੇ ਪ੍ਰਸਾਰ ਸ਼ਾਨਦਾਰ ਸਲੀਕੇ ਨਾਲ ਕੀਤਾ ਗਿਆ ਹੈ। ਆਤਮ ਵਿਸ਼ਵਾਸ ਅਤੇ ਦ੍ਰਿੜ੍ਹ ਨਿਸ਼ਚੇ ਨਾਲ ਹੀ ਜਿੱਤਾਂ ਜਿੱਤੀਆਂ ਜਾ ਸਕਦੀਆਂ ਹਨ। ਪੰਜਾਬੀ ਸਾਹਿਤ ਦੀ ਪਹਿਲੀ ਡਾਕਟਰ ਬੀਬੀ ਰਮਾ ਰਤਨ ਇਸ ਪੁਸਤਕ ਬਾਰੇ ਆਪਣੇ ਵਿਚਾਰ ਇੰਜ ਪ੍ਰਗਟ ਕਰਦੇ ਹਨ- 'ਮਾਇਰ ਜੀ ਨੇ ਬਾਲਾਂ ਦਾ ਹਾਣੀ ਬਣ ਕੇ ਬਾਲਾਂ ਦੀ ਸੰਵਾਦ ਸ਼ੈਲੀ ਵਿਚ ਹੀ ਅਹਿਸਾਸਾਂ ਨੂੰ ਇਸ ਤਰ੍ਹਾਂ ਬੁਣਿਆ ਹੈ ਕਿ ਬੱਚੇ ਸਹਿਜੇ ਹੀ ਪਾਤਰਾਂ ਨਾਲ ਆਤਮਸਾਤ ਕਰਨ ਲੱਗ ਜਾਂਦੇ ਹਨ'। ਅਧਿਆਪਕਾਂ ਅਤੇ ਮਾਪਿਆਂ ਨੂੰ ਚਾਹੀਦਾ ਹੈ ਕਿ ਉਹ ਬੱਚਿਆਂ ਨੂੰ ਸਮਿਆਂ ਦੇ ਹਾਣੀ ਬਣਾਉਣ ਵਾਸਤੇ ਇਹ ਪੁਸਤਕ ਪੜ੍ਹਨ ਲਈ ਪ੍ਰੇਰਿਤ

# ਧਰਤੀ ਦੇ ਹੌਲੀ ਘੁੰਮਣ ਕਾਰਨ ਵਾਯੂਮੰਡਲ ਵਿਚ ਆਕਸੀਜਨ ਦਾ ਵਾਧਾ ਹੋ ਸਕਦਾ ਹੈ

**ਡਾ. ਵਿਜੈ ਗਰਗ**
ਸੇਵਾਮੁਕਤ ਪ੍ਰਿੰਸੀਪਲ ਕਾਲਮਨਵੀਸ, ਉੱਘੇ ਸਿੱਖਿਆ ਸ਼ਾਸਤਰੀ ਗਲੀ ਕੌਰ ਚੰਦ ਐੱਮ.ਐੱਚ.ਆਰ. ਮਲੋਟ ਪੰਜਾਬ
ਪੰਜਾਬ ਮੇਲUSA








ਹਾਲੀਆ ਖੋਜ ਧਰਤੀ ਦੇ ਹੌਲੀ ਘੁੰਮਣ ਅਤੇ ਸਾਡੇ ਵਾਯੂਮੰਡਲ ਵਿਚ ਆਕਸੀਜਨ ਦੇ ਵਧਣ ਵਿਚਕਾਰ ਇੱਕ ਸਬੰਧ ਸੁਝਾਉਂਦੀ ਹੈ, ਖਾਸ ਕਰਕੇ ਮਹਾਨ ਆਕਸੀਕਰਨ ਘਟਨਾ ਅਤੇ ਨਿਓਪ੍ਰੋਟੇਰੋਜ਼ੋਇਕ ਆਕਸੀਜਨੇਸ਼ਨ ਘਟਨਾ ਦੌਰਾਨ। ਇਹ ਸਿਧਾਂਤ ਪ੍ਰਸਤਾਵਿਤ ਕਰਦਾ ਹੈ ਕਿ ਜਿਵੇਂ-ਜਿਵੇਂ ਦਿਨ-ਰਾਤ ਚੱਕਰ ਲੰਬਾ ਹੁੰਦਾ ਗਿਆ, ਇਸਨੇ ਆਕਸੀਜਨ ਪੈਦਾ ਕਰਨ ਵਾਲੇ ਰੋਗਾਣੂਆਂ ਲਈ ਵਧੇਰੇ ਅਨੁਕੂਲ ਸਥਿਤੀਆਂ ਪੈਦਾ ਕੀਤੀਆਂ। ਲਿੰਕ ਦੇ ਪਿੱਛੇ ਦੀ ਵਿਧੀ ਧਰਤੀ ਦੇ ਘੁੰਮਣ ਅਤੇ ਆਕਸੀਜਨ ਦੇ ਪੱਧਰਾਂ ਵਿਚਕਾਰ ਸਬੰਧ ਸਾਇਨੋਬੈਕਟੀਰੀਆ 'ਤੇ ਕੇਂਦਰਿਤ ਹੈ, ਜੋ ਕਿ ਪ੍ਰਕਾਸ਼ ਸੰਸ਼ਲੇਸ਼ਣ ਰਾਹੀਂ ਸ਼ੁਰੂਆਤੀ ਧਰਤੀ 'ਤੇ ਆਕਸੀਜਨ ਦੇ ਮੁੱਖ ਉਤਪਾਦਕ ਸਨ। ਇਸ ਵਿਧੀ ਦੇ ਮੁੱਖ ਪਹਿਲੂ ਹਨ:

**ਲੰਬੇ "ਆਕਸੀਜਨ ਵਿੰਡੋਜ਼":** ਸਾਇਨੋਬੈਕਟੀਰੀਆ ਵਿਚ ਸੂਰਜ ਚੜ੍ਹਨ ਤੋਂ ਬਾਅਦ "ਗਰਮ-ਅੱਪ" ਦਾ ਸਮਾਂ ਹੁੰਦਾ ਹੈ, ਇਸ ਤੋਂ ਪਹਿਲਾਂ ਕਿ ਉਹ ਕੁਸ਼ਲਤਾ ਨਾਲ ਆਕਸੀਜਨ ਪੈਦਾ ਕਰਨਾ ਸ਼ੁਰੂ ਕਰ ਸਕਣ। ਤੇਜ਼ ਘੁੰਮਦੀ, ਸ਼ੁਰੂਆਤੀ ਧਰਤੀ 'ਤੇ ਛੋਟੇ ਦਿਨਾਂ ਦੇ ਨਾਲ, ਉਤਪਾਦਨ ਵਿਚ ਇਸ ਪਛੜਨ ਦਾ ਮਤਲਬ ਸੀ ਕਿ ਕੁੱਲ ਆਕਸੀਜਨ ਘੱਟ ਨਿਕਲੀ। ਜਿਵੇਂ-ਜਿਵੇਂ ਧਰਤੀ ਦਾ ਘੁੰਮਣਾ ਹੌਲੀ ਹੁੰਦਾ ਗਿਆ, ਦਿਨ ਲੰਬੇ ਹੁੰਦੇ ਗਏ, ਇਨ੍ਹਾਂ ਰੋਗਾਣੂਆਂ ਨੂੰ ਪ੍ਰਕਾਸ਼ ਸੰਸ਼ਲੇਸ਼ਣ ਕਰਨ ਅਤੇ ਹੋਰ ਆਕਸੀਜਨ ਛੱਡਣ ਲਈ ਸੂਰਜ ਦੀ ਰੌਸ਼ਨੀ ਦੀ ਇੱਕ ਵਿਸਤ੍ਰਿਤ ਖਿੜਕੀ ਮਿਲਦੀ ਹੈ।

**ਹੋਰ ਰੋਗਾਣੂਆਂ ਨਾਲ ਮੁਕਾਬਲਾ:** ਸ਼ੁਰੂਆਤੀ ਸੂਖਮ ਜੀਵਾਣੂਆਂ ਦੇ ਸੰਘਣੇ, ਪਰਤ ਵਾਲੇ ਭਾਈਚਾਰੇ - ਆਕਸੀਜਨ ਪੈਦਾ ਕਰਨ ਵਾਲੇ ਸਾਇਨੋਬੈਕਟੀਰੀਆ ਨੇ ਦੂਜੇ ਰੋਗਾਣੂਆਂ ਨਾਲ ਮੁਕਾਬਲਾ ਕੀਤਾ, ਜਿਵੇਂ ਕਿ ਉਹ ਜੋ ਗੰਧਕ ਦੀ ਵਰਤੋਂ ਕਰਦੇ ਹਨ। ਛੋਟੇ ਦਿਨਾਂ ਦੌਰਾਨ, ਗੰਧਕ ਖਾਣ ਵਾਲੇ ਰੋਗਾਣੂ ਦਿਨ ਦੇ ਇੱਕ ਵੱਡੇ ਹਿੱਸੇ ਲਈ ਹਾਵੀ ਹੋ ਜਾਂਦੇ ਸਨ, ਜਿਸ ਨਾਲ ਸਾਇਨੋਬੈਕਟੀਰੀਆ ਦੀ ਆਕਸੀਜਨ ਪੈਦਾ ਕਰਨ ਅਤੇ ਨਿਰਯਾਤ ਕਰਨ ਦੀ ਸਮਰੱਥਾ ਸੀਮਤ ਹੋ ਜਾਂਦੀ ਸੀ। ਲੰਬੇ ਦਿਨਾਂ ਨੇ ਸਾਇਨੋਬੈਕਟੀਰੀਆ ਨੂੰ ਵਧੇਰੇ ਨਿਰੰਤਰ ਸਮੇਂ ਲਈ ਪ੍ਰਕਾਸ਼ ਸੰਸ਼ਲੇਸ਼ਣ ਕਰਨ ਦੀ ਆਗਿਆ ਦਿੱਤੀ, ਦੂਜੇ ਰੋਗਾਣੂਆਂ ਦਾ ਮੁਕਾਬਲਾ ਕੀਤਾ ਅਤੇ ਵਾਤਾਵਰਣ ਵਿਚ ਆਕਸੀਜਨ ਦੀ ਵਧੇਰੇ ਸ਼ੁੱਧ ਰਿਹਾਈ ਨੂੰ ਸਮਰੱਥ ਬਣਾਇਆ।

**ਵਧਿਆ ਹੋਇਆ ਪ੍ਰਸਾਰ:** ਦਿਨ-ਰਾਤ ਦੇ ਲੰਬੇ ਚੱਕਰ ਨੇ ਮਾਈਕ੍ਰੋਬਾਇਲ ਮੈਟਾਂ ਦੇ ਅੰਦਰ ਪੈਦਾ ਹੋਣ ਵਾਲੀ ਆਕਸੀਜਨ ਨੂੰ ਆਲੇ-ਦੁਆਲੇ ਦੇ ਪਾਣੀ ਵਿਚ ਅਤੇ ਅੰਤ ਵਿਚ ਵਾਯੂਮੰਡਲ ਵਿਚ ਫੈਲਣ ਲਈ ਵਧੇਰੇ ਸਮਾਂ ਦਿੱਤਾ। ਛੋਟੇ ਦਿਨਾਂ ਦੇ ਨਾਲ, ਮੈਟਾਂ ਦੇ ਅੰਦਰ ਆਕਸੀਜਨ ਇਕੱਠੀ ਹੋ ਜਾਵੇਗੀ ਪਰ ਰਾਤ ਹੋਣ ਤੋਂ ਪਹਿਲਾਂ ਬਾਹਰ ਨਿਕਲਣ ਲਈ ਘੱਟ ਸਮਾਂ ਹੋਵੇਗਾ। ਧਰਤੀ ਦਾ ਹੌਲੀ ਹੋ ਰਿਹਾ ਘੁੰਮਣਾ ਧਰਤੀ ਦਾ ਘੁੰਮਣ ਅਰਬਾਂ ਸਾਲਾਂ ਤੋਂ ਹੌਲੀ-ਹੌਲੀ ਹੋ ਰਿਹਾ ਹੈ, ਇਹ ਪ੍ਰਕਿਰਿਆ ਮੁੱਖ ਤੌਰ 'ਤੇ ਚੰਦਰਮਾ ਦੇ ਗੁਰੂਤਾ ਖਿੱਚ ਕਾਰਨ ਹੋਣ ਵਾਲੇ ਜਵਾਰੀ ਘ੍ਰਿਣਾ ਦੁਆਰਾ ਚਲਾਈ ਜਾਂਦੀ ਹੈ। ਇਹ ਘ੍ਰਿਣਾ ਗ੍ਰਹਿ ਦੇ ਸਪਿਨ 'ਤੇ ਇੱਕ "ਬ੍ਰੇਕ" ਪੈਦਾ ਕਰਦੀ ਹੈ, ਜੋ ਲੰਬੇ ਸਮੇਂ ਵਿਚ ਹੌਲੀ-ਹੌਲੀ ਦਿਨ ਨੂੰ ਥੋੜ੍ਹੀ ਜਿਹੀ ਮਾਤਰਾ ਵਿਚ ਲੰਮਾ ਕਰਦੀ ਹੈ। ਭੂ-ਵਿਗਿਆਨਕ ਰਿਕਾਰਡ ਤੋਂ ਸਬੂਤ ਦਰਸਾਉਂਦੇ ਹਨ ਕਿ ਸ਼ੁਰੂਆਤੀ ਧਰਤੀ ਦੇ ਦਿਨ 6 ਘੰਟੇ ਜਿੰਨੇ ਛੋਟੇ ਸਨ। ਇਹ ਨਿਰੰਤਰ ਗਿਰਾਵਟ ਅਤੇ ਨਤੀਜੇ ਵਜੋਂ ਲੰਬੇ ਦਿਨ ਇੱਕ ਮਹੱਤਵਪੂਰਨ, ਪਹਿਲਾਂ ਅਣਦੇਖਿਆ ਕੀਤਾ ਗਿਆ ਕਾਰਕ ਹੋ ਸਕਦਾ ਹੈ, ਜਿਸਨੇ ਧਰਤੀ ਦੇ ਵਾਯੂਮੰਡਲ ਨੂੰ ਇਸਦੀ ਮੌਜੂਦਾ ਆਕਸੀਜਨ-ਅਮੀਰ ਸਥਿਤੀ ਵੱਲ ਧੱਕਣ ਵਿਚ ਮਦਦ ਕੀਤੀ।

# ਗੁਰਬਾਣੀ ਗਾਵਹ ਭਾਈ

-ਡਾ. ਸਤਿੰਦਰ ਪਾਲ ਸਿੰਘ
ਈ 1716, ਰਾਜਾਜੀਪੁਰਮ
ਲਖਨਊ - 226017
ਪੰਜਾਬ ਮੇਲ USA



ਗੁਰਬਾਣੀ ਗੁਰਸਿੱਖ ਦਾ ਜੀਵਨ ਆਧਾਰ ਹੈ। ਗੁਰਬਾਣੀ ਗਿਆਨ ਹੈ, ਜੀਵਨ ਜਾਚ ਹੈ, ਪ੍ਰੇਰਨਾ ਹੈ, ਅੰਤਰ ਦਾ ਪ੍ਰਕਾਸ਼ ਹੈ, ਆਤਮਿਕ ਚੇਤਨਾ ਦਾ ਅੰਮ੍ਰਿਤ ਹੈ। ਗੁਰੂ ਨਾਨਕ ਸਾਹਿਬ ਨੇ ਬਾਣੀ ਰਾਹੀਂ ਮਨੁੱਖਤਾ ਨਾਲ ਸੰਵਾਦ ਤੇ ਉੱਧਾਰ ਦੀ ਪ੍ਰੰਪਰਾ ਸਥਾਪਿਤ ਕੀਤੀ, ਜੋ ਨਿਰੰਤਰ ਅੱਗੇ ਵੱਧਦੀ ਗਈ ਹੈ। ਗੁਰੂ ਅਰਜਨ ਸਾਹਿਬ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਰੂਪ ਵਿਚ ਬਾਣੀ ਦਾ ਅਨਮੋਲ ਖਜ਼ਾਨਾ ਬਖਸ਼ਣ ਦਾ ਮਹਾਨ ਉਪਕਾਰ ਕੀਤਾ "ਭਗਤਿ ਭੰਡਾਰ ਗੁਰਬਾਣੀ ਲਾਲ"। ਗੁਰਬਾਣੀ ਆਤਮਿਕ ਆਨੰਦ ਤੇ ਤ੍ਰਿਪਤੀ ਦਾ ਸਦੀਵੀ ਸ੍ਰੋਤ ਬਣ ਗਈ "ਗਾਵਤ ਸੁਨਤ ਕਮਾਵਤ ਨਿਹਾਲ॥" ਗੁਰਬਾਣੀ ਪੜ੍ਹਨਾ, ਸੁਨਣਾ ਗੁਰਸਿੱਖ ਦਾ ਨਿਤਨੇਮ ਹੈ। ਸਿੱਖ ਪੰਥ ਦੀ ਵਿਧੀਵਤ ਪ੍ਰਵਾਨ ਕੀਤੀ ਗਈ ਸਿੱਖ ਰਹਿਤ ਮਰਯਾਦਾ ਅਨੁਸਾਰ "ਗੁਰਬਾਣੀ ਦਾ ਅਸਰ ਸਾਧ ਸੰਗਤ 'ਚ ਬੈਠਿਆਂ ਵਧੇਰੇ ਹੁੰਦਾ ਹੈ। ਇਸ ਲਈ ਸਿੱਖ ਲਈ ਉਚਿਤ ਹੈ ਕਿ ਸਿੱਖ ਸੰਗਤਾਂ ਦੇ ਜੋੜ-ਮੇਲੇ ਦੇ ਅਸਥਾਨਾਂ - ਗੁਰਦੁਆਰਿਆਂ ਦੇ ਦਰਸ਼ਨ ਕਰੇ ਤੇ ਸਾਧ ਸੰਗਤ ਵਿਚ ਬੈਠ ਕੇ ਗੁਰਬਾਣੀ ਤੋਂ ਲਾਭ ਉਠਾਵੇ"। ਅੱਜ ਪੂਰੇ ਵਿਸ਼ਵ ਵਿਚ ਤੇਜ਼ੀ ਨਾਲ ਗੁਰਦੁਆਰਿਆਂ ਦੀ ਗਿਣਤੀ ਵਿਚ ਵਾਧਾ ਹੋਇਆ ਹੈ। ਇੱਕ ਇੱਕ ਪਿੰਡ ਵਿਚ ਹੀ ਇੱਕ ਤੋਂ ਜ਼ਿਆਦਾ ਗੁਰਦੁਆਰੇ ਮਿਲ ਜਾਣਗੇ। ਗੁਰਦੁਆਰਿਆਂ ਵਿਚ ਬਾਕਾਇਦਾ ਨਿਯੁਕਤ ਕੀਤੇ ਗਏ ਰਾਗੀ ਜੱਥੇ ਗੁਰਬਾਣੀ ਦਾ ਗਾਇਨ ਕਰਦੇ ਹਨ। ਇਸ ਨੂੰ ਕੀਰਤਨ ਦਾ ਨਾਮ ਦਿੱਤਾ ਗਿਆ ਹੈ। ਸਿੱਖ ਰਹਿਤ ਮਰਯਾਦਾ ਗੁਰਬਾਣੀ ਗਾਇਨ ਲਈ ਕੀਰਤਨ ਸ਼ਬਦ ਵਰਤਿਆ ਗਿਆ ਹੈ ਅਤੇ ਮੁੱਢਲੀ ਮਰਿਆਦਾ ਦਾ ਜ਼ਿਕਰ ਕੀਤਾ ਗਿਆ ਹੈ। ਇਸ ਅਨੁਸਾਰ "ਕੀਰਤਨ ਗੁਰਬਾਣੀ ਨੂੰ ਰਾਗਾਂ ਵਿਚ ਉਚਾਰਨ ਨੂੰ ਕਹਿੰਦੇ ਹਨ"। ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਅੰਗ ੧੪ ਤੋਂ ਅੰਗ ੧੩੫੩ ਤੱਕ ਸੁਸ਼ੋਭਿਤ ਬਾਣੀ ਰਾਗ ਆਧਾਰਿਤ ਹੈ। ਬਾਣੀ ਕੁੱਲ 31 ਰਾਗਾਂ ਵਿਚ ਹੈ। ਇਹ ਵੱਖ ਹੈ ਕਿ ਜ਼ਿਆਦਾਤਰ ਗੁਰਦੁਆਰਿਆਂ ਵਿਚ ਗੁਰਬਾਣੀ ਦਾ ਗਾਇਨ ਸਬੰਧਤ ਰਾਗਾਂ ਦੇ ਅਧੀਨ ਨਹੀਂ ਹੋ ਰਿਹਾ ਪਰ ਫਿਰ ਵੀ ਉਸ ਨੂੰ ਕੀਰਤਨ ਦੇ ਰੂਪ ਵਿਚ ਸਵੀਕਾਰ ਕੀਤਾ ਜਾ ਰਿਹਾ ਹੈ। ਜ਼ਿਆਦਾਤਰ ਰਾਗੀ ਜੱਥੇ ਆਪੋ-ਆਪਣੇ ਢੰਗ ਨਾਲ ਸ਼ਬਦਾਂ ਨੂੰ ਸੁਰ ਦੇ ਕੇ ਮਨੋਹਰਨ ਬਣਾਉਣ ਦਾ ਜਤਨ ਕਰਦੇ ਰਹਿੰਦੇ ਹਨ। ਰਾਗਾਂ ਦੀ ਸਮਝ ਨਾ ਹੋਣ ਕਾਰਨ ਸੰਗਤ ਉਸ ਨੂੰ ਸਵੀਕਾਰ ਕਰਦੀ ਆ ਰਹੀ ਹੈ। ਗੁਰੂ ਰਾਮਦਾਸ ਸਾਹਿਬ ਨੇ ਵਚਨ ਕੀਤਾ ਸੀ "ਬਾਣੀ ਗੁਰੂ ਗੁਰੂ ਹੈ ਬਾਣੀ ਵਿਚਿ ਬਾਣੀ ਅੰਮ੍ਰਿਤੁ ਸਾਰੇ॥" ਬਾਣੀ ਨੂੰ ਰਾਗਬੱਧ ਕਰਨ ਪਿੱਛੇ ਇੱਕ ਨਿਸ਼ਚਿਤ ਸਿਧਾਂਤ ਸੀ ਗੁਰਸਿੱਖ ਦੇ ਅੰਤਰ ਵਿਚ ਅਨਹਦ ਨਾਦ ਜਾਗ੍ਰਤ ਕਰਨ ਦਾ "ਗੁਰ ਬਾਣੀ ਮਨ ਧ੍ਰਾਪਿ ਨਿਜ ਘਰਿ ਆਵਈ॥" ਪਰ ਰਾਗਾਂ ਤੋਂ ਅਵੇਸਲੇ ਹੋਣ ਕਾਰਨ ਗੁਰਸਿੱਖ ਅੱਜ ਉਸ ਪਰਮ ਦਾਤ ਤੋਂ ਵਾਂਝਾ ਹੋ ਰਿਹਾ ਹੈ। ਗੁਰਬਾਣੀ ਰਾਹੀਂ ਗੁਰੂ ਸਾਹਿਬਾਨ ਗੁਰੂ ਦੇ ਜਿਸ ਸਵਰੂਪ ਦੇ ਦਰਸ਼ਨ ਕਰਾਉਣਾ ਚਾਹੁੰਦੇ ਹਨ, ਜਿਸ ਅੰਮ੍ਰਿਤ ਨਾਲ ਨਿਵਾਜਣਾ ਚਾਹੁੰਦੇ ਹਨ, ਉਸ ਤੋਂ ਦੂਰ ਹੋਣ ਕਾਰਨ ਗੁਰਸਿੱਖ ਨਿਤ ਗੁਰਬਾਣੀ ਸਰਵਣ ਕਰਨ ਤੋਂ ਬਾਅਦ ਵੀ ਅਤ੍ਰਿਪਤ ਹੀ ਰਹਿ ਰਿਹਾ ਹੈ।

ਗੁਰੂ ਨਾਨਕ ਸਾਹਿਬ ਦਾ ਵਚਨ ਸੀ ਕਿ ਬਾਣੀ ਨੂੰ ਪੜ੍ਹਨ, ਸੁਨਣ ਦੇ ਨਾਲ ਹੀ ਵਿਚਾਰਨਾ ਵੀ ਹੈ "ਬਾਣੀ ਬਿਰਲਉ ਬੀਚਾਰਸੀ ਜੇ ਕੋ ਗੁਰਮੁਖਿ ਹੋਇ॥" ਕੀਰਤਨ ਸਰਵਣ ਕਰਨਾ ਗੁਰਬਾਣੀ ਨੂੰ ਵਿਚਾਰਨ ਦਾ ਅਉਸਰ ਵੀ ਹੈ। ਗੁਰਬਾਣੀ ਆਪਣੇ ਆਪ ਵਿਚ ਇੱਕ ਗੰਭੀਰ ਵਿਚਾਰ ਹੈ "ਸਬਦੁ ਗੁਰ ਪੀਰਾ ਗਹਿਰ ਗੰਭੀਰਾ॥" ਗੁਰਬਾਣੀ ਦਾ ਵਿਚਾਰ ਨਾ ਕਰਨਾ ਸ਼ਬਦ ਗੁਰੂ ਦਾ ਅਨਾਦਰ ਹੀ ਕਿਹਾ ਜਾਵੇਗਾ। ਰਾਗ ਬਾਣੀ ਦੀ ਗੰਭੀਰਤਾ ਨੂੰ ਪ੍ਰਗਟ ਕਰਦੇ ਹਨ ਤੇ ਮਨ ਨੂੰ ਗੰਭੀਰਤਾ ਧਾਰਨ ਕਰਨ ਲਈ ਤਿਆਰ ਕਰਦੇ ਹਨ। ਬਿਨਾ ਰਾਗਾਂ ਦੇ ਗਾਇਨ ਕੀਤੀ ਜਾ ਰਹੀ ਬਾਣੀ ਕੁੱਝ ਸਮੇਂ ਲਈ ਮਨ ਨੂੰ ਬੰਨ ਤਾਂ ਸਕਦੀ ਹੈ ਪਰ ਮਨ ਅੰਦਰ ਵੱਸ ਜਾਵੇ, ਇਹ ਸੰਭਵ ਨਹੀਂ ਹੁੰਦਾ। ਬਿਨਾ ਰਾਗ ਦੇ ਸ਼ਬਦ ਗਾਇਨ ਆਮ ਤੌਰ 'ਤੇ ਮਨ ਨੂੰ ਧੁੰਨ, ਸ਼ੈਲੀ ਤੇ ਆਵਾਜ਼ ਵਿਚ ਕੈਦ ਕਰ ਲੈਂਦਾ ਹੈ, ਸ਼ਬਦ ਦੇ ਸਾਰ ਤੱਤ ਤੱਕ ਪੁੱਜਣ ਹੀ ਨਹੀਂ ਦਿੰਦਾ। ਇਹ ਮੁੱਖ ਕਾਰਨ ਹੈ ਕਿ ਖਾਸ ਰਾਗੀ ਜੱਥਿਆਂ ਤੋਂ ਖਾਸ ਸ਼ਬਦਾਂ ਦੇ ਗਾਇਨ ਦੀ ਮੰਗ ਕਰਦਿਆਂ ਅਕਸਰ ਵੇਖਿਆ ਜਾਂਦਾ ਹੈ, ਜਦਕਿ ਹਰ ਸ਼ਬਦ ਹੀ ਅਣਮੋਲ ਪ੍ਰੇਰਣਾ ਹੈ।



ਗੁਰੂ ਨਾਨਕ ਸਾਹਿਬ ਦਾ ਵਚਨ ਸੀ ਕਿ ਬਾਣੀ ਨੂੰ ਪੜ੍ਹਨ, ਸੁਨਣ ਦੇ ਨਾਲ ਹੀ ਵਿਚਾਰਨਾ ਵੀ ਹੈ "ਬਾਣੀ ਬਿਰਲਉ ਬੀਚਾਰਸੀ ਜੇ ਕੋ ਗੁਰਮੁਖਿ ਹੋਇ॥" ਕੀਰਤਨ ਸਰਵਣ ਕਰਨਾ ਗੁਰਬਾਣੀ ਨੂੰ ਵਿਚਾਰਨ ਦਾ ਅਉਸਰ ਵੀ ਹੈ। ਗੁਰਬਾਣੀ ਆਪਣੇ ਆਪ ਵਿਚ ਇੱਕ ਗੰਭੀਰ ਵਿਚਾਰ ਹੈ "ਸਬਦੁ ਗੁਰ ਪੀਰਾ ਗਹਿਰ ਗੰਭੀਰਾ॥" ਗੁਰਬਾਣੀ ਦਾ ਵਿਚਾਰ ਨਾ ਕਰਨਾ ਸ਼ਬਦ ਗੁਰੂ ਦਾ ਅਨਾਦਰ ਹੀ ਕਿਹਾ ਜਾਵੇਗਾ। ਰਾਗ ਬਾਣੀ ਦੀ ਗੰਭੀਰਤਾ ਨੂੰ ਪ੍ਰਗਟ ਕਰਦੇ ਹਨ ਤੇ ਮਨ ਨੂੰ ਗੰਭੀਰਤਾ ਧਾਰਨ ਕਰਨ ਲਈ ਤਿਆਰ ਕਰਦੇ ਹਨ।

ਗੁਰਬਾਣੀ ਧੁਰ ਕੀ ਬਾਣੀ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਦਸਾਂ ਗੁਰੂਆਂ ਦੀ ਜੋਤ ਮੰਨਿਆ ਗਿਆ ਹੈ। ਇਸ ਦ੍ਰਿਸ਼ਟੀ ਨਾਲ ਪੂਰੀ ਗੁਰਬਾਣੀ ਦੀ ਮਹੱਤਤਾ ਇੱਕ ਸਮਾਨ ਤਲ ਪ੍ਰਾਪਤ ਕਰ ਲੈਂਦੀ ਹੈ। ਪਰ ਸਿੱਖ ਰਹਿਤ ਮਰਯਾਦਾ ਵਿਚ ਗੁਰੂ ਅਮਰਦਾਸ ਸਾਹਿਬ ਦੀ ਬਾਣੀ ਅਨੰਦ ਸਾਹਿਬ ਦੀਆਂ ਛੇ ਪਉੜੀਆਂ ਨੂੰ ਖਾਸ ਮਾਨਤਾ ਦਿੱਤੇ ਗਈ ਹੈ। ਸਿੱਖ ਰਹਿਤ ਮਰਯਾਦਾ ਅਨੁਸਾਰ "ਸਾਧਾਰਨ ਪਾਠ ਦੇ ਆਰੰਭ ਵੇਲੇ ਪ੍ਰਸਾਦਿ ਲਿਆ ਕੇ ਅਨੰਦ ਸਾਹਿਬ (ਛੇ ਪਉੜੀਆਂ) ਦਾ ਪਾਠ ਕਰਕੇ ਅਰਦਾਸ ਮਗਰੋਂ ਹੁਕਮ ਲਿਆ ਜਾਵੇ। ਅਖੰਡ ਪਾਠ ਵੇਲੇ ਕੜਾਹ ਪ੍ਰਸਾਦਿ ਹੋਵੇ, ਫੇਰ ਅਨੰਦ ਸਾਹਿਬ (ਛੇ ਪਉੜੀਆਂ) ਦਾ ਪਾਠ ਕਰਨ ਮਗਰੋਂ ਅਰਦਾਸ ਕਰ ਕੇ ਅਤੇ ਹੁਕਮ ਲੈ ਕੇ ਪਾਠ ਆਰੰਭ ਕੀਤਾ ਜਾਵੇ"। ਗੁਰਸਿੱਖ ਨੇ ਜਪੁ ਸਾਹਿਬ ਦਾ ਪਾਠ ਕਰਨਾ ਹੈ, ਤਾਂ ਵੀ "ਪਾਠ ਆਰੰਭ ਕਰਨ ਸਮੇਂ ਅਨੰਦ ਸਾਹਿਬ (ਪਹਿਲੀਆਂ ਪੰਜ ਪਉੜੀਆਂ ਤੇ ਇੱਕ ਅੰਤਲੀ ਪਉੜੀ) ਦੇ ਪਾਠ ਮਗਰੋਂ ਅਰਦਾਸਾ ਕਰਕੇ ਹੁਕਮ ਲੈਣਾ ਚਾਹੀਦੇ। ਫੇਰ ਜਪੁ ਸਾਹਿਬ ਦਾ ਪਾਠ ਕਰਨਾ ਚਾਹੀਦੇ"। ਇਹ ਰਹਿਤ ਸਾਧਾਰਨ ਪਾਠ ਸਿਰਲੇਖ ਅੰਦਰ ਦਿੱਤੀ ਗਈ ਹੈ। ਇਹ ਮਰਿਆਦਾ ਬਣ ਗਈ ਹੈ ਕਿ ਗੁਰਦੁਆਰੇ ਵਿਚ ਹਰ ਦੀਵਾਨ ਦੀ ਸਮਾਪਤੀ ਅਨੰਦ ਸਾਹਿਬ ਦੀ ਛੇ ਪਉੜੀਆਂ ਪੜ੍ਹਨ ਤੋਂ ਬਾਅਦ ਹੀ ਹੁੰਦੀ ਹੈ, ਉਸ ਤੋਂ ਬਾਅਦ ਅਰਦਾਸ ਅਤੇ ਹੁਕਮ ਲਿਆ ਜਾਂਦਾ ਹੈ। ਦੀਵਾਨ ਕਿਸੇ ਵੀ ਮਨੋਰਥ ਹਿੱਤ ਸਜਾਇਆ ਗਿਆ ਹੋਵੇ, ਸਮਾਂ ਕੋਈ ਵੀ ਹੋਵੇ, ਸਮਾਪਤੀ ਅਨੰਦ ਸਾਹਿਬ ਦੀ ਛੇ ਪਉੜੀਆਂ ਨਾਲ ਹੀ ਹੁੰਦੀ ਹੈ। ਇਹ ਬਾਣੀ ਕਿਉਂ ਖਾਸ ਹੈ, ਇਸ ਨੂੰ ਵਿਚਾਰਨ ਦੀ ਲੋੜ ਹੈ। ਕੁੱਝ ਦਾ ਖਾਸ ਹੈ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਪੂਰੀ ਬਾਣੀ ਵਿਚੋਂ ਅਨੰਦ ਸਾਹਿਬ ਦੀਆਂ ਛੇ ਪਉੜੀਆਂ ਨੂੰ ਪੂਰੀ ਸੋਚ ਵਿਚਾਰ ਤੋਂ ਬਾਅਦ ਚੁਣ ਕੇ ਮਹੱਤਵਪੂਰਨ ਸਮਝਿਆ ਗਿਆ।

ਅਨੰਦ ਸਾਹਿਬ ਦੀ ਬਾਣੀ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਅੰਗ 917 ਤੋਂ ਅੰਗ 922 ਤੱਕ ਸੁਸ਼ੋਭਿਤ ਹੈ। ਸਿਰਲੇਖ ਪ੍ਰਾਪਤ ਕੁੱਝ ਬਾਣੀਆਂ ਵਿਚੋਂ ਇਹ ਇੱਕ ਹੈ, ਜਿਸ ਦਾ ਸਿਰਲੇਖ "ਅਨੰਦੁ" ਹੈ। ਇਸ ਵਿਚ 40 ਪਉੜੀਆਂ ਹਨ। ਇਹ ਬਾਣੀ ਰਾਮਕਲੀ ਰਾਗ ਅਧੀਨ ਉਚਾਰੀ ਗਈ ਹੈ। ਰਾਗ ਨੂੰ ਭਾਈ ਕਾਨ੍ਹ ਸਿੰਘ ਨਾਭਾ ਨੇ ਸੰਗੀਤ ਅਨੁਸਾਰ ਅਜਿਹਾ ਸੁਰ ਪ੍ਰਬੰਧ ਕਿਹਾ ਹੈ, ਜਿਸ ਨੂੰ ਸੁਣ ਕੇ ਮਨ ਵਿਚ ਪ੍ਰੇਮ ਉਪਜੈ। ਰਾਮਕਲੀ ਰਾਗ ਦਾ ਸਵੇਰੇ ਦੇ ਰਾਗਾਂ ਵਿਚ ਮੁੱਖ ਅਸਥਾਨ ਹੈ। ਇਹ ਰਾਗ ਮਨ ਨੂੰ ਪਹਿਲਾਂ ਬੰਨ੍ਹਦਾ ਹੈ, ਫਿਰ ਅੰਮ੍ਰਿਤ ਬਰਖਾ ਨਾਲ ਨਿਹਾਲ ਕਰਦਾ ਹੈ। ਇਹ ਭੈਰਵ ਥਾਟ ਦਾ ਰਾਗ ਹੈ। ਇਸ ਦੇ ਗਾਇਨ ਵਿਚ ਕੋਮਲ, ਤੀਵ੍ਰ ਮੱਧਮ ਅਤੇ ਕੋਮਲ ਨਿਸ਼ਾਦ ਸੁਰ ਲੱਗਦੇ ਹਨ। ਵਿਦਵਾਨਾਂ ਅਨੁਸਾਰ ਇਸ ਰਾਗ ਤੋਂ ਸ਼ਾਂਤੀ, ਭਗਤੀ ਅਤੇ ਦਇਆ ਰਸ ਪੈਦਾ ਹੁੰਦਾ ਹੈ। ਇਹ ਸੱਚ ਨਾਲ ਜੋੜ ਕੇ ਭਗਤੀ ਭਾਵ ਪੈਦਾ ਕਰਨ ਵਾਲਾ ਹੈ। ਗੁਰੂ ਅਮਰਦਾਸ ਸਾਹਿਬ ਦੀ ਬਾਣੀ ਅਨੰਦ ਦਾ ਆਰੰਭ ਹੀ ਅੰਮ੍ਰਿਤ ਬਰਖਾ ਤੋਂ ਹੁੰਦਾ ਹੈ "ਅਨੰਦੁ ਭਇਆ ਮੇਰੀ ਮਾਏ ਸਤਿਗੁਰੂ ਮੈ ਪਾਇਆ॥" ਇਹ ਪਾਵਨ ਪੰਕਤੀ ਗੁਰਸਿੱਖ ਦੇ ਮਨ ਅੰਦਰ ਵਿਚਾਰ ਦ੍ਰਿੜ੍ਹ ਕਰਦੀ ਹੈ ਕਿ ਸਤਿਗੁਰੂ ਨਾਲ ਮੇਲ ਆਨੰਦ ਪੈਦਾ ਕਰਨ ਵਾਲਾ ਹੈ, ਸਾਰੇ ਦੁੱਖਾਂ, ਚਿੰਤਾਵਾਂ ਤੋਂ ਮੁਕਤ ਕਰ ਅਚਿੰਤ ਹੀ ਨਹੀਂ, ਪ੍ਰਫੁੱਲਿਤ ਕਰਨ ਵਾਲਾ ਹੈ। ਜਿਸ ਗੁਰਸਿੱਖ ਨੇ ਸਾਧ ਸੰਗਤ ਕੀਤੀ ਹੈ, ਸ਼ਬਦ ਗੁਰੂ ਨਾਲ ਮਨ ਜੋੜਿਆ ਹੈ, ਉਸ ਨੂੰ ਇਸ ਮੇਲ ਤੋਂ ਪ੍ਰਾਪਤ ਆਨੰਦ ਦਾ ਅਹਿਸਾਸ ਵੀ ਹੋਣਾ ਚਾਹੀਦੇ। ਗੁਰਬਾਣੀ ਨਾਲ ਜੁੜਨ ਦਾ ਮਨੋਰਥ ਅਗਲੀ ਪੰਕਤੀ ਵਿਚ ਗੁਰੂ ਅਮਰਦਾਸ ਸਾਹਿਬ ਨੇ ਪ੍ਰਗਟ ਕੀਤਾ "ਸਤਿਗੁਰੁ ਤ ਪਾਇਆ ਸਹਜ ਸੇਤੀ ਮਨਿ ਵਜੀਆ ਵਾਧਾਈਆ॥" ਗੁਰੂ ਨਾਲ ਮੇਲ, ਗੁਰ ਸ਼ਬਦ ਦਾ ਮਨ ਅੰਦਰ ਵੱਸਣਾ ਸਹਿਜ ਅਵਸਥਾ ਦਾ ਜਨਕ ਹੈ, ਜਿਸ ਨੂੰ ਪਰਮ ਅਵਸਥਾ ਮੰਨਿਆ ਗਿਆ ਹੈ। ਸਹਿਜ ਅਵਸਥਾ ਦੀ ਨਿਸ਼ਾਨੀ ਮਨ ਅੰਦਰ ਅਨਹਦ ਨਾਦ ਦਾ ਵੱਜਣ ਲੱਗ ਪੈਣਾ ਹੈ। ਮਨ ਅਪਾਰ ਸੰਤੋਖ ਅਤੇ ਤੀਰਪਤੀ ਦਾ ਅਨੁਭਵ ਕਰਦਾ ਹੈ। ਇਸ ਪ੍ਰੇਰਕ ਸੂਤਰ ਵਾਕ ਨਾਲ ਜੋੜ ਕੇ ਗੁਰੂ ਅਮਰਦਾਸ ਸਾਹਿਬ ਨੇ ਪ੍ਰਮਾਤਮਾ ਦੀ ਵਡਿਆਈ ਦੇ ਦਰਸ਼ਨ ਕਰਾਏ ਤੇ ਸਮਰਪਿਤ ਹੋ ਕੇ ਭਗਤੀ ਕਰਨ ਦਾ ਫਲ ਦੱਸਿਆ "ਕਰਿ ਸਾਂਤਿ ਸੁਖ ਮਨਿ ਆਇ ਵਸਿਆ ਜਿਨਿ ਇਛਾ ਸਭਿ ਪੁਜਾਇਆ॥" ਅਨੰਦ ਸਾਹਿਬ ਦੀਆਂ ਪੰਜ ਪਹਿਲੀਆਂ ਪਉੜੀਆਂ ਤੇ ਅੰਤਮ ਇੱਕ ਪਉੜੀ ਵਿਚ ਸੁਨਣ ਅਤੇ ਮਨ ਅੰਦਰ ਵਸਾਉਣ ਦੀ ਹੀ ਗੱਲ ਕੀਤੀ ਗਈ ਹੈ। ਜਦੋਂ ਵੀ ਗੁਰਸਿੱਖ ਗੁਰ ਸ਼ਬਦ ਨਾਲ ਜੁੜ ਕੇ ਪੈਦਾ ਹੋਈ ਆਤਮਿਕ ਅਵਸਥਾ ਤੋਂ ਉਬਰ ਕੇ ਵਿਵਹਾਰਕ ਅਵਸਥਾ ਆਵੇ, ਇੱਕ ਸਪਸ਼ਟ ਪ੍ਰੇਰਨਾ, ਸੇਧ ਆਪਣੇ ਚੇਤਨ, ਅਵਚੇਤਨ ਮਨ ਵਿਚ ਧਾਰਨ ਕੀਤੀ ਹੋਵੇ, ਜੋ ਉਸ ਨੇ ਅੰਤ ਵਿਚ ਸ੍ਰਵਨ ਕੀਤੀ ਅਨੰਦ ਸਾਹਿਬ ਦੀ ਛੇ ਪਉੜੀਆਂ ਤੋਂ ਪ੍ਰਾਪਤ ਕੀਤੀ ਹੈ। ਇਨ੍ਹਾਂ ਛੇ ਪਉੜੀਆਂ ਵਿਚ ਗੁਰ ਸ਼ਬਦ ਦਾ ਸਾਰ ਨਿਹਿਤ ਹੈ, ਜਿਸ ਨੂੰ ਅੰਤਮ ਸੁਨੇਹਾ ਵੀ ਕਿਹਾ ਜਾ ਸਕਦਾ ਹੈ।

ਪਰ ਅੱਜ ਦੇ ਹਾਲਾਤ ਕੁੱਝ ਹੋਰ ਹੀ ਬਣ ਗਏ ਹਨ। ਅਰਦਾਸ ਤੋਂ ਪਹਿਲਾਂ ਛੇ ਪਉੜੀਆਂ ਅਨੰਦ ਸਾਹਿਬ ਦੇ ਗਾਇਨ ਨੂੰ ਪੂਰੀ ਤਰ੍ਹਾਂ ਰਸਮੀ ਬਣਾ ਦਿੱਤਾ ਗਿਆ ਹੈ। ਇਵੇਂ ਤੇ ਇਤਨੀ ਗਤੀ ਨਾਲ ਗਾਇਨ ਕੀਤਾ ਜਾਂਦਾ ਹੈ ਕਿ ਇੱਕ ਪੰਕਤੀ ਹੀ ਸੁਣੀ, ਸਮਝੀ ਨਹੀਂ ਗਈ ਹੁੰਦੀ ਕਿ ਰਾਗੀ ਸਿੰਘ ਅਗਲੀ ਤੀਜੀ, ਚੌਥੀ ਪੰਕਤੀ 'ਤੇ ਪੁੱਜ ਚੁਕੇ ਹੁੰਦੇ ਹਨ। ਇਵੇਂ ਲੱਗਦਾ ਹੈ ਕਿ ਅਨੰਦ ਸਾਹਿਬ ਕਿਸੇ ਮਜਬੂਰੀ ਵਿਚ ਗਾਇਨ ਕੀਤਾ ਜਾ ਰਿਹਾ ਹੋਵੇ। ਰਾਗੀ ਜੱਥੇ ਵਿਚੋਂ ਵੀ ਇੱਕ ਸਿੰਘ ਦੀ ਪੰਕਤੀ ਪੂਰੀ ਹੋਣ 'ਤੇ ਨਹੀਂ ਆਉਂਦੀ ਕਿ ਦੂਜੇ ਸਿੰਘ ਦੁਆਰਾ ਅਗਲੀ ਪੰਕਤੀ ਆਰੰਭ ਕਰ ਦਿੱਤੀ ਗਈ ਹੁੰਦੀ ਹੈ। ਦੂਜੇ ਸ਼ਬਦ ਗਾਇਨ ਕਰਦਿਆਂ ਰਾਗੀ ਸਿੰਘ ਅਕਸਰ ਇੱਕ ਹੀ ਪੰਕਤੀ ਨੂੰ ਵਾਰ-ਵਾਰ ਪੜ੍ਹਦੇ ਹਨ ਕਿਉਂਕਿ ਇਹ ਉਨ੍ਹਾਂ ਨੂੰ ਮਹੱਤਵਪੂਰਨ ਲੱਗਦਾ ਹੈ। ਇਵੇਂ ਪੜ੍ਹਿਆ ਵੀ ਜਾਣਾ ਚਾਹੀਦੇ। ਪਰ ਅਨੰਦ ਸਾਹਿਬ ਦੇ ਗਾਇਨ ਵਿਚ ਸ਼ਾਇਦ ਹੀ ਕਦੇ ਅਜਿਹਾ ਕੀਤਾ ਗਿਆ ਹੋਵੇ। ਜਿਸ ਅਨੰਦ ਸਾਹਿਬ ਦੇ ਸਰਵਣ ਨਾਲ ਮਨ ਵਿਚ "ਮਨਿ ਵਜੀਆ ਵਧਾਇਆ" ਦਾ ਵਿਗਾਸ ਪੈਦਾ ਹੋਣਾ ਚਾਹੀਦੇ, "ਸਦਾ ਰਹੁ ਹਰਿ ਨਾਲੇ" ਦੀ ਅੰਤਰ ਪ੍ਰੇਰਨਾ ਜਾਗ੍ਰਤ ਹੋਣੀ ਚਾਹੀਦੀ ਹੈ, ਉਹ ਤਾਂ ਸੰਭਵ ਨਹੀਂ ਹੁੰਦਾ, ਇਸ ਦੇ ਉਲਟ ਮਨ ਅਸਹਿਜ ਹੋਣ ਲੱਗਦਾ ਹੈ। ਇਸ ਦਾ ਪ੍ਰਭਾਵ ਇਹ ਹੋ ਰਿਹਾ ਹੈ ਕਿ ਸਾਧ ਸੰਗਤ ਵਿਚ ਸ੍ਰਵਨ ਕੀਤੇ ਸ਼ਬਦ ਮਨ ਵਿਚ ਭਾਵੇਂ ਚੱਲਦੇ ਰਹਿਣ, ਅਨੰਦ ਸਾਹਿਬ ਦੀ ਇੱਕ ਵੀ ਪੰਕਤੀ ਦਾ ਰਸ ਨਹੀਂ ਬਣਦਾ। ਰਾਗ ਵਿਚ ਪੜ੍ਹਨਾ ਤਾਂ ਦੂਰ, ਸਹਿਜ ਭਾਵ ਨਾਲ ਵੀ ਨਾ ਪੜ੍ਹਨਾ ਉਸ ਭਾਵਨਾ ਦਾ ਨਿਰਾਦਰ ਹੈ, ਜਿਸ ਤਹਿਤ ਅਨੰਦ ਸਾਹਿਬ ਪੜ੍ਹਨ ਦੀ ਰਹਿਤ ਮਰਿਆਦਾ ਬਣਾਈ ਗਈ ਸੀ। ਇਹ ਨਿਸ਼ਚਿਤ ਤੌਰ 'ਤੇ ਗੁਰ ਸ਼ਬਦ ਦਾ ਵੀ ਨਿਰਾਦਰ ਹੈ। ਗੁਰਬਾਣੀ ਤਾਂ ਪ੍ਰੇਮ ਭਾਵਨਾ ਦੀ ਬਾਣੀ ਹੈ, ਜਿਸ ਨੂੰ ਸਹਿਜ ਵਿਚ ਹੀ ਗਾਇਨ ਕਰਨਾ ਮਨੋਰਥ ਸਿੱਧ ਕਰਦਾ ਹੈ "ਗੁਰਬਾਣੀ ਗਾਵਹ ਭਾਈ॥ ਓਹ ਸਫਲ ਸਦਾ ਸੁਖਦਾਈ॥" ਰਾਗ ਤੋਂ ਬਾਹਰ ਗੁਰਬਾਣੀ ਦਾ ਗਾਇਨ ਸਿੱਖ ਰਹਿਤ ਮਰਯਾਦਾ ਅਨੁਸਾਰ ਜੇ ਕੀਰਤਨ ਨਹੀਂ ਮੰਨਿਆ ਜਾ ਸਕਦਾ, ਸਹਿਜ ਵੀ ਗਾਇਨ ਨਾ ਕਰਨਾ ਤਾਂ ਗਾਇਨ ਦੇ ਮਨੋਰਥ ਤੋਂ ਹੀ ਦੂਰ ਕਰ ਦਿੰਦਾ ਹੈ। ਇਹ ਗੰਭੀਰ ਵਿਸ਼ਾ ਹੈ। ਅਰਦਾਸ ਤੋਂ ਪਹਿਲਾਂ ਅਨੰਦ ਸਾਹਿਬ ਦੇ ਗਾਇਨ ਨੂੰ ਰਾਗ ਆਧਾਰਿਤ ਅਤੇ ਸਹਿਜ ਬਣਾਉਣ ਲਈ ਦ੍ਰਿਸ਼ਟੀ ਸੁਧਾਰ ਦੀ ਸਖਤ ਲੋੜ ਹੈ। ਜਿਵੇਂ ਕਿਸੇ ਹੋਰ ਸ਼ਬਦ ਦਾ ਗਾਇਨ ਕਰਦਿਆਂ ਉਚਿਤ ਸਮਾਂ ਲਾਇਆ ਜਾਂਦਾ ਹੈ, ਅਨੰਦ ਸਾਹਿਬ ਪੜ੍ਹਨ ਲਈ ਵੀ ਉਚਿਤ ਸਮਾਂ ਲਾਇਆ ਜਾਣਾ ਚਾਹੀਦੇ। ਇਹ ਕਿਸੇ ਵੀ ਸਮਾਗਮ ਦਾ ਅੰਤਮ ਸੁਨੇਹਾ ਹੁੰਦਾ ਹੈ, ਇਸ ਕਾਰਨ ਇਸ ਨੂੰ ਤਾਂ ਵਾਧੂ ਭਾਵਨਾ ਨਾਲ ਪੜ੍ਹਨਾ ਤੇ ਸੁਣਨਾ ਚਾਹੀਦੇ।

# ਕੁਰਬਾਨੀ

ਬਲਵਿੰਦਰ ਬਾਲਮ
ਉਂਕਾਰ ਨਗਰ, ਗੁਰਦਾਸਪੁਰ (ਪੰਜਾਬ)
ਮੋ: 98156-25409
ਪੰਜਾਬ ਮੇਲ USA



ਸੁਰਜੀਤ ਇਕ ਕਰੋੜਪਤੀ ਬਾਪ ਦੀ ਲੜਕੀ ਹੈ। ਬੜੀ ਸੁਸ਼ੀਲ, ਚੰਚਲ ਤੇ ਖ਼ੂਬਸੂਰਤੀ ਦੀ ਪ੍ਰਤਿਮਾ।

ਭੁਪਿੰਦਰ ਇਕ ਗ਼ਰੀਬ ਘਰ ਦਾ ਲੜਕਾ ਹੈ। ਉਸਦਾ ਬਾਪ ਅਪਹਾਜ ਹੈ। ਉਸਦੀ ਮਾਂ ਲੋਕਾਂ ਦੇ ਬਰਤਨ ਸਾਫ਼ ਕਰਕੇ ਘਰ ਦਾ ਗੁਜ਼ਾਰਾ ਚਲਾਉਂਦੀ ਹੈ। ਭੁਪਿੰਦਰ ਆਪਣੇ ਮਾਂ-ਬਾਪ ਦਾ ਇਕਲੌਤਾ ਪੁੱਤਰ ਹੈ। ਭਾਵੇਂ ਉਸਦੀ ਮਾਂ ਬਰਤਨ ਸਾਫ਼ ਕਰਕੇ ਹੀ ਘਰ ਦਾ ਗੁਜ਼ਾਰਾ ਚਲਾਉਂਦੀ ਹੈ, ਪਰ ਉਹ ਭੁਪਿੰਦਰ ਨੂੰ ਸ਼ਹਿਰ ਦੇ ਇਕ ਵਧੀਆ ਮਾਡਲ ਸਕੂਲ ਵਿਚ ਪੜ੍ਹਾ ਰਹੀ ਹੈ।

ਭੁਪਿੰਦਰ ਪੜ੍ਹਾਈ ਵਿਚ ਬਹੁਤ ਹੁਸ਼ਿਆਰ ਹੈ। ਹਰ ਕਲਾਸ 'ਚੋਂ ਉਹ ਹਮੇਸ਼ਾ ਹੀ ਪਹਿਲੇ ਦਰਜੇ 'ਤੇ ਰਹਿੰਦਾ ਹੈ।

ਭੁਪਿੰਦਰ ਤੇ ਸੁਰਜੀਤ ਦਸਵੀਂ ਤੱਕ ਇਕ ਹੀ ਕਲਾਸ ਵਿਚ ਪੜ੍ਹਦੇ ਆ ਰਹੇ ਹਨ। ਭੁਪਿੰਦਰ ਤੇ ਸੁਰਜੀਤ ਦਾ ਆਪਸ ਵਿਚ ਕਾਫ਼ੀ ਮੋਹ ਹੈ। ਕਿਸੇ ਨਾ ਕਿਸੇ ਬਹਾਨੇ, ਸੁਰਜੀਤ ਉਸ ਕੋਲੋਂ ਸਵਾਲ ਆਦਿ ਸਮਝਣ ਦੇ ਬਹਾਨੇ ਕਿੰਨਾ ਚਿਰ ਬੈਠੀ ਗੱਲਾਂ ਵੀ ਮਾਰਦੀ ਰਹਿੰਦੀ ਹੈ।

ਦਸਵੀਂ ਦਾ ਸਾਲਾਨਾ ਨਤੀਜਾ ਨਿਕਲਦਾ ਹੈ, ਤਾਂ ਭੁਪਿੰਦਰ ਮੈਰਿਟ ਵਿਚ ਸਟੈਂਡ ਕਰਦਾ ਹੈ। ਪਰ ਸੁਰਜੀਤ ਸੈਕਿੰਡ ਕਲਾਸ ਵਿਚ ਪਾਸ ਹੁੰਦੀ ਹੈ। ਸੁਰਜੀਤ ਭੁਪਿੰਦਰ ਨੂੰ ਇਕ ਹੀ ਕਲਾਸ ਵਿਚ ਪੜ੍ਹਨ ਲਈ ਆਖਦੀ ਹੈ, ਪਰ ਭੁਪਿੰਦਰ ਆਪਣੀ ਮਜਬੂਰੀ ਦੱਸਦਾ ਹੋਇਆ ਕਹਿੰਦਾ ਹੈ, "ਸੁਰਜੀਤ ਮੈਂ ਦਸਵੀਂ ਤੋਂ ਅੱਗੇ ਨਹੀਂ ਪੜ੍ਹ ਸਕਦਾ ਕਿਉਂਕਿ ਮੇਰੇ ਬੀਜੀ ਆਖਦੇ ਹਨ ਕਿ ਹੁਣ ਮੈਂ ਕਾਲਜ ਦਾ ਖ਼ਰਚਾ ਤੈਨੂੰ ਨਹੀਂ ਦੇ ਸਕਦੀ, ਤੂੰ ਕੋਈ ਨੌਕਰੀ ਲੱਭ ਲੈ।"

ਪਰ ਸੁਰਜੀਤ ਉਸਨੂੰ ਦਿਲਾਸਾ ਦੇਂਦੀ ਹੋਈ ਬੜੇ ਮਾਯੂਸ ਬੋਲਾਂ ਵਿਚ ਆਖਦੀ ਹੈ, "ਭੁਪਿੰਦਰ ਵੇਖ ਮੈਂ ਤੈਨੂੰ ਸਾਰਾ ਖ਼ਰਚਾ ਦੇਵਾਂਗੀ। ਕਿਤਾਬਾਂ, ਕੱਪੜੇ ਤੇ ਹੋਰ ਆਰਥਿਕ ਲੋੜਾਂ ਪੂਰੀਆਂ ਕਰਾਂਗੀ, ਭੁਪਿੰਦਰ ਤੂੰ ਜ਼ਰੂਰ ਦਾਖਲ ਹੋ। ਤੂੰ ਆਪਣੇ ਬੀਜੀ ਨੂੰ ਮਨਾ ਲੈ ਕਿ ਮੈਂ ਆਪਣਾ ਖ਼ਰਚਾ ਖ਼ੁਦ ਆਪ ਕਰ ਲਵਾਂਗਾ ਤੇ ਮੈਨੂੰ ਕਾਲਜ ਦਾਖਲ ਹੋਣ ਦਿਓ।"

ਭੁਪਿੰਦਰ ਸੁਰਜੀਤ ਦੇ ਏਨੇ ਵੱਡੇ ਉਪਕਾਰ ਤੇ ਅਹਿਸਾਨ ਹੇਠਾਂ ਸੁਰਜੀਤ ਦੇ ਮੋਹ ਸਦਕੇ ਉਹ ਆਪਣੀ ਮਾਂ ਨੂੰ ਮਨਾ ਲੈਂਦਾ ਹੈ।

ਹੁਣ ਸੁਰਜੀਤ ਤੇ ਭੁਪਿੰਦਰ ਇਕ ਕਾਲਜ ਵਿਚ ਦਾਖਲ ਹੋ ਜਾਂਦੇ ਹਨ। ਦੋਵੇਂ ਹੀ ਬੜੇ ਖੁਸ਼ ਹਨ। ਕਾਲਜ ਵਿਚ ਦਾਖਲੇ ਦਾ ਅਤੇ ਪੁਸਤਕਾਂ ਦਾ ਸਾਰਾ ਖ਼ਰਚਾ ਸੁਰਜੀਤ ਹੀ ਅਦਾ ਕਰਦੀ ਹੈ। ਏਥੋਂ ਤੱਕ ਉਹ ਭੁਪਿੰਦਰ ਨੂੰ ਵਧੀਆ ਕੱਪੜੇ, ਪਗੜੀ ਤੇ ਇਕ ਸੁੰਦਰ ਘੜੀ ਵੀ ਹੱਥੀਂ ਖ਼ਰੀਦ ਕੇ ਦੇਂਦੀ ਹੈ। ਭੁਪਿੰਦਰ, ਜਦੋਂ ਉਸ ਕੋਲੋਂ ਇਹ ਚੀਜ਼ਾਂ ਲੈਂਦਾ ਹੈ, ਤਾਂ ਉਹ ਖੁਸ਼ ਤਾਂ ਹੁੰਦਾ ਹੈ ਪਰ ਕੁਝ ਸ਼ਰਮਿੰਦਗੀ ਜਹੀ ਮਹਿਸੂਸ ਵੀ ਕਰਦਾ ਹੈ। ਜਿਵੇਂ ਉਸਦੀ ਗੁਰਬਤ ਖ਼ਰੀਦੀ ਜਾ ਰਹੀ ਹੋਵੇ। ਪਰ ਸੁਰਜੀਤ ਦੇ ਮੋਹ ਕਰਕੇ, ਉਸਦੀ ਖੁਸ਼ੀ ਕਰਕੇ ਉਹ ਸਭ ਕੁਝ ਸਵੀਕਾਰਦਾ ਹੈ। ਉਹ ਸੁਰਜੀਤ ਦੇ ਬੁਲੰਦੀਆਂ ਭਰੇ ਮੋਹ ਦੇ ਸ਼ੀਸ਼ੇ ਦੇ ਟੁਕੜੇ-ਟੁਕੜੇ ਵੀ ਨਹੀਂ ਕਰਨਾ ਚਾਹੁੰਦਾ। ਉਸਨੂੰ ਪਤਾ ਹੈ ਕਿ ਮੇਰੀ ਨਾਂਹ ਦੇ ਪੱਥਰ ਉਸਦੇ ਜਜ਼ਬਾਤ ਨੂੰ ਕਿਰਚੀਆਂ ਵਿਚ ਬਦਲ ਸਕਦੇ ਹਨ।

ਹੁਣ ਦੋਵੇਂ ਪ੍ਰੀ-ਮੈਡੀਕਲ ਵਿਚ ਦਾਖਲਾ ਲੈ ਲੈਂਦੇ ਹਨ। ਕਾਲਜ ਵਿਚ ਉਨ੍ਹਾਂ ਦੀਆਂ ਨਿੱਕੀਆਂ-ਨਿੱਕੀਆਂ ਲੁਕਵੀਆਂ ਤੇ ਅਲੁਕਵੀਆਂ ਮੁਲਾਕਾਤਾਂ ਹੁੰਦੀਆਂ ਰਹਿੰਦੀਆਂ ਹਨ।

ਇਕ ਵਾਰੀ ਸੁਰਜੀਤ ਤੇ ਭੁਪਿੰਦਰ ਦੋਵੇਂ ਕਾਲਜ ਦੇ ਇਕ ਲਾਅਨ ਵਿਚ, ਇਕਾਂਤ ਵਾਤਾਵਰਣ ਵਿਚ ਬੈਠੇ ਆਪਣੇ ਅਲਫ਼ਾਜ਼ਾਂ ਦੀ ਕਿਸ਼ਤੀ ਨੂੰ ਮੋਹ ਦੇ ਸਾਗਰ ਵਿਚ, ਜ਼ਿੰਦਗੀ ਦੇ ਚੱਪੂਆਂ ਨਾਲ, ਬੜੀ ਹੌਲੀ-ਹੌਲੀ ਮੱਧਮ ਤੌਰ ਵਿਚ ਲਿਜਾ ਰਹੇ ਸਨ।

ਸੁਰਜੀਤ ਘਾਹ ਦੀ ਇਕ ਤਿੜ ਨੂੰ ਮੂੰਹ ਵਿਚ ਚਿੱਬਦੀ ਹੋਈ ਤੇ ਬਿਲਾ ਵਜ੍ਹਾ ਹੀ ਆਪਣੀ ਕਾਪੀ ਦੇ ਵਰਕੇ ਥੱਲਦੀ ਹੋਈ ਭੁਪਿੰਦਰ ਵੱਲ ਗਹੁ ਭਰੀਆਂ ਨਜ਼ਰਾਂ ਨਾਲ ਤੱਕਦੀ ਹੋਈ ਕਹਿ ਰਹੀ ਸੀ, "ਭੁਪਿੰਦਰ, ਸੱਚੀਂ ਤੂੰ ਮੈਨੂੰ ਏਨਾ ਚੰਗਾ ਕਿਉਂ ਲੱਗਦਾ ਏਂ ?" ਤੇ ਫਿਰ ਆਪੇ ਹੀ ਸ਼ਰਮ ਵਿਚ ਲਾਲ ਹੋ ਜਾਂਦੀ ਤੇ ਭੁਪਿੰਦਰ ਅੱਖੀਆਂ-ਅੱਖੀਆਂ 'ਚ ਇਸਦੇ ਅਰਥ ਸਮਝਾ ਦੇਂਦਾ।

ਭੁਪਿੰਦਰ ਤੈਨੂੰ ਉਨਾਬੀ ਰੰਗ ਦੀ ਪੱਗ ਬਹੁਤ ਜੱਚਦੀ ਏ। ਸਾਡੇ ਕਾਲਜ ਵਿਚ ਕੀ ਸਾਡੇ ਸਾਰੇ ਸ਼ਹਿਰ ਵਿਚ ਤੇਰੇ ਵਰਗੀ ਕੋਈ ਪਗੜੀ ਨਹੀਂ ਬੰਨ੍ਹ ਸਕਦਾ। ਵੇਖ ਨਾ, ਕਿੱਦਾਂ ਤੇਰੀ ਪਗੜੀ ਦੇ ਲੜਾਂ ਵਿਚ, ਇਕੋ ਜਿੰਨੇ ਫਾਸਲੇ ਦੀ ਕਲਾਮਈ ਤਰਤੀਬ। ਹਰ ਇਕ ਲੜ ਦਾ ਫਾਸਲਾ ਦੂਸਰੇ ਲੜ ਦੇ ਫਾਸਲੇ ਜਿੰਨਾ ਬਰਾਬਰ। ਖ਼ਰਬੂਜ਼ੇ ਦੀ ਧੁੰਨੀ 'ਚੋਂ ਨਿਕਲਦੀਆਂ ਬਰਾਬਰ ਫਾਸਲੇ ਦੀਆਂ ਮੋਟੀਆਂ-ਮੋਟੀਆਂ ਧਾਰੀਆਂ ਵਾਂਗੂ। ਸੱਜੇ ਤੇ ਖੱਬੇ ਦੋਵੇਂ ਪਾਸਿਆਂ ਤੋਂ ਲੜ ਕਿੰਨੇ ਸਾਫ਼ ਨਜ਼ਰ ਆਉਂਦੇ ਹਨ। ਫਿਫਟੀ ਬਿਲਕੁਲ ਨਿੱਕੀ ਜਹੀ, ਅੰਗਰੇਜ਼ੀ ਦੇ ਲਫ਼ਜ਼ 'ਏ' ਦੀ ਸ਼ਕਲ ਵਰਗੀ। ਹਾਂ, ਭੁਪਿੰਦਰ ਤੇਰੀਆਂ ਨਿੱਕੀਆਂ-ਨਿੱਕੀਆਂ ਕੁੰਡਲਦਾਰ ਮੁੱਛਾਂ, ਨਿੱਕੀ-ਨਿੱਕੀ ਦਾੜ੍ਹੀ ਤੇਰੇ ਚਿਹਰੇ 'ਤੇ ਬੜੀ ਜੱਚਦੀ ਏ।" ਤੇ ਨਾਲ ਹੀ ਨਾਲ ਉਹ ਆਵੇਸ਼ ਵਿਚ ਭੁਪਿੰਦਰ ਦੀ ਦਾੜ੍ਹੀ 'ਤੇ ਪੋਲਾ ਜਿਹਾ ਹੱਥ ਫੇਰ ਜਾਂਦੀ।

ਭੁਪਿੰਦਰ ਉਸਦੀ ਉਂਗਲ ਹੱਥ ਵਿਚ ਫੜਦਾ ਹੋਇਆ ਆਖਦਾ, "ਸੁਰਜੀਤ, ਇਹ ਸਭ ਕੁਝ ਤੈਨੂੰ ਤਾਂ ਹੀ ਚੰਗਾ ਲੱਗਦਾ ਏ, ਮੋਹ ਤਾਂ ਹੈ ਹੀ ਏ ਪਰ ਇਹ ਕੱਪੜੇ, ਬੂਟ, ਇਹ ਪਗੜੀ ਤੇਰੇ ਹੀ ਤਾਂ ਹਨ ਤੇ ਖ਼ੁਦ ਮੈਂ ਵੀ।"

ਹੁਣ ਇਸ ਤਰ੍ਹਾਂ ਦੀਆਂ ਕਈ ਮੁਲਾਕਾਤਾਂ ਹੁੰਦੀਆਂ ਰਹਿੰਦੀਆਂ ਸਨ। ਭੁਪਿੰਦਰ ਹੁਣ ਪਹਿਲੇ ਨਾਲੋਂ ਵੀ ਜ਼ਿਆਦਾ ਹੁਸ਼ਿਆਰ ਹੁੰਦਾ ਜਾ ਰਿਹਾ ਸੀ।

ਕਾਲਜ ਦਾ ਸਾਲਾਨਾ ਸਮਾਗਮ ਸੀ। ਸੁਰਜੀਤ ਇਕ ਨਾਟਕ ਵਿਚ ਭਾਗ ਲੈ ਰਹੀ ਸੀ। ਇਕ ਸਰਦਾਰ ਲੜਕੇ ਦੇ ਪਾਤਰ ਵਜੋਂ। ਨਾਟਕ ਦੀ ਤਿਆਰੀ ਸਮੇਂ ਸੁਰਜੀਤ, ਭੁਪਿੰਦਰ ਕੋਲੋਂ ਹੀ ਪਗੜੀ ਬੰਨਵਾ ਰਹੀ ਸੀ। ਉਹ ਕਮਰੇ ਦੀ ਇਕ ਨੁੱਕਰ ਵਿਚ ਸੁਰਜੀਤ ਨੂੰ ਬੜੇ ਇਤਮੀਨਾਨ ਨਾਲ ਪਗੜੀ ਬੰਨ੍ਹ ਰਿਹਾ ਸੀ। ਪਗੜੀ ਬੰਨ੍ਹਣ ਤੋਂ ਬਾਅਦ ਭੁਪਿੰਦਰ ਨੇ ਆਪਣੇ ਕੋਮਲ ਪੋਟਿਆਂ ਨਾਲ ਸੁਰਜੀਤ ਦੀ ਗਲ੍ਹ ਨੂੰ ਥਪਥਪਾਇਆ। ਮਖੌਲ ਦੀ ਮੁਦਰਾ ਵਿਚ ਕਿਹਾ, "ਸੱਚੀਂ, ਸੁਰਜੀਤ ਤੂੰ ਅਗਰ ਸਰਦਾਰਾਂ ਦਾ ਮੁੰਡਾ ਹੁੰਦੀ, ਤਾਂ ਬਹੁਤ ਸੋਹਣਾ ਲੱਗਣਾ ਸੀ। ਤੈਨੂੰ ਪਗੜੀ ਬਹੁਤ ਜੱਚੀ ਏ।" ਸੁਰਜੀਤ ਦੀਆਂ ਅੱਖਾਂ ਵਿਚ ਸ਼ਰਮ ਤੈਰ ਗਈ ਤੇ ਉਹ ਦੌੜ ਕੇ ਆਪਣੀਆਂ ਸਹੇਲੀਆਂ ਵਿਚ ਰਲ ਗਈ, ਨਾਟਕ ਦੀ ਰਿਹਰਸਲ ਵਾਸਤੇ।

ਸਟੇਜ 'ਤੇ ਨਾਟਕ ਖੇਡਿਆ ਗਿਆ। ਨਾਟਕ ਦੀ ਸਫ਼ਲਤਾ ਦਾ ਸਿਹਰਾ ਸੁਰਜੀਤ ਨੂੰ ਜਾਂਦਾ ਸੀ। ਸਮਾਗਮ ਦੀ ਅਲਵਿਦਾ ਤੋਂ ਬਾਅਦ, ਕਾਲਜ ਦੀ ਪੜ੍ਹਾਈ ਫਿਰ ਸ਼ੁਰੂ ਹੋ ਚੁੱਕੀ ਸੀ। ਸਾਲਾਨਾ ਪੇਪਰਾਂ ਵਿਚ ਕੁਝ ਹੀ ਦਿਨ ਬਾਕੀ ਸਨ।

ਸਾਲਾਨਾ ਪੇਪਰ ਹੋ ਗਏ ਸਨ। ਭੁਪਿੰਦਰ ਨੇ ਯੂਨੀਵਰਸਿਟੀ 'ਚੋਂ ਪਹਿਲੇ ਦਰਜੇ ਵਿਚ ਸਟੈਂਡ ਕੀਤਾ। ਸੁਰਜੀਤ ਵੀ ਪਾਸ ਹੋ ਗਈ ਸੀ। ਭੁਪਿੰਦਰ ਨੂੰ ਅਥਾਹ ਖੁਸ਼ੀ ਸੀ ਪਰ ਸੁਰਜੀਤ ਨੂੰ ਭੁਪਿੰਦਰ ਦੀ ਨਹੀਂ ਉਸਦੀ ਆਪਣੀ ਹੀ ਖੁਸ਼ੀ ਹੋਵੇ।

ਭੁਪਿੰਦਰ ਤੇ ਸੁਰਜੀਤ ਕਾਲਜ ਵਿਚ ਹਮਸਹਿਪਾਠੀਆਂ ਨੂੰ ਪਾਰਟੀ ਦੇ ਰਹੇ ਸੀ। ਭੁਪਿੰਦਰ ਤੇ ਸੁਰਜੀਤ ਦੇ ਪਿਆਰ ਬਾਰੇ ਸਹਿਪਾਠੀਆਂ ਨੂੰ ਪਤਾ ਸੀ। ਪਾਰਟੀ ਨੂੰ ਅਲਵਿਦਾ ਕਹਿੰਦੇ ਹੋਏ ਉਹ ਦੋਵੇਂ ਇਕ ਲਾਇਨ ਵਿਚ ਬੈਠ ਗਏ। ਤਿੱਖੀ-ਤਿੱਖੀ ਸਰਦੀਆਂ ਦੀ ਧੁੱਪ ਆਨੰਦ ਦੇ ਰਹੀ ਸੀ।

"ਭੁਪਿੰਦਰ ਤੂੰ ਹੁਣ ਮੈਡੀਕਲ ਕਾਲਜ ਵਿਚ ਦਾਖਲਾ ਲੈ ਲੈ", ਸੁਰਜੀਤ ਨੇ ਪਿਆਰ 'ਚ ਉਤਰਦਿਆਂ ਕਿਹਾ।

"ਨਹੀਂ ਸੁਰਜੀਤ, ਮੈਡੀਕਲ ਕਾਲਜ ਦਾ ਏਨਾ ਖ਼ਰਚਾ...।"

"ਤੂੰ ਚਿੰਤਾ ਨਾ ਕਰ, ਉਹ ਸਭ ਮੈਂ ਵੇਖ ਲਵਾਂਗੀ। ਤੂੰ ਐਡਮੀਸ਼ਨ ਤਾਂ ਲੈ, ਐਡਮੀਸ਼ਨ ਵਿਚ ਤੈਨੂੰ ਕਿਹੜੀ ਕੋਈ ਦਿੱਕਤ ਹੋਣੀ ਏ। ਮੈਂ ਚਾਹੁੰਦੀ ਹਾਂ ਤੂੰ ਐੱਮ.ਡੀ. ਕਰਕੇ ਬਾਹਰ ਆਏਂ। ਮੈਨੂੰ ਬੜੀ ਖੁਸ਼ੀ ਹੋਵੇਗੀ। ਤੂੰ ਮੇਰੀ ਮੰਨ। ਤੂੰ ਦਾਖਲਾ ਲੈ। ਖ਼ਰਚਾ ਮੈਂ ਪਹੁੰਚਾਇਆ ਕਰਾਂਗੀ।"

ਭੁਪਿੰਦਰ ਨੇ ਸੁਰਜੀਤ ਦੇ ਅਲਫ਼ਾਜ਼ਾਂ ਨੂੰ ਸਿਰ ਮੱਥੇ ਕਬੂਲ ਕਰ ਲਿਆ। ਏਸੇ ਹੀ ਸ਼ਹਿਰ ਦੇ ਮੈਡੀਕਲ ਕਾਲਜ ਵਿਚ ਭੁਪਿੰਦਰ ਦਾਖਲਾ ਲੈ ਲੈਂਦਾ ਹੈ ਤੇ ਸੁਰਜੀਤ ਪਹਿਲੇ ਕਾਲਜ ਵਿਚ ਹੀ ਦਾਖਲਾ ਲੈ ਲੈਂਦੀ ਹੈ।

ਸੁਰਜੀਤ ਤੇ ਭੁਪਿੰਦਰ ਦੀਆਂ ਮੁਲਾਕਾਤਾਂ ਹੁੰਦੀਆਂ ਰਹਿੰਦੀਆਂ ਸਨ। ਪਿਕਚਰ ਦੇਖਣਾ, ਸ਼ਾਪਿੰਗ ਕਰਨਾ ਕਦੀ-ਕਦੀ ਹੋ ਜਾਂਦਾ ਸੀ।

ਐੱਮ.ਬੀ.ਬੀ.ਐੱਸ. ਦੇ ਦੂਸਰੇ ਸਾਲ ਵਿਚ ਜਦੋਂ ਭੁਪਿੰਦਰ ਨੇ ਪ੍ਰਵੇਸ਼ ਕੀਤਾ, ਤਾਂ ਅਚਾਨਕ ਹੀ ਸੁਰਜੀਤ ਦੇ ਪਿਤਾ ਨੂੰ ਇਕ ਚੰਗਾ ਲੜਕਾ ਮਿਲਣ 'ਤੇ ਸੁਰਜੀਤ ਦੀ ਜਲਦੀ ਹੀ ਸ਼ਾਦੀ ਕਰ ਦਿੱਤੀ। ਪਰ ਸ਼ਾਦੀ ਤੋਂ ਪਹਿਲਾਂ ਸੁਰਜੀਤ, ਭੁਪਿੰਦਰ ਨੂੰ ਮਿਲੀ ਸੀ, "ਭੁਪਿੰਦਰ, ਮੇਰੀ ਸ਼ਾਦੀ ਹੋਣ ਵਾਲੀ ਏ, ਥੋੜ੍ਹੇ ਦਿਨਾਂ ਤੱਕ। ਤੂੰ ਲਗਾਤਾਰ ਪੜ੍ਹਾਈ ਜਾਰੀ ਰੱਖੀਂ। ਤੈਨੂੰ ਸਾਰਾ ਖ਼ਰਚਾ ਪਹੁੰਚਦਾ ਰਹੇਗਾ ਸਾਡੀ ਨੌਕਰਾਣੀ ਏ, ਉਸਦੀ ਲੜਕੀ ਏ 'ਸਵਿਤਾ'। ਉਹ ਤੈਨੂੰ ਸਾਰਾ ਖ਼ਰਚਾ ਪਹੁੰਚਾਇਆਂ ਕਰੇਗੀ। ਮੈਂ ਉਸਨੂੰ ਤੇਰੇ ਬਾਰੇ ਦੱਸ ਦਿੱਤਾ ਏ। ਉਸਨੇ ਤੈਨੂੰ ਵੇਖਿਆ ਹੋਇਆ ਏ। ਤੈਨੂੰ ਚੰਗੀ ਤਰ੍ਹਾਂ ਜਾਣਦੀ ਏ। ਪਰ ਤੂੰ ਮੈਨੂੰ ਮਿਲਣ ਦੀ ਤਾਂਗ ਨਾ ਕਰੀਂ। ਮੈਂ ਹੀ ਤੈਨੂੰ ਮਿਲਿਆ ਕਰਾਂਗੀ। ਕਿਉਂਕਿ ਮੈਂ ਜਿਸ ਘਰ ਵਿਚ ਵਿਆਹੀ ਜਾਣਾ ਏ, ਉਨ੍ਹਾਂ ਲੋਕਾਂ ਦਾ ਆਰਥਿਕ ਤੇ ਰਾਜਨੀਤਕ ਪੱਧਰ ਸਾਡੇ ਸਮਾਜ ਵਿਚ ਬਹੁਤ ਹੀ ਉੱਚਾ ਏ। ਤੂੰ ਮੇਰੀਆਂ ਗੱਲਾਂ ਦਾ ਬੁਰਾ ਮਹਿਸੂਸ ਨਾ ਕਰੀਂ। ਪਰ ਤੂੰ ਮੇਰਾ ਕਹਿਣਾ ਨਹੀਂ ਮੋੜੇਂਗਾ।"

ਭੁਪਿੰਦਰ ਨੂੰ ਸੁਰਜੀਤ ਦੀ ਸ਼ਾਦੀ ਦੀ ਖੁਸ਼ੀ ਤਾਂ ਸੀ ਪਰ ਉਸਨੂੰ ਇਹ ਦੁੱਖ ਸੀ ਕਿ ਉਹ ਸੁਰਜੀਤ ਨੂੰ ਅਪਨਾ ਨਹੀਂ ਸੀ ਸਕਿਆ। ਫਿਰ ਵੀ ਉਸਨੂੰ ਅੰਤਾਂ ਦੀ ਖੁਸ਼ੀ ਸੀ ਕਿ ਸੁਰਜੀਤ ਨੂੰ ਬਹੁਤ ਚੰਗਾ ਘਰ ਵਰ ਮਿਲਿਆ ਏ।

ਸ਼ਾਦੀ ਤੋਂ ਬਾਅਦ ਸੁਰਜੀਤ ਆਪਣੇ ਸਹੁਰੇ ਚਲੀ ਗਈ।

ਹੁਣ ਨੌਕਰਾਣੀ ਦੀ ਲੜਕੀ ਸਵਿਤਾ ਦੇ ਜ਼ਰੀਏ ਉਸ ਦੀਆਂ ਸਾਰੀਆਂ ਆਰਥਿਕ ਲੋੜਾਂ ਪੂਰੀਆਂ ਹੁੰਦੀਆਂ ਰਹਿੰਦੀਆਂ, ਕਦੀ-ਕਦੀ ਸਵਿਤਾ, ਭੁਪਿੰਦਰ ਨੂੰ ਹੋਸਟਲ ਵਿਚ ਟੈਲੀਫ਼ੋਨ ਕਰਕੇ ਬਾਹਰ ਬੁਲਾ ਲੈਂਦੀ ਤੇ ਉਥੇ ਹੀ ਉਸਨੂੰ ਪੈਸੇ, ਕੱਪੜੇ, ਕਿਤਾਬਾਂ ਆਦਿ ਦਾ ਖ਼ਰਚਾ, ਸੁਰਜੀਤ ਵੱਲੋਂ ਭੇਜਿਆ, ਦੇ ਦਿੰਦੀ। ਰੇਸਤਰਾਂ ਵਿਚ ਬੈਠੇ ਭੁਪਿੰਦਰ ਤੇ ਸਵਿਤਾ ਕਿੰਨਾ-ਕਿੰਨਾ ਚਿਰ ਸੁਰਜੀਤ ਦੀਆਂ ਗੱਲਾਂ ਵੀ ਕਰਦੇ ਰਹਿੰਦੇ। ਭੁਪਿੰਦਰ ਉਸਦੇ ਦੰਪਤੀ ਜੀਵਨ ਬਾਰੇ ਸੁੱਖ-ਸਾਂਦ ਪੁੱਛਦਾ ਰਹਿੰਦਾ। ਇਸ ਤਰ੍ਹਾਂ ਦਿਨ, ਮਹੀਨੇ, ਸਾਲ ਆਪਣੀ ਰਫਤਾਰ ਨਾਲ ਸਮੇਂ ਵਿਚੋਂ ਘਟਦੇ ਗਏ।

ਭੁਪਿੰਦਰ ਹੁਣ ਐੱਮ.ਡੀ. ਕਰ ਚੁੱਕਾ ਸੀ। ਤੇ ਉਹ ਆਪਣੇ ਸਰਟੀਫਿਕੇਟ ਲੈ ਕੇ ਬੜੀ ਖੁਸ਼ੀ-ਖੁਸ਼ੀ ਜਿਵੇਂ ਉਸਨੇ ਆਪਣੀ ਮੰਜ਼ਿਲ ਕਿਸੇ ਲਈ ਸਰ ਕਰ ਲਈ ਹੋਵੇ। ਕਿਸੇ ਦੀਆਂ ਤਮੰਨਾ ਦੇ ਬੂਟੇ ਨੂੰ ਉਸਦੀ ਮਿਹਨਤ ਸਦਕਾ ਸ਼ਗੂਫੇ ਲੱਗੇ ਹੋਣ। ਭੁਪਿੰਦਰ ਨੇ ਇਕ ਮਠਿਆਈ ਦਾ ਡੱਬਾ ਤੇ ਇਕ ਖ਼ੂਬਸੂਰਤ ਸਾੜ੍ਹੀ ਖ਼ਰੀਦੀ ਤੇ ਸਵਿਤਾ ਦੇ ਘਰ ਚਲਾ ਗਿਆ। ਸਵਿਤਾ ਆਪਣੇ ਬਰਾਮਦੇ ਵਿਚ ਬੈਠੀ ਅਖ਼ਬਾਰ ਪੜ੍ਹ ਰਹੀ ਸੀ। ਭੁਪਿੰਦਰ ਦੀ ਅਚਾਨਕ ਆਮਦ ਵੇਖ ਕੇ ਉਹ ਏਦਾਂ ਖਿਲ ਗਈ, ਜਿਵੇਂ ਪੱਤਝੜਾਂ ਵਿਚ ਅਚਾਨਕ ਬਹਾਰ ਆ ਗਈ ਹੋਵੇ।

ਸਵਿਤਾ ਐੱਮ.ਏ. ਬੀ.ਐਡ. ਕਰਕੇ ਇਕ ਸਰਕਾਰੀ ਸਕੂਲ ਵਿਚ ਅਧਿਆਪਕਾ ਦਾ ਫਰਜ਼ ਨਿਭਾ ਰਹੀ ਹੈ।

ਭੁਪਿੰਦਰ ਨੇ ਕੁਰਸੀ 'ਤੇ ਬੈਠਦਿਆਂ ਸਾਰ ਹੀ ਸਵਿਤਾ ਨੂੰ ਖੁਸ਼ੀ ਵਿਚ ਝੂਮਦਿਆਂ ਕਿਹਾ, "ਸਵਿਤਾ ਜੀ, ਬਸ ਇਕ ਵਾਰੀ ਸੁਰਜੀਤ ਨੂੰ ਮਿਲਾ ਦਿਓ। ਮੇਰੀ ਬੜੀ ਦਿਲੀ ਤਮੰਨਾ ਹੈ ਕਿ ਮੈਂ ਉਸਨੂੰ ਸਰਵਿਸ ਜੁਆਇਨ ਕਰਨ ਤੋਂ ਪਹਿਲਾਂ ਜ਼ਰੂਰ ਮਿਲਾਂ। ਉਸਦਾ ਧੰਨਵਾਦ ਕਰਾਂ, ਜਿਸਨੇ ਮੇਰੀ ਹਨੇਰੀ ਜ਼ਿੰਦਗੀ ਨੂੰ ਰੁਸ਼ਨਾਇਆ। ਪਲੀਜ਼! ਉਸਨੂੰ ਕਿਸੇ ਨਾ ਕਿਸੇ ਬਹਾਨੇ ਟੈਲੀਫ਼ੋਨ ਕਰਕੇ ਬੁਲਾ ਲਵੋ। ਉਹ ਜ਼ਰੂਰ ਆਵੇਗੀ। ਉਹ ਬੜੀ ਖੁਸ਼ ਹੋਵੇਗੀ। ਬਸ, ਉਸਨੂੰ ਮੈਂ ਮਿਲਣਾ ਚਾਹੁੰਦਾਂ। ਆ ਵੇਖੋ, ਮੈਂ ਉਸ ਲਈ ਸਾੜ੍ਹੀ ਖ਼ਰੀਦ ਕੇ ਲਿਆਇਆਂ, ਆਪਣੀ ਖੁਸ਼ੀ ਦਾ ਪ੍ਰਗਟਾਵਾ।" ਉਹ ਇਕੋ ਸਾਹੇ ਆਵੇਸ਼ ਵਿਚ ਕਈ ਕੁਝ ਬੋਲ ਗਿਆ।

ਪਰ ਸਵਿਤਾ ਦੀਆਂ ਅੱਖਾਂ ਵਿਚੋਂ ਮੋਟੇ-ਮੋਟੇ ਗਲੇਡੂਆਂ ਦਾ ਡਿੱਗਣਾ, ਉਸਦਾ ਨੀਵੀਂ ਪਾ ਕੇ ਬੈਠੇ ਰਹਿਣਾ, ਕਿਸੇ ਮਾਤਮ ਦਾ ਸੂਚਕ ਬਣ ਗਿਆ।

"ਸਵਿਤਾ ਜੀ, ਤੁਸੀਂ ਮੇਰਾ ਜੁਆਬ ਨਹੀਂ ਦਿੱਤਾ। ਕਰਕੇ ਆਓ ਨਾ ਟੈਲੀਫ਼ੋਨ ਸੁਰਜੀਤ ਨੂੰ। ਤੁਸੀਂ ਰੋ ਰਹੇ ਹੋ। ਕੀ ਗੱਲ ਏ ? ਤੁਸੀਂ ਕਿਉਂ ਰੋ ਰਹੇ ਹੋ। ਕੋਈ ਗੱਲ ਵੀ ਤਾਂ ਦੱਸੋ ?"

ਸਵਿਤਾ ਨੇ ਜਿਗਰਾ ਰੱਖਦਿਆਂ ਹੌਲੀ ਜਿਹੀ ਕਿਹਾ, "ਸੁਰਜੀਤ ਤਾਂ ਮਰ ਚੁੱਕੀ ਏ! ਉਹ ਇਸ ਦੁਨੀਆਂ ਵਿਚ ਨਹੀਂ।"

"ਹੈਂ! ਕੀ ਆਖਦੇ ਹੋ।" ਤੇ ਭੁਪਿੰਦਰ ਦੇ ਹੱਥੋਂ ਸਾੜ੍ਹੀ ਤੇ ਮਠਿਆਈ ਦਾ ਡੱਬਾ ਖੁੱਲ੍ਹ ਕੇ ਖਿਲਰ ਗਿਆ। ਉਹ ਮੱਥੇ 'ਤੇ ਹੱਥ ਰੱਖ ਕੇ ਉੱਚੀ-ਉੱਚੀ ਰੋਣ ਲੱਗ ਪਿਆ। ਅੱਖਾਂ ਵਿਚ ਹੰਝੂ ਤੇ ਥਿੜਕਦੇ ਬੋਲਾਂ ਵਿਚ ਭੁਪਿੰਦਰ ਬੋਲੀ ਜਾ ਰਿਹਾ ਸੀ। ਪਾਗਲਾਂ ਵਾਂਗ, "ਤੁਸੀਂ ਝੂਠ ਮਾਰਦੇ ਹੋ! ਸੁਰਜੀਤ ਨਹੀਂ ਮਰ ਸਕਦੀ। ਉਹ ਮੇਰੇ ਲਈ ਜ਼ਿੰਦਾ ਹੈ।" ਤੇ ਉਹ ਪਾਗਲਾਂ ਵਾਂਗ ਉੱਚੀ-ਉੱਚੀ ਸੁਰਜੀਤ, ਸੁਰਜੀਤ ਆਵਾਜ਼ਾਂ ਮਾਰ ਕੇ ਚੁੱਪ ਹੋ ਗਿਆ।

"ਸੁਰਜੀਤ ਕਿਵੇਂ ਮਰੀ ? ਕਿਉਂ ਮਰੀ ?" ਸਵਿਤਾ ਨੇ ਹੰਝੂ ਪੂੰਝਦਿਆਂ ਸਪੱਸ਼ਟ ਕਰਦਿਆਂ ਕਿਹਾ, "ਜਦੋਂ ਤੁਸੀਂ ਐੱਮ.ਬੀ.ਬੀ.ਐੱਸ. ਦੇ ਤੀਸਰੇ ਸਾਲ ਵਿਚ ਦਾਖਲ ਹੋਏ, ਤਾਂ ਉਸ ਸਮੇਂ ਉਸਨੇ ਮੈਨੂੰ ਆਪਣੇ ਸਹੁਰੇ ਸ਼ਹਿਰ ਹਸਪਤਾਲ ਬੁਲਾਇਆ। ਜਾ ਕੇ ਪਤਾ ਲੱਗਾ ਕਿ ਸੁਰਜੀਤ ਚੰਦ ਦਿਨਾਂ ਦੀ ਮਹਿਮਾਨ ਹੈ। ਉਸਨੂੰ ਕੈਂਸਰ ਸੀ। ਉਹ ਆਖਰੀ ਸਟੇਜ 'ਤੇ ਸੀ। ਮਰਨ ਤੋਂ ਕੁਝ ਦਿਨਾਂ ਪਹਿਲਾਂ ਮੇਰੇ ਨਾਲ ਇਕ ਵਾਅਦਾ ਕਰਦੀ ਹੋਈ, ਤੁਹਾਡੇ ਨਾਂ ਦਾ ਇਕ ਖ਼ਤ ਫੜਾ ਗਈ ਸੀ ਤੇ ਤੀਹ ਲੱਖ ਰੁਪਏ ਤੁਹਾਡੀ ਪੜ੍ਹਾਈ ਲਈ ਦੇ ਗਈ ਸੀ। ਇਹ ਸਾਰੀ ਮੁਲਾਕਾਤ ਸੁਰਜੀਤ ਤੇ ਮੇਰੇ ਦਰਮਿਆਨ ਹਸਪਤਾਲ ਵਿਚ ਇਕ ਰਾਤ ਨੂੰ ਹੋਈ। ਮਰਨ ਦੀ ਸੂਚਨਾ ਤੁਹਾਡੇ ਤੱਕ ਪਹੁੰਚਾ ਤਾਂ ਦੇਂਦੀ ਪਰ ਸੁਰਜੀਤ ਮਨ੍ਹਾਂ ਕਰ ਗਈ ਸੀ। ਬਸ ਏਨਾ ਕਿਹਾ ਸੀ, "ਇਹ ਖ਼ਤ, ਜਦੋਂ ਉਹ ਪੜ੍ਹਾਈ ਪੂਰੀ ਕਰਕੇ ਆਉਣ, ਤਾਂ ਮੇਰੇ ਵੱਲੋਂ ਉਨ੍ਹਾਂ ਨੂੰ ਦੇ ਦੇਣਾ।"

ਸਵਿਤਾ ਤੋਂ ਖ਼ਤ ਫੜ ਕੇ ਉਸਨੇ ਮੱਥੇ ਨਾਲ ਲਾਇਆ, ਚੁੰਮਿਆ ਤੇ ਕਈ ਹੰਝੂ ਖ਼ਤ ਨੂੰ ਗਿੱਲਾ ਕਰ ਗਏ। ਖ਼ਤ ਖੋਲ੍ਹਿਆ। ਲਿਖਾਵਟ ਵਿਚੋਂ ਉਸਨੂੰ ਇੰਝ ਲੱਗਾ ਜਿਵੇਂ ਸੁਰਜੀਤ ਉਸ ਵਿਚੋਂ ਬੋਲ ਰਹੀ ਹੋਵੇ। ਉਸਦਾ ਚਿਹਰਾ, ਉਸ ਦੀਆਂ ਯਾਦਾਂ ਚਲ ਚਿੱਤਰ ਵਾਂਗ ਦਿਮਾਗ ਵਿਚ ਘੁੰਮ ਗਈਆਂ। ਖ਼ਤ ਵਿਚ ਲਿਖਿਆ ਸੀ।

ਪਿਆਰੇ ਭੁਪਿੰਦਰ ਜੀ,

ਹਮੇਸ਼ਾ ਹਮੇਸ਼ਾ ਯਾਦ!

ਮੈਂ ਬੜੀ ਮੁਸ਼ਕਿਲ ਨਾਲ ਗੁਸਲਖ਼ਾਨੇ ਵਿਚ ਖ਼ਤ ਲਿਖ ਰਹੀ ਹਾਂ। ਮੈਨੂੰ ਪਤਾ ਹੈ ਕਿ ਮੈਂ ਚੰਦ ਦਿਨਾਂ ਦੀ ਮਹਿਮਾਨ ਹਾਂ। ਆਖਰੀ ਸਾਹਾਂ 'ਤੇ ਹਾਂ। ਤੁਹਾਨੂੰ ਸੱਚੀਂ ਮਿਲਣ ਲਈ ਕਿੰਨਾ ਦਿਲ ਕਰਦਾ ਏ। ਹੰਝੂ ਰੁਕਦੇ ਨਹੀਂ। ਆਉਣਾ ਨਾ ਮੁਮਕਿੰਨ ਹੈ। ਉਹ ਯਾਦਾਂ ਮੁਬਾਰਕ! ਸਮਾਂ ਇਜ਼ਾਜ਼ਤ ਨਹੀਂ ਦੇਂਦਾ, ਅਲਵਿਦਾ ਭੁਪਿੰਦਰ ਜੀ!

ਮੇਰੀ ਆਖਰੀ ਤਮੰਨਾ ਹੈ ਕਿ ਤੁਸੀਂ ਸਵਿਤਾ ਨੂੰ ਅਪਨਾ ਲਵੋਗੇ।

ਤੁਹਾਡੀ ਸੁਰਜੀਤ

> ਭੁਪਿੰਦਰ, ਜਦੋਂ ਉਸ ਕੋਲੋਂ ਇਹ ਚੀਜ਼ਾਂ ਲੈਂਦਾ ਹੈ, ਤਾਂ ਉਹ ਖੁਸ਼ ਤਾਂ ਹੁੰਦਾ ਹੈ ਪਰ ਕੁਝ ਸ਼ਰਮਿੰਦਗੀ ਜਹੀ ਮਹਿਸੂਸ ਵੀ ਕਰਦਾ ਹੈ। ਜਿਵੇਂ ਉਸਦੀ ਗੁਰਬਤ ਖ਼ਰੀਦੀ ਜਾ ਰਹੀ ਹੋਵੇ। ਪਰ ਸੁਰਜੀਤ ਦੇ ਮੋਹ ਕਰਕੇ, ਉਸਦੀ ਖੁਸ਼ੀ ਕਰਕੇ ਉਹ ਸਭ ਕੁਝ ਸਵੀਕਾਰਦਾ ਹੈ। ਉਹ ਸੁਰਜੀਤ ਦੇ ਬੁਲੰਦੀਆਂ ਭਰੇ ਮੋਹ ਦੇ ਸ਼ੀਸ਼ੇ ਦੇ ਟੁਕੜੇ-ਟੁਕੜੇ ਵੀ ਨਹੀਂ ਕਰਨਾ ਚਾਹੁੰਦਾ। ਉਸਨੂੰ ਪਤਾ ਹੈ ਕਿ ਮੇਰੀ ਨਾਂਹ ਦੇ ਪੱਥਰ ਉਸਦੇ ਜਜ਼ਬਾਤ ਨੂੰ ਕਿਰਚੀਆਂ ਵਿਚ ਬਦਲ ਸਕਦੇ ਹਨ।

## ਸੋਚਾਂ ਦੀ ਡੁੱਬਕੀ

ਸੋਚਾਂ ਦੇ ਸਮੁੰਦਰਾਂ 'ਚ ਤਾਰੀਆਂ ਲਾਵਾਂ,
ਲੱਭਣ ਸੁੱਚੇ ਮੋਤੀ ਦਿਲੋਂ ਇਹੋ ਚਾਹਵਾਂ।
ਪਰ ਘੋਗੇ ਸਿੱਪੀਆਂ ਦੀ ਝੋਲੀ ਭਰਦੀ,
ਬਿਨ ਭਾਗਾਂ ਨਾ ਇਹ ਜਿੰਦੜੀ ਤਰਦੀ।

ਬੇਸ਼ੁਮਾਰ ਗੁਨਾਹਾਂ ਦੀ ਹੈ ਬੁੱਕਲ ਭਾਰੀ,
ਪੰਜ ਵੈਰੀਆਂ ਇਕੱਠਿਆਂ ਮੱਤ ਮਾਰੀ।
ਮੋਹ ਮਾਇਆ, ਲੋਭ ਲਬ ਰਲ ਹੰਕਾਰ,
ਭੁੱਲਿਆ ਸਾਰੇ ਜੱਗ ਨੂੰ ਹੈ ਨਿਰੰਕਾਰ।

ਹਉਮੈਂ ਦੀ ਚੱਕੀ ਦਿਨਰਾਤ ਹੈ ਚੱਲਦੀ,
ਦਇਆ ਹਮਦਰਦੀ ਨੂੰ ਰਹੇ ਦਲ਼ਦੀ।
ਜਵਾਨੀ ਲੁੱਟ ਲਈ ਇਸ਼ਕ ਮਿਜਾਜ਼ੀ,
ਰਹਿੰਦੀ ਜਿੱਤ ਲਈ ਨਸ਼ਿਆਂ ਬਾਜ਼ੀ।

ਚਾਰੇ ਪਾਸੇ ਬਿਮਾਰ ਦੁਖੀ ਕਰਾਹੁੰਦੇ,
ਲੋਕ ਖੜ੍ਹੇ ਬੱਸ ਸੈਲਫੀਆਂ ਲਾਹੁੰਦੇ।
ਉਂਝ ਦਿਲੋਂ ਨਹੀਂ ਕੋਈ ਲੈਂਦਾ ਸਾਰ,
ਚੁਫੇਰੇ ਹੈਂਕੜਬਾਜ਼ੀ ਦੀ ਹੈ ਭਰਮਾਰ।

ਧਰਮ ਤਾਂ ਰਹਿ ਗਿਆ ਬਣ ਕੇ ਧੰਦਾ,
ਇਨਸਾਨ ਤੋਂ ਬਣਿਆ ਹੈਵਾਨ ਬੰਦਾ।
ਹੋਵਣ ਮਾਸੂਮਾਂ ਦੇ ਨਿੱਤ ਬਲਾਤਕਾਰ,
ਜਾਪਦੀ ਹੈ ਪਰ ਸਰਕਾਰ ਲਾਚਾਰ।

ਇਖਲਾਕ ਵਾਲ਼ੇ ਕਿਰਦਾਰ ਮਰ ਰਹੇ,
ਬਦਤਮੀਜ਼ੀ ਲੋਕੀਂ ਨਿੱਤ ਜਰ ਰਹੇ।
ਸ਼ਾਇਦ ਵਿਚਾਰ ਹਨ ਮਰਦੇ ਜਾਂਦੇ,
ਗੁਲਾਮ ਸੋਚ ਨੂੰ ਹਨ ਕਰਦੇ ਜਾਂਦੇ।

ਉੱਜਲ ਭਵਿੱਖ ਦੀ ਨਾ ਦਿਸਦੀ ਆਸ,
ਜ਼ਿੰਦਗੀ ਜੀਣ ਦੀ ਬੁੱਝੀ ਹੈ ਪਿਆਸ।
ਅੰਧ ਵਿਸ਼ਵਾਸੀ ਦੇ ਬੱਦਲ ਘਨਘੋਰ,
ਚਾਨਣਾ ਨਾ ਕਿਧਰੇ ਮਾਰੇ ਲਿਸ਼ਕੋਰ।



ਸੇਵਾ ਸਿੰਘ "ਨੂਰਪੁਰੀ"

ਪੰਜਾਬ ਮੇਲ USA

## ਅੰਬਰ

ਜੀ ਕਰਦਾ ਅੰਬਰ ਨਾਲ ਸਾਂਝ ਪਾਵਾਂ।
ਇਸ ਧਰਤ 'ਤੇ ਹੁੰਦੇ ਕਾਂਢ ਗਿਣਾਵਾਂ।

ਚਿੱਟਾ ਲਹੂ ਇਥੇ ਹੁੰਦਾ ਜਾਂਦਾ।
ਪੈ ਗਏ ਪਾੜ ਹੁਣ ਵਿਚ ਭਰਾਵਾਂ।

ਚੌਧਰ ਵਿਚ ਗਏ ਵੰਡੇ ਸਾਰੇ।
ਦਸ ਕਿਸ ਨਾਲ ਮੈਂ ਦੁੱਖ ਵੰਡਾਵਾਂ।

ਰਾਜਨੀਤੀ ਹੈ ਹਰ ਪਾਸੇ ਭਾਰੂ।
ਦੱਸ ਮੈਂ ਕਿਹੜੇ ਪਾਸੇ ਜਾਵਾਂ।

ਖਿਲਰੇ ਪਏ ਨੇ ਟੱਬਰ ਬਹੁਤੇ।
ਨਰਮਾ ਨਹੀਂ ਕਿਸੇ ਕੋਲੋਂ ਚੁਗਾਵਾਂ।

ਕਰ ਕ੍ਰਿਪਾ ਜੇ ਹੋ ਸਕਦੀ ਹੈ।
ਦਿਨ-ਰਾਤ ਮੈਂ ਤੇਰਾ ਨਾਮ ਜਪਾਵਾਂ।

ਦੇਖ ਕੇ ਉਤੋਂ ਕਿਉਂ ਦੜ ਵਟਦਾ ਏਂ।
ਗਲਵਕੜੀ ਵਿਚ ਪੈ ਜਾਣ ਭਰਾਵਾਂ।

ਓ ਅੰਬਰਾ ਕਰ ਧਿਆਨ ਇਧਰ।
'ਗੁਰਜਤਿੰਦਰ' ਚਾਹੇ ਤੈਨੂੰ ਦੁੱਖ ਸੁਣਾਵਾਂ।

ਜੀ ਕਰਦਾ ਅੰਬਰ ਨਾਲ ਸਾਂਝ ਪਾਵਾਂ।
ਇਸ ਧਰਤ 'ਤੇ ਹੁੰਦੇ ਕਾਂਢ ਸੁਣਾਵਾਂ।



-ਗੁਰਜਤਿੰਦਰ ਸਿੰਘ ਰੰਧਾਵਾ,
ਸੈਕਰਾਮੈਂਟੋ
916-320-9444

ਪੰਜਾਬ ਮੇਲ USA

## ਜਦ ਮਾਂ ਹੁੰਦੀ ਸੀ

ਜੱਗ 'ਤੇ ਜਦ ਮਾਂ ਹੁੰਦੀ ਸੀ
ਦੁਆਵਾਂ ਦੀ ਸੰਘਣੀ ਛਾਂ ਹੁੰਦੀ ਸੀ
ਦੂਰ ਭਾਵੇਂ ਮੈਂ ਰਹਿੰਦਾ ਉਸ ਤੋਂ
ਮਾਂ ਦਿਲ ਵਿਚ ਥਾਂ ਹੁੰਦੀ ਸੀ

ਉਂਝ ਭਾਵੇਂ ਗੱਲ ਘੱਟ ਸੀ ਹੁੰਦੀ
ਜਨਮ ਦਿਨ 'ਤੇ ਫੋਨ ਸੀ ਆਉਂਦਾ
ਕੀ ਦੱਸਾਂ ਖੁਸ਼ੀ ਅਥਾਹ ਹੁੰਦੀ ਸੀ
ਜੱਗ 'ਤੇ ਜਦ ਮਾਂ ਹੁੰਦੀ ਸੀ

ਰੱਬ ਵੱਲੋਂ ਵੀ ਘਾਟ ਨਾ ਕੋਈ
ਛੱਡੀ ਮਾਂ ਨੇ ਤੋਟ ਨਾ ਕੋਈ
ਬਿਨਾ ਵਿਤਕਰੇ ਸਭ ਮਿਲਦਾ ਸੀ
ਜੱਗ 'ਤੇ ਜਦ ਮਾਂ ਹੁੰਦੀ ਸੀ

ਮੂਲ ਨਾਲੋਂ ਹੁੰਦਾ ਵਿਆਜ ਪਿਆਰਾ
ਮਾਂ ਸਮਝਾਇਆ, ਵਿਸ਼ਵਾਸ ਤਾਂ ਆਇਆ
ਪੋਤੇ ਦੇ ਕੰਮ ਨੂੰ ਹਾਂ ਹੁੰਦੀ ਸੀ
ਜੱਗ 'ਤੇ ਜਦ ਮਾਂ ਹੁੰਦੀ ਸੀ

ਸਦਾ ਮੂੰਹੋਂ ਨਿਕਲੇ ਬੋਲ ਪੁਗਾਏ
ਗੱਡੀ ਬਣਾਤੀ ਨਾਲੇ ਘਰ ਵੀ ਪਵਾਏ
ਧਾਲੀਵਾਲ ਦੇ ਸਦਾ ਪਿਛਾਂਹ ਹੁੰਦੀ ਸੀ
ਜੱਗ 'ਤੇ ਜਦ ਮਾਂ ਹੁੰਦੀ ਸੀ

ਜੱਗ 'ਤੇ ਜਦ ਮੇਰੀ ਮਾਂ ਹੁੰਦੀ ਸੀ
ਦੁਆਵਾਂ ਦੀ ਸੰਘਣੀ ਛਾਂ ਹੁੰਦੀ ਸੀ



-ਐਡਵੋਕੇਟ ਰਵਿੰਦਰ ਸਿੰਘ ਧਾਲੀਵਾਲ
ਪੰਜਾਬ ਹਰਿਆਣਾ ਹਾਈ ਕੋਰਟ ਚੰਡੀਗੜ੍ਹ
ਮੋ : 78374 90309
Adv.dhaliwal@gmail.com

ਪੰਜਾਬ ਮੇਲ USA

## ਤੂੰ ਜ਼ਰਾ ਦਿਲ ਨੂੰ ਸ਼ਾਂਤ ਕਰਕੇ ਤਾਂ ਵੇਖ...

ਚਾਹ ਦੀ ਚੁਸਕੀ ਭਰ ਕੇ ਤਾਂ ਵੇਖ
ਤੂੰ ਜ਼ਰਾ ਦਿਲ ਨੂੰ ਸ਼ਾਂਤ ਕਰਕੇ ਤਾਂ ਵੇਖ

ਫਿਰ ਆਵੇਗਾ ਇੱਕ ਅਨੋਖਾ ਨਜ਼ਾਰਾ
ਤੂੰ ਯਾਰ ਕਿਸੇ ਲਈ ਕਦੇ ਮਰ ਕੇ ਤਾਂ ਵੇਖ

ਸਭ ਕਹਿੰਦੇ ਉਹ ਪੱਥਰ ਜਿਹਾ ਹੈ,
ਮੈਂ ਕਿਹਾ ਤੂੰ ਪਹਿਲਾਂ ਸ਼ਬਦ ਕੋਮਲ ਪੜ੍ਹ ਕੇ ਤਾਂ ਵੇਖ

ਬੜਾ ਸੌਖਾ ਸੱਚ ਨੂੰ ਝੂਠ ਕਹਿ ਦੇਣਾ
ਇੱਕ ਵਾਰੀ ਤੂੰ ਸੱਚ ਲਈ ਖੜ੍ਹਕੇ ਤਾਂ ਵੇਖ

ਬੜਾ ਸੱਜਣਾਂ ਦਿਲ ਨੂੰ ਸਕੂਨ ਮਿਲਣਾ
ਤੂੰ ਇੱਕ ਵਾਰੀ ਦਿਲ ਨੂੰ ਯਾਰ ਦੇ ਕਦਮਾਂ ਵਿਚ ਧਰ ਕੇ ਤਾਂ ਵੇਖ

ਸਭ ਹੋ ਜਾਣੇ ਦੂਰ ਹਨੇਰੇ
ਤੂੰ ਇੱਕ ਵਾਰੀ ਆਪਣੇ ਲਈ ਲੜਕੇ ਤਾਂ ਵੇਖ

ਜਿੱਤ ਨਾ ਸਕੇ ਜਦ ਦਿਲ ਦੀ
ਤੂੰ ਬਾਜ਼ੀ ਸੱਜਣ ਆਪਣੇ ਲਈ ਹਰ ਕੇ ਤਾਂ ਵੇਖ

ਨੀਝਾਂ ਲਾਅ-ਲਾਅ ਤੱਕਣਾ ਤੈਨੂੰ ਫਿਰ ਇਨ੍ਹਾਂ ਚੰਦ ਸਿਤਾਰਿਆਂ ਨੇ
ਠੰਡੀ ਹਵਾ ਦੇ ਵਿਚ ਤੂੰ ਠੰਡੇ ਹੋਂਕੇ ਭਰ ਕੇ ਤਾਂ ਵੇਖ

ਮੰਜ਼ਿਲ ਲੱਭੇ ਨਾ ਲੱਭੇ ਇਸ ਹਨੇਰੀ ਰਾਤ ਦੇ ਵਿਚ
ਤੂੰ ਪਹਿਲੀ ਪੌੜੀ 'ਗੀਤ' ਜਿੱਤ ਦੀ ਚੜ੍ਹ ਕੇ ਤਾਂ ਵੇਖ
ਤੂੰ ਪਹਿਲੀ ਪੌੜੀ 'ਗੀਤ' ਜਿੱਤ ਦੀ ਚੜ੍ਹ ਕੇ ਤਾਂ ਵੇਖ



-ਪ੍ਰੋ. ਗੀਤਾ (ਗੁਰਲੀਨ) ਕੌਰ
ਬੋੜ੍ਹਾਵਾਲ ਕਾਲਜ, ਮਾਨਸਾ

ਪੰਜਾਬ ਮੇਲ USA

## ਛੇ ਪੋਹ-ਦਸੰਬਰ ਵੀਹ

ਛੇ ਪੋਹ ਚੜਿਆ ਤੇ, ਝੰਡਾ ਗੱਡਤਾ
ਗੁਰਾਂ ਨੇ ਅਨੰਦਪੁਰ, ਕਿਲਾ ਛੱਡਤਾ

ਚੰਦਰਾ ਔਰੰਗਾ ਸੀ, ਸ਼ੈਤਾਨ ਹੋ ਗਿਆ
ਸੌਹਾਂ ਖਾ ਕੇ ਪਾਪੀ, ਬੇਈਮਾਨ ਹੋ ਗਿਆ

ਗੁਰੂ ਜੀ ਤੇ ਧੋਖੇ ਨਾਲ, ਧਾਵਾ ਬੋਲਤਾ
ਵਾਹਦਿਆਂ ਨੂੰ ਝੱਟ, ਮਿੱਟੀ ਵਿੱਚ ਰੋਲਤਾ

ਭਾਈ ਜੈਤਾ ਖੜ ਗਿਆ, ਹਿੱਕ ਤਾਣ ਕੇ
ਉਦੈ ਸਿੰਘ ਡਟ ਗਿਆ ਮੂਹਰੇ ਆਣ ਕੇ

ਬੱਚਿਆਂ ਸਮੇਤ ਗੁਰੂ, ਅੱਗੇ ਵਧ ਗਏ
ਕੁਝ ਸਿੰਘ ਸੂਰਿਆਂ ਨੂੰ, ਪਿੱਛੇ ਛੱਡ ਗਏ

ਸਰਸਾ ਕਿਨਾਰੇ ਜਾ ਕੇ, ਡੇਰਾ ਲਾ ਲਿਆ
ਵੈਰੀਆਂ ਨੇ ਪਿੱਛੋਂ ਆ ਕੇ, ਘੇਰਾ ਪਾ ਲਿਆ

ਚੱਲ ਰਹੀ ਉੱਪਰੋਂ ਹਨੇਰੀ ਜ਼ੋਰ ਦੀ
ਪੋਹ ਵਾਲੀ ਠੰਢ ਸਿਗੀ ਹੱਡ ਤੋੜਦੀ

ਬੜਾ ਘਮਸਾਨ ਵਾਲਾ ਯੁੱਧ ਛਿੜਿਆ
ਸ਼ੇਰਾਂ ਵਾਂਗੂੰ ਖਾਲਸਾ ਸੀ, ਜਾ ਭਿੜਿਆ

ਚੰਦਰੀ ਹਾਲਾਤਾਂ ਸਾਰਾ ਕੁਝ, ਖੋਹ ਲਿਆ
ਸਾਰਾ ਪਰਿਵਾਰ ਖੇਰੂੰ-ਖੇਰੂੰ, ਹੋ ਗਿਆ

ਵਿਰਲਾ ਹੀ ਸਰਸਾ ਦੇ ਵਿਚੋਂ ਲੰਘਿਆ
ਤਿੰਨ ਥਾਹੀਂ ਗਿਆ ਪਰਿਵਾਰ ਵੰਡਿਆ

ਪੁੱਤ ਨੂੰ ਨਾ ਮਾਤਾ ਦਾ ਪਿਆਰ ਮਿਲਿਆ
ਮੁੜਕੇ ਨਾ ਫੇਰ ਪਰਿਵਾਰ ਮਿਲਿਆ

ਸਰਸਾ ਦਾ ਪਾਣੀ ਸਭ ਹੂੰਝ ਲੈ ਗਿਆ
ਗੁਰੂ ਤੇ ਪਹਾੜ ਜਿੱਡਾ, ਕਹਿਰ ਢਹਿ ਗਿਆ

ਜੋੜਦਾ ਇਹ ਛੰਦ ਗਮਗੀਨ ਹੋ ਗਿਆ
ਲਿਖਦਾ ਕਹਾਣੀ ਕੁਲਵੀਰ ਰੋ ਪਿਆ



-ਕੁਲਵੀਰ ਸਿੰਘ ਡਾਨਸੀਵਾਲ,
ਸਰ੍ਹੀ, ਬੀ.ਸੀ. ਕੈਨੇਡਾ
778-863-2472

## ਮੇਰੇ ਦਿਲ ਵਿਚ

ਰੋ ਨ੍ਹੀਂ ਸਕਦਾ, ਹੱਸ ਨ੍ਹੀਂ ਸਕਦਾ।
ਦਿਲ ਦਾ ਦੁੱਖ ਮੈਂ ਦੱਸ ਨ੍ਹੀਂ ਸਕਦਾ।
ਜੇ ਮੈਨੂੰ ਕੋਈ ਕਰਨਾ ਚਾਹਵੇ,
ਮੈਂ ਹੋ ਟੱਸ ਤੋਂ ਮੱਸ ਨ੍ਹੀਂ ਸਕਦਾ।
ਮੇਰੀ ਮਰਜ਼ੀ ਦੇ ਬਿਨ ਕੋਈ,
ਮੇਰੇ ਦਿਲ ਵਿਚ ਵੱਸ ਨ੍ਹੀਂ ਸਕਦਾ।
ਲਾਲਚ ਨਾ ਜੇ ਦੇਵੇ ਸ਼ਿਕਾਰੀ,
ਜਾਲ 'ਚ ਪੰਛੀ ਫਸ ਨ੍ਹੀ ਸਕਦਾ।
ਚੰਗਾ ਬੰਦਾ ਘਰ ਦੂਜੇ ਦੇ,
ਜਾ ਕੇ ਪਾ ਘੜਮੱਸ ਨ੍ਹੀਂ ਸਕਦਾ।
ਮਾੜੇ ਕੰਮ ਜੋ ਕਰੇ ਹਮੇਸ਼ਾ,
ਖੱਟ ਕਦੇ ਉਹ ਜੱਸ ਨ੍ਹੀਂ ਸਕਦਾ।
ਕਈ ਬੰਦੇ ਨੇ ਐਨੇ ਜ਼ਹਿਰੀ,
ਸੱਪ ਉਨ੍ਹਾਂ ਨੂੰ ਡੱਸ ਨ੍ਹੀਂ ਸਕਦਾ।
ਮੈਂ ਯਾਰਾਂ ਦੀਆਂ ਗੱਲਾਂ ਵਿਚੋਂ,
ਲੈ ਕਦੇ ਵੀ ਚੱਸ ਨ੍ਹੀਂ ਸਕਦਾ।
ਚੇਤੇ ਆਉਣੋਂ ਹੱਟ ਜੇ ਸੱਜਣ,
ਮੈਂ ਐਨਾ ਦਿਲ ਕੱਸ ਨ੍ਹੀਂ ਸਕਦਾ।



-ਜਸਪਾਲ ਸਿੰਘ ਨਾਗਰਾ 'ਮਹਿੰਦਪੁਰੀਆ',
ਯੂਬਾ ਸਿਟੀ, ਕੈਲਫਿਰਨੀਆ (ਅਮਰੀਕਾ)
ਫੋਨ : +1-360-448-1989

ਪੰਜਾਬ ਮੇਲ USA

PUNJAB MAIL USA
TV Channel, Newspaper, Radio

24 Hours
7 Days




All over America, Canada, Australia & Europe

- IP TV (24 Hours)
- App: Punjab Mail USA (24 Hours)
- Youtube : Punjab Mail USA
- Facebook Page : Punjab Mail USA
- Instagram : Punjab Mail USA
- Website: punjabmailusa.com
- E-mail: punjabmailtv@gmail.com

Gold # 2867, Gem # 375, TV Zon # 6888, Glow TV # 1828, Tashan # 131, Real TV etc.

For any Information & Advertisement Call at
+1-916-320-9444



FOR SALE & PURCHASE OF ANY KIND OF PROPERTY



RE/MAX
RE/MAX®
Outstanding Agents
Outstanding Results®
DRE Lic. # 01215931 (Broker)

Gurjatinder S. Randhawa
REALTOR CA DRE licence # 01490567
916-320-9444